ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 112| 28 Feb. to 5 March, 2024 | Ph.: (510) 240-5949 | Email: asrtimes@gmail.com

# ਭਾਰਤ ਤੋਂ ਇਲਾਵਾ ਦੁਨੀਆਂ ਦੇ ਕਈ ਹੋਰ ਦੇਸ਼ਾਂ ’ਚ ਵੀ ਕਿਉਂ ਨਾਰਾਜ਼ ਹਨ ਕਿਸਾਨ ?

## ਯੂਰਪ ’ਚ ਵੀ ਕਿਸਾਨਾਂ ਨੇ ਕੀਤਾ ਰੋਸ ਪ੍ਰਦਰਸ਼ਨ, ਸੁਹਿਰਦਤਾ ਨਾਲ ਪੇਸ਼ ਆਈਆਂ ਸਰਕਾਰਾਂ

### ਕਿਸਾਨਾਂ ਨੇ ਫਰਾਂਸ ਦੇ ਰਾਸ਼ਟਰਪਤੀ ਨੂੰ ‘ਘੇਰ ਕੇ’ ਆਪਣੇ ਮਸਲੇ ਰੱਖੇ






ਅੰਮ੍ਰਿਤਸਰ ਟਾਈਮਜ਼ ਬਿਊਰੋ

ਵਿਸ਼ਵ ਭਰ ਵਿੱਚ ਖੇਤੀਬਾੜੀ ਸੈਕਟਰ ਵਧ ਰਹੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਕਿਉਂਕਿ ਕਿਸਾਨਾਂ ਨੂੰ ਮਹਿੰਗਾਈ, ਵਿਦੇਸ਼ੀ ਮੁਕਾਬਲੇਬਾਜ਼ੀ ਅਤੇ ਵੱਧ ਰਹੀਆਂ ਵਾਤਾਵਰਣ ਸੁਰੱਖਿਆ ਲਾਗਤਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਿਤੀ ਹੌਲੀ-ਹੌਲੀ ਆਪਣੇ ਸਿਖਰ ’ਤੇ ਪਹੁੰਚ ਰਹੀ ਹੈ। ਭਾਰਤ ਵਾਂਗ ਹੀ ਯੂਰਪ ਦੇ 11 ਦੇਸ਼ਾਂ ਵਿੱਚ ਬੈਲਜੀਅਮ, ਬੁਲਗਾਰੀਆ, ਸਪੇਨ, ਗ੍ਰੀਸ, ਫਰਾਂਸ, ਇਟਲੀ, ਜਰਮਨੀ , ਪੋਲੈਂਡ, ਬੈਲਜੀਅਮ, ਨੀਦਰਲੈਂਡ ਆਦਿ ਵਿੱਚ ਵੀ ਕਿਸਾਨਾਂ ਵਲੋਂ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਹਾਲਾਂਕਿ ਇਨ੍ਹਾਂ ਦੇਸ਼ਾਂ ਦੇ ਮੁਕਾਬਲੇ ਭਾਰਤੀ ਕਿਸਾਨਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ। ਇੱਥੇ ਉਸ ਨੂੰ ਆਪਣੀ ਫ਼ਸਲ ਦਾ ਵਾਜਬ ਮੁੱਲ ਲੈਣ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਭਾਰਤ ਦੇ ਕਿਸਾਨਾਂ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਗੋਲੀਆਂ, ਡਾਂਗਾਂ ਵੀ ਖਾਣੀਆਂ ਪੈਂਦੀਆਂ ਹਨ। ਯੂਰਪ ਦੀਆਂ ਸਰਕਾਰਾਂ ਕਿਸਾਨਾਂ ਨਾਲ ਠਰੰਮੇ ਨਾਲ ਗੱਲਬਾਤ ਕਰਕੇ ਮਸਲਾ ਨਿਬੇੜਨਾ ਚਾਹੁੰਦੀਆਂ ਹਨ ,ਪਰ ਭਾਰਤ ਸਰਕਾਰ ਕਿਸਾਨੀ ਸੰਘਰਸ਼ ਨੂੰ ਸਟੇਟ ਦੇ ਡੰਡੇ ਨਾਲ ਕੁਚਲਣਾ ਚਾਹੁੰਦੀ ਹੈ। ਭਾਰਤੀ ਅਰਥਵਿਵਸਥਾ ਵਿੱਚ ਖੇਤੀਬਾੜੀ ਦੀ ਅਹਿਮ ਭੂਮਿਕਾ ਹੈ ਪਰ ਮੌਜੂਦਾ ਸਮੇਂ ਵਿੱਚ ਖੇਤੀ ਭਾਰਤ ਸਰਕਾਰ ਦੀ ਤਰਜੀਹ ਨਹੀਂ ਹੈ।



ਵਿਸ਼ਵ ਪੱਧਰ ’ਤੇ, ਕਿਸਾਨ ਆਪਣੀਆਂ ਆਪਣੀਆਂ ਸਰਕਾਰਾਂ ਤੋਂ ਫਸਲਾਂ ਦੀਆਂ ਬਿਹਤਰ ਕੀਮਤਾਂ, ਬਿਹਤਰ ਕੰਮ ਕਰਨ ਦੀਆਂ ਸਥਿਤੀਆਂ ਅਤੇ ਅਧਿਕ ਸਮਰਥਨ ਮੁੱਲ ਦੀ ਮੰਗ ਕਰ ਰਹੇ ਹਨ। ਯੂਰਪੀਅਨ ਸੰਸਦ ਦੀ ਖੇਤੀਬਾੜੀ ਕਮੇਟੀ ਨੇ ਯੂਰਪੀਅਨ ਕਿਸਾਨਾਂ ਦੇ ਸਾਹਮਣੇ ਆਉਣ ਵਾਲੀਆਂ ਦਰਪੇਸ਼ ਚੁਣੌਤੀਆਂ ਨੂੰ ਸਵੀਕਾਰ ਕੀਤਾ ਹੈ, ਜਿਸ ਵਿੱਚ ਆਰਥਿਕ ਚਿੰਤਾਵਾਂ, ਨੌਕਰਸ਼ਾਹੀ ਰੁਕਾਵਟਾਂ ਅਤੇ ਕੋਵਿਡ -19 ਮਹਾਂਮਾਰੀ ਅਤੇ ਯੂਕਰੇਨ ਵਿੱਚ ਯੁੱਧ ਵਰਗੇ ਸੰਕਟਾਂ ਦੇ ਪ੍ਰਭਾਵ ਸ਼ਾਮਲ ਹਨ।

ਖੇਤੀ ਖੇਤਰ ਵਿੱਚ ਵਧ ਰਹੀ ਬੇਚੈਨੀ ਦੇ ਸਿਆਸੀ ਪਹਿਲੂ ਵੀ ਹਨ। ਭਾਰਤ ਵਰਗੀ ਸਥਿਤੀ ਹੋਰ ਥਾਵਾਂ ’ਤੇ ਵੀ ਇਹੋ ਸਥਿਤੀ ਹੈ। ਕਈ ਦੇਸ਼ਾਂ ਵਿੱਚ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਲੋਕ-ਲੁਭਾਊ ਨਾਅਰਿਆਂ ਨਾਲ ਨਾਲ ਕਿਸਾਨਾਂ ਦੇ ਮਸਲਿਆਂ ਨਾਲ ਜੁੜ ਗਏ ਹਨ। ਯੂਰਪੀਅਨ ਸੰਘ ਦੀ ਗ੍ਰੀਨ ਡੀਲ ਅਤੇ ਖੇਤੀਬਾੜੀ ਨੀਤੀਆਂ ਬਾਰੇ ਕਿਸਾਨਾਂ ਵਲੋਂ ਚਿੰਤਾਵਾਂ ਪ੍ਰਗਟਾਈਆਂ ਗਈਆਂ ਹਨ,ਜਿਸ ਕਾਰਨ ਮੁੱਦੇ ਹੋਰ ਗੁੰਝਲਦਾਰ ਹੋ ਗਏ ਹਨ। ਐਂਟਵਰਪ, ਸੋਫੀਆ ਅਤੇ ਏਥਨਜ਼ ਵਿੱਚ ਪ੍ਰਦਰਸ਼ਨਾਂ ਦੌਰਾਨ ਕਿਸਾਨਾਂ ਨੇ ਸਰਕਾਰੀ ਅਧਿਕਾਰੀਆਂ ਦੇ ਅਸਤੀਫੇ ਦੇ ਨਾਲ-ਨਾਲ ਬਿਹਤਰ ਕੀਮਤਾਂ ਅਤੇ ਕੰਮ ਕਰਨ ਦੀਆਂ ਬੇਹਤਰ ਸਥਿਤੀਆਂ ਦੀ ਮੰਗ ਕੀਤੀ ਹੈ। ਯੂਰਪੀਅਨ ਕਮਿਸ਼ਨ ਅਤੇ ਰਾਸ਼ਟਰੀ ਸਰਕਾਰਾਂ ਨੇ ਕਿਸਾਨਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਰਿਆਇਤਾਂ ਦਿੱਤੀਆਂ ਹਨ, ਪਰ ਸਥਿਤੀ ਅਨਿਸ਼ਚਿਤ ਬਣੀ ਹੋਈ ਹੈ।

ਖੇਤੀ ਸੈਕਟਰ ਵਿੱਚ ਵਧ ਰਹੀ ਬੇਚੈਨੀ ਇੱਕ ਗੁੰਝਲਦਾਰ ਮੁੱਦਾ ਹੈ ਜਿਸ ਵੱਲ ਸਰਕਾਰਾਂ, ਨੀਤੀ ਨਿਰਮਾਤਾਵਾਂ ਅਤੇ ਸਟੇਕ ਹੋਲਡਰਜ਼ ਨੂੰ ਤੁਰੰਤ ਧਿਆਨ ਦੇਣ ਅਤੇ ਕਾਰਵਾਈ ਕਰਨ ਦੀ ਲੋੜ ਹੈ। ਮਿਲ ਕੇ ਕੰਮ ਕਰਨ ਨਾਲ, ਸਮੁੱਚੇ ਤੌਰ ’ਤੇ ਕਿਸਾਨਾਂ ਅਤੇ ਸਮਾਜ ਦੇ ਫਾਇਦੇ ਲਈ ਇੱਕ ਟਿਕਾਊ ਅਤੇ ਬਰਾਬਰੀ ਵਾਲਾ ਹੱਲ ਲੱਭਿਆ ਜਾ ਸਕਦਾ ਹੈ।

#### ਫਰਾਂਸ ਵਿੱਚ ਕੀ ਹੋ ਰਿਹਾ ਹੈ

ਫਰਾਂਸ ਦੇ ਕਿਸਾਨਾਂ ਨੇ ਰਾਜਧਾਨੀ ਪੈਰਿਸ ਵਿੱਚ ਹਾਈਵੇਅ ਜਾਮ ਕਰ ਦਿੱਤੇ, ਜਦਕਿ ਜਰਮਨ ਕਿਸਾਨਾਂ ਨੇ ਦੇਸ਼ ਦੀ ਰਾਜਧਾਨੀ ਬਰਲਿਨ ਸਮੇਤ ਕਈ ਸ਼ਹਿਰਾਂ ’ਚ ਹਾਈਵੇਅ ਜਾਮ ਕਰ ਦਿੱਤੇ। ਇਨ੍ਹਾਂ ਦੇਸ਼ਾਂ ਵਿੱਚ ਕਿਸਾਨ ਪ੍ਰਦਰਸ਼ਨਾਂ ਪ੍ਰਤੀ ਸਰਕਾਰ ਅਤੇ ਪ੍ਰਸ਼ਾਸਨ ਦੇ ਵਤੀਰੇ ਵਿੱਚ ਭਾਰਤ ਨਾਲੋਂ ਬਹੁਤ ਅੰਤਰ ਹੈ।

ਫਰਾਂਸ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਯੂਰਪੀ ਸੰਘ ਦਾ ਸਭ ਤੋਂ ਵੱਡਾ ਖੇਤੀ ਉਤਪਾਦਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਲੋੜੀਂਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ ਹੈ। ਵਧਦੀ ਮਹਿੰਗਾਈ ਦਰਮਿਆਨ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਦੇ ਮੁੱਲ ਉਨ੍ਹਾਂ ਦੇ ਵਿਰੋਧ ਦੇ ਕੇਂਦਰ ਵਿੱਚ ਹਨ। ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਲਾਤੀਨੀ ਅਮਰੀਕੀ ਦੇਸ਼ਾਂ ਦੇ ਨਾਲ ਹਾਲ ਹੀ ਵਿੱਚ ਯੂਰਪੀਅਨ ਯੂਨੀਅਨ ਦੀ ਵਪਾਰਕ ਗੱਲਬਾਤ ਦਾ ਵਿਰੋਧ ਕਰ ਰਹੇ ਹਨ। ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਵੱਧ ਤੋਂ ਵੱਧ ਵਾਤਾਵਰਨ ਸੁਰੱਖਿਆ ਨਿਯਮਾਂ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਨੁਕਸਾਨ ਹੋ ਰਿਹਾ ਹੈ।

ਸ਼ਨੀਵਾਰ ਨੂੰ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਸ਼ੁਰੂ ਹੋਏ ਖੇਤੀ ਵਪਾਰ ਮੇਲੇ ਮੌਕੇ ਪੁੱਜੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਦਾ ਸਵਾਗਤ ਕਿਸਾਨਾਂ ਦੇ ਰੋਹ ਨੇ ਕੀਤਾ। ਕਿਸਾਨਾਂ ਨੇ ਰਾਸ਼ਟਰਪਤੀ ਨੂੰ ਘੇਰ ਲਿਆ ਅਤੇ ਉਨ੍ਹਾਂ ਨੇ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ।

ਰਾਸ਼ਟਰਪਤੀ ਨੇ ਕਿਹਾ, ਮੈਂ ਸਮਝਦਾ ਹਾਂ ਕਿ ਕਿਸਾਨੀ ਮੁੱਦੇ ਅਹਿਮ ਹਨ ਅਤੇ ਮੈਂ ਇਹ ਕਹਿ ਰਿਹਾ ਹਾਂ ਕਿਉਂਕਿ ਸਾਨੂੰ ਦੋਵਾਂ ਨੂੰ ਨਿਮਰ ਅਤੇ ਲਚਕੀਲੇ ਹੋਣਾ ਚਾਹੀਦਾ ਹੈ। ਖੇਤੀਬਾੜੀ ਸੰਕਟ ਦਾ ਹੱਲ ਅਸੀਂ ਕੁਝ ਘੰਟਿਆਂ ਵਿੱਚ ਨਹੀਂ ਕਰ ਸਕਦੇ। ਇਹ ਅੱਜ ਇਸ ਮੇਲੇ ਉੱਪਰ ਹੱਲ ਨਹੀਂ ਹੋਵੇਗਾ।

ਜਦੋਂ ਕਿਸਾਨਾਂ ਨੇ ਮੇਲੇ ਵਿੱਚ ਹੋ-ਹੱਲਾ ਕਰਨਾ ਸ਼ੁਰੂ ਕੀਤਾ ਤਾਂ ਪੈਰਿਸ ਦੀ ਪੁਲਿਸ ਨੂੰ ਉਨ੍ਹਾਂ ਉੱਤੇ ਕਾਬੂ ਪਾਉਣਾ ਪਿਆ। ਨਵੇਂ ਪ੍ਰਧਾਨ ਮੰਤਰੀ ਨੂੰ ਚੁਣੌਤੀ ਦੇਣ ਲਈ ਕਿਸਾਨਾਂ ਨੇ ਬੀਤੇ ਸ਼ੁੱਕਰਵਾਰ ਨੂੰ ਫਰਾਂਸ ਵਿੱਚ ਕਈ ਮੋਟਰਵੇਅ ਜਾਮ ਕਰ ਦਿੱਤੇ। ਕਿਸਾਨਾਂ ਨੇ ਮੋਟਰਵੇਅ ਦੇ ਵੱਡੇ ਹਿੱਸੇ ਨੂੰ ਬੰਦ ਕਰਕੇ ਨਵੇਂ ਪ੍ਰਧਾਨ ਮੰਤਰੀ ਗੈਬਰੀਅਲ ਅਟਲ ਲਈ ਇੱਕ ਸੰਕਟ ਖੜ੍ਹਾ ਕਰ ਦਿੱਤਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਨੇ ਕਿਸਾਨਾਂ ਦਾ ਗੁੱਸਾ ਸ਼ਾਂਤ ਕਰਨ ਲਈ ਦੱਖਣ-ਪੱਛਮ ਵਿੱਚ ਇੱਕ ਫਾਰਮ ਦਾ ਦੌਰਾ ਕੀਤਾ ਅਤੇ ਕਿਸਾਨਾਂ ਨੂੰ ਸਰਕਾਰ ਦੇ ਕਦਮਾਂ ਤੋਂ ਜਾਣੂ ਕਰਵਾਇਆ।

#### ਕੱਟੜਪੰਥੀ ਨਹੀਂ ਹਨ ਕਿਸਾਨ

ਫਰਾਂਸ ਦੀ ਨੈਸ਼ਨਲ ਰੈਲੀ ਪਾਰਟੀ ਦੇ ਆਗੂ ਜੌਰਡਨ ਬਾਰਡੇਲਾ ਨੂੰ ਪ੍ਰਦਰਸ਼ਨਕਾਰੀਆਂ ਵਿਚਕਾਰ ਦੇਖਿਆ ਗਿਆ ਹੈ। ਇਸ ਤੋਂ ਇਲਾਵਾ ਜਰਮਨੀ ਵਿੱਚ ਸੱਜੇ ਪੱਖੀ ਅਲਟਰਨੇਟਿਵ ਫਾਰ ਜਰਮਨੀ (ਏ.ਐੱਫ.ਡੀ.) ਨੇ ਵੀ ਕਿਸਾਨਾਂ ਦੇ ਦੇ ਮੁੱਦਿਆਂ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਹਾਲਾਂਕਿ ਵਰਨੇਟ ਨੇ ਇਨ੍ਹਾਂ ਕੋਸ਼ਿਸ਼ਾਂ ਦਾ ਮੂੰਹ ਮੋੜ ਦਿੱਤਾ, ‘ਕਿਸਾਨ ਕੱਟੜਪੰਥੀ ਨਹੀਂ ਹਨ। ਅਸਲ ਵਿੱਚ, ਯੂਰਪ ਵਿੱਚ ਕਿਸਾਨ ਪਹਿਲਾ ਯੂਰਪੀਅਨ ਹਨ, ਕਿਉਂਕਿ ਉਹ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਯੂਰਪ ਉਨ੍ਹਾਂ ਲਈ ਕਿੰਨਾ ਮਹੱਤਵਪੂਰਨ ਹੈ।’

ਯੂਰਪ ਵਿੱਚ ਚੋਣਾਂ ਨੇੜੇ ਹੋਣ ਦੇ ਨਾਲ, ਫਰਾਂਸ ਦੇ ਨਵੇਂ ਪ੍ਰਧਾਨ ਮੰਤਰੀ ਗੈਬਰੀਅਲ ਅਟਲ ਆਪਣੇ ਕਾਰਜਕਾਲ ਦੇ ਪਹਿਲੇ ਸਿਆਸੀ ਸੰਕਟ ਨੂੰ ਖਤਮ ਕਰਨ ਲਈ ਉਤਾਵਲੇ ਹਨ।

#### ਕੀ ਹੋ ਰਿਹਾ ਹੈ ਪੋਲੈਂਡ ਵਿੱਚ

ਪੋਲਿਸ਼ ਕਿਸਾਨ ਗੁਆਂਢੀ ਦੇਸ਼ ਯੂਕਰੇਨ ਤੋਂ ਅਨਾਜ ਦੀ ਆਮਦ ਦਾ ਵਿਰੋਧ ਕਰ ਰਹੇ ਹਨ, ਜਿਸ ਕਾਰਨ ਸਰਕਾਰ ਨੇ ਗੱਲਬਾਤ ਕਰਨ ਲਈ ਪ੍ਰੇਰਿਆ ਹੈ। ਰੂਸ ਨੇ 2022 ਵਿੱਚ ਆਪਣੀ ਫੌਜੀ ਮੁਹਿੰਮ ਸ਼ੁਰੂ ਕਰਨ ਤੋਂ ਬਾਅਦ ਯੂਕਰੇਨ ਤੋਂ ਯੂਰਪੀ ਸੰਘ ਵਿੱਚ ਅਯਾਤ ਡਿਊਟੀ ਮੁਕਤ ਕਰ ਦਿੱਤਾ



ਗਿਆ ਸੀ। ਯੂਰਪੀਅਨ ਸੰਘ ਦੇ ਕਿਸਾਨ ਯੂਕਰੇਨ ਨੂੰ ਢਿੱਲ ਦੇਣ ਅਤੇ ਕੀਮਤਾਂ ਉਪਰ ਦਬਾਅ ਪਾਉਣ ਲਈ ਨਾਰਾਜ਼ ਹਨ।

ਕਿਸਾਨਾਂ ਦਾ ਕਹਿਣਾ ਹੈ ਕਿ 27 ਦੇਸ਼ਾਂ ਦੀਆਂ ਯੂਰਪੀ ਯੂਨੀਅਨ ਦੀਆਂ ਨੀਤੀਆਂ ਉਨ੍ਹਾਂ ਦੇ ਉਤਪਾਦਾਂ ਨੂੰ ਗੈਰ-ਯੂਰਪੀਅਨ ਸੰਘ ਦੇ ਅਯਾਤ ਨਾਲੋਂ ਮਹਿੰਗੀਆਂ ਬਣਾਉਂਦੀਆਂ ਹਨ ਅਤੇ ਉਹ ਇਟਲੀ, ਸਪੇਨ, ਸਵਿਟਜ਼ਰਲੈਂਡ, ਰੋਮਾਨੀਆ ਅਤੇ ਹੋਰ ਦੇਸ਼ਾਂ ਵਿੱਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਯੂਰਪੀਅਨ ਯੂਨੀਅਨ ਦੀ ਕਾਰਜਕਾਰੀ ਸ਼ਾਖਾ ਨੇ ਵਿਰੋਧ ਪ੍ਰਦਰਸ਼ਨਾਂ ਕਾਰਨ ਕਈ ਰਾਜਧਾਨੀਆਂ ਨੂੰ ਬੰਦ ਕਰਨ ਤੋਂ ਬਾਅਦ ਪਿਛਲੇ ਹਫ਼ਤੇ ਕੀਟਨਾਸ਼ਕ ਵਿਰੋਧੀ ਮਤੇ ਨੂੰ ਰੱਦ ਕਰ ਦਿੱਤਾ ਸੀ।

#### ਜਰਮਨੀ ਵਿੱਚ ਸਥਿਤੀ

ਜਰਮਨੀ ਵਿੱਚ ਕਿਸਾਨਾਂ ਦੀ ਨਾਰਾਜ਼ਗੀ ਨੂੰ ਦੇਖਦਿਆਂ ਸਰਕਾਰ ਨੇ ਗੱਲਬਾਤ ਕਰਨ ਦਾ ਇਰਾਦਾ ਦਿਖਾਇਆ। ਕਿਸਾਨਾਂ ਦੇ ਪ੍ਰਦਰਸ਼ਨ ਵਿੱਚ ਗੱਲਬਾਤ ਕਰਨ ਗਏ ਖੇਤੀ ਮੰਤਰੀ ਕੈਮ ਓਜ਼ਡੇਮੀਰ ਨੇ ਉਨ੍ਹਾਂ ਭਰੋਸਾ ਦਿਵਾਇਆ ਕਿ ਜੋ ਵੀ ਉਨ੍ਹਾਂ ਦੇ ਵਸ ਵਿੱਚ ਹੈ, ਉਹ ਕਿਸਾਨਾਂ ਲਈ ਕਰਨਗੇ। ਸਰਕਾਰ ਸਪੱਸ਼ਟ ਕਰ ਰਹੀ ਹੈ ਕਿ ਉਹ ਆਪਣੇ ਫੈਸਲਿਆਂ ’ਤੇ ਅੜੀਅਲ ਨਹੀਂ ਹੈ।

ਜਰਮਨੀ ਵਿੱਚ ਵੀ ਇਹ ਖਦਸ਼ਾ ਸੀ ਕਿ ਕਿਸਾਨ ਅੰਦੋਲਨ ਦੇ ਬਹਾਨੇ ਸੱਜੇ-ਪੱਖੀ ਤੱਤ ਆਪਣਾ ਏਜੰਡੇ ਚਲਾ ਸਕਦੇ ਹਨ। ਥੁਰਿੰਜੀਆ ਰਾਜ ਵਿੱਚ ‘ਸੰਵਿਧਾਨ ਦੀ ਸੁਰੱਖਿਆ ਲਈ ਦਫਤਰ’ ਦੇ ਮੁਖੀ ਸਟੀਫਨ ਕ੍ਰੈਮਰ ਨੇ ਖਦਸ਼ਾ ਪ੍ਰਗਟਾਇਆ ਕਿ ਸੱਜੇ-ਪੱਖੀ ਕੱਟੜਪੰਥੀ ਕਿਸਾਨਾਂ ਦੇ ਪ੍ਰਦਰਸ਼ਨਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਪਰ ਇਨ੍ਹਾਂ ਖਦਸ਼ਿਆਂ ਦੇ ਆਧਾਰ ’ਤੇ ਪ੍ਰਦਰਸ਼ਨਾਂ ਨੂੰ ਰੱਦ ਕਰਨ ਜਾਂ ਹੋਣ ਤੋਂ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਜਰਮਨ ਦੇ ਕਿਸਾਨਾਂ ਨੇ ਆਪਣੇ ਦੇਸ਼ ਵਿੱਚ ਡੀਜ਼ਲ ਬਾਲਣ ਲਈ ਸਬਸਿਡੀਆਂ ਵਿੱਚ ਕਟੌਤੀ ਦੇ ਵਿਰੁੱਧ ਰੈਲੀ ਕੀਤੀ ਸੀ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸਬਸਿਡੀ ਵਿੱਚ ਕਟੌਤੀ ਕਾਰਣ ਉਹ ਦੀਵਾਲੀਆ ਹੋ ਜਾਣਗੇ ਕਿਉਂਕਿ ਉਨ੍ਹਾਂ ਨੂੰ ਜੋ ਬਚਤ ਹੁੰਦੀ ਸੀ, ਉਹ ਹੁਣ ਡੀਜ਼ਲ ਖਰੀਦਣ ’ਤੇ ਖਰਚ ਹੋ ਜਾਵੇਗੀ। ਉਨ੍ਹਾਂ ਕੋਲ ਫਿਰ ਕੀ ਬਚਿਆ ਹੋਵੇਗਾ ?

(ਬਾਕੀ ਸਫ਼ਾ 30 ’ਤੇ)



# ਕਿਉਂ ਅਟਕੀ ਸਰਕਾਰ ਅਤੇ ਕਿਸਾਨਾਂ ਵਿਚਾਲੇ ਗੱਲਬਾਤ ?

# ਲਾਲ ਕਿਲ੍ਹੇ 'ਤੇ ਝੰਡੇ ਝੁਲਾਉਣ ਦੇ ਕੇਸ ਰੱਦ ਕਰਨ ਤੋਂ ਸਰਕਾਰ ਕਿਉਂ ਇਨਕਾਰੀ ?

## ਲਾਲ ਕਿਲ੍ਹੇ ਵਾਲਾ ਕੇਸ ਗੰਭੀਰ ਅਪਰਾਧ ਦੀ ਸ਼੍ਰੇਣੀ ਵਿੱਚ ਹੈ ਸ਼ਾਮਲ : ਪਿਊਸ਼ ਗੋਇਲ

ਪਟਿਆਲਾ/ਏ.ਟੀ.ਨਿਊਜ਼ :- ਕਿਸਾਨ ਜਥੇਬੰਦੀਆਂ ਅਤੇ ਸਰਕਾਰ ਦੀਆਂ ਹੁਣ ਤੱਕ ਚਾਰ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਗੱਲ ਕੋਈ ਵੀ ਨੇਪਰੇ ਚੜਦੀ ਨਜ਼ਰ ਨਹੀਂ ਆਈ, ਆਖਰ ਇਹ ਗੱਲ ਅਟਕੀ ਕਿਉਂ ਹੈ ? ਕਿਉਂਕਿ ਸਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਸਰਕਾਰ ਦੇ ਕੇਂਦਰੀ ਮੰਤਰੀਆਂ ਤੇ ਕਿਸਾਨ ਜਥੇਬੰਦੀਆਂ ਵਿਚਕਾਰ ਜਦੋਂ ਮੀਟਿੰਗ ਹੋਈ ਸੀ, ਜਿਸ ਦੇ ਵਿੱਚ ਭਗਵੰਤ ਮਾਨ ਵੀ ਮੌਜੂਦ ਸਨ, ਐਮ.ਐਸ.ਪੀ. ਦੇ ਮਸਲੇ 'ਤੇ ਕੁਝ ਫ਼ਸਲਾਂ ਦੇ ਉੱਤੇ ਸਹਿਮਤੀ ਬਣਦੀ ਨਜ਼ਰ ਆਈ ਸੀ। ਲਖੀਮਪੁਰ ਖੀਰੀ ਵਾਲੇ ਕੇਸ ਵਿੱਚ ਹਾਂ ਪੱਖੀ ਹੁੰਗਾਰਾ ਸਰਕਾਰ ਵੱਲੋਂ ਮਿਲਿਆ ਸੀ।23 ਫ਼ਸਲਾਂ ਦੇ ਉੱਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਾ ਮਤਲਬ ਸਰਕਾਰ ਲਈ ਹੀ ਨਹੀਂ, ਸਗੋਂ ਪ੍ਰਾਈਵੇਟ ਸੈਕਟਰ ਲਈ ਵੀ ਹੈ ਪਰ ਹੁਣ ਇਕ ਗੱਲ ਨਿਕਲ ਕੇ ਸਾਹਮਣੇ ਆਈ ਹੈ ਜਿਹੜੀ ਕਿ ਪਹਿਲਾਂ ਕਦੇ ਵੀ ਜ਼ਿਕਰ ਜਾਂ ਖ਼ਬਰਾਂ ਦਾ ਹਿੱਸਾ ਨਹੀਂ ਬਣੀ, ਉਹ ਹੈ ਲਾਲ ਕਿਲੇ 'ਤੇ ਝੰਡਾ ਝੁਲਾਉਣ ਵਾਲੀ ਐਫ.ਆਈ.ਆਰ ਰੱਦ ਕਰਨ ਦੀ। ਤੁਹਾਨੂੰ ਯਾਦ ਹੋਣੈ ਕਿ 26 ਜਨਵਰੀ 2021 ਨੂੰ ਟ੍ਰੈਕਟਰ ਪਰੇਡ ਦੌਰਾਨ ਲਾਲ ਕਿਲੇ 'ਤੇ ਕਿਸਾਨਾਂ ਦੁਆਰਾ ਝੰਡਾ ਲਹਿਰਾਇਆ ਗਿਆ ਸੀ ਤਾਂ ਬਹੁਤ ਸਾਰੇ ਲੋਕਾਂ ਦੇ ਉੱਤੇ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ। ਉਸ ਸਮੇਂ ਪਹਿਲਾਂ 25 ਐਫ.ਆਈ.ਆਰ. ਦਰਜ ਹੋਈਆਂ ਸਨ ਤੇ ਜਾਂਚ ਚੱਲੀ ਤਾਂ ਇਹਨਾਂ ਦੀ ਗਿਣਤੀ 54 ਹੋ ਗਈ। ਸਾਢੇ ਚਾਰ ਘੰਟੇ ਦੇ ਕਰੀਬ ਮੀਟਿੰਗਾਂ ਚੱਲੀਆਂ, ਪਰ ਸਰਕਾਰ ਵੱਲੋਂ ਕਿਹਾ ਗਿਆ ਕਿ ਅਸੀਂ ਹੋਰ ਸਾਰੇ ਕੇਸ ਰੱਦ ਕਰ ਦੇਵਾਂਗੇ ਪਰ ਲਾਲ ਕਿਲੇ 'ਤੇ ਝੰਡਾ ਝੁਲਾਉਣ ਵਾਲੇ ਕੇਸ ਰੱਦ ਨਹੀਂ ਕਰਾਂਗੇ। ਜਦੋਂ ਕਿਸਾਨਾਂ ਨੇ ਇਸਦਾ ਕਾਰਨ ਪੁੱਛਿਆ ਤਾਂ ਸਰਕਾਰ ਨੇ ਕਿਹਾ ਕਿ ਇਹ ਕੇਸ ਮਾਫ਼ੀ ਦੇ ਲਾਇਕ ਨਹੀਂ ਹੈ। ਪਿਊਸ਼ ਗੋਇਲ ਨੇ ਤਾਂ ਇਸ ਨੂੰ ਕ੍ਰਾਈਮ ਤੱਕ ਕਹਿ ਦਿੱਤਾ। ਤੁਹਾਨੂੰ ਯਾਦ ਹੋਣੈ, ਜਿਹੜੇ ਕਿਸਾਨ ਅੰਦੋਲਨ-2 ਸੰਘਰਸ਼ ਕਮੇਟੀ ਦੇ ਆਗੂ ਨੇ, ਇਹਨਾਂ ਦਾ ਵੀ ਲਾਲ ਕਿਲੇ ਵਾਲੀ ਘਟਨਾਂ ਵਿੱਚ ਨਾਮ ਆਉਂਦਾ ਹੈ। ਭਾਵੇਂ ਕਿ ਕਿਸਾਨ ਆਗੂਆਂ ਨੇ ਇਸ ਤੋਂ ਇਨਕਾਰ ਕੀਤਾ ਹੈ।

ਜਦੋਂ ਇਹ ਦੂਜਾ ਕਿਸਾਨੀ ਧਰਨਾ ਸ਼ੁਰੂ ਹੋਇਆ ਸੀ ਤਾਂ ਉਸ ਸਮੇਂ ਅਸਲ ਮੰਗ ਐਮ.ਐਸ.ਪੀ. ਦੀ ਸੀ, ਕਰਜ਼ਾ ਮਾਫ਼ੀ ਦੀ ਸੀ, ਲਖੀਮਪੁਰ ਖੀਰੀ ਦੀ ਸੀ, ਖਰਾਬ ਹੋਈਆਂ ਫ਼ਸਲਾਂ ਦੇ ਮੁਆਵਜ਼ੇ ਦੀ ਸੀ, ਮਨਰੇਗਾ ਮਜ਼ਦੂਰਾਂ ਦੇ ਲਈ ਸੀ ਆਦਿ। ਪਰ ਸਰਕਾਰ ਦੇ ਮੰਤਰੀਆਂ ਨੇ ਹਮੇਸ਼ਾ ਹੀ ਇਹ ਗੱਲ ਕਹੀ ਕਿ ਹਰ ਮੀਟਿੰਗ ਵਿੱਚ ਕਿਸਾਨਾਂ ਵੱਲੋਂ ਨਵੀਆਂ ਗੱਲਾਂ ਨਿੱਕਲ ਕੇ ਸਾਹਮਣੇ ਆ ਰਹੀਆਂ ਹਨ। ਨਵੀਂ ਗੱਲ ਇਹ ਹੈ ਕਿ ਸਰਕਾਰ ਲਾਲ ਕਿਲੇ 'ਤੇ ਝੰਡਾ ਝੁਲਾਉਣ ਵਾਲੇ ਕੇਸਾਂ ਵਿੱਚ ਕਿਸਾਨਾਂ ਨੂੰ ਸੁਰਖਰੂ ਨਹੀਂ ਕਰ ਰਹੀ। ਸਰਕਾਰ ਨੇ ਪੰਜਾਬ ਤੇ ਹਰਿਆਣਾ ਦੇ ਇੰਟਰਨੈਟ ਕੁਨੈਕਸ਼ਨ ਨੂੰ ਬਹਾਲ ਕੀਤਾ ਹੈ। ਖ਼ਬਰਾਂ ਇਹ ਵੀ ਆ ਰਹੀਆਂ ਨੇ ਕਿ ਸ਼ੁਭਕਰਨ ਦੇ ਬਲੀਦਾਨ ਦੀ ਯਾਦ ਵਿੱਚ ਇੱਕ ਸੜਕ ਦਾ ਨਾਮ ਉਹਨਾਂ ਦੇ ਨਾਮ 'ਤੇ ਸਰਕਾਰ ਰੱਖੇਗੀ ਤੇ ਖ਼ਬਰ ਇਹ ਵੀ ਹੈ ਕਿ ਇੱਕ ਰਾਜ ਦੂਜੇ ਰਾਜ ਦੀ ਪੁਲਿਸ ਦੇ ਖ਼ਿਲਾਫ਼ ਮਾਮਲਾ ਦਰਜ਼ ਨਹੀਂ ਕਰ ਸਕਦਾ। ਇਹ ਗੱਲ ਵੀ ਚਰਚਾ ਦੇ ਵਿੱਚ ਹੈ।

14 ਮਾਰਚ ਨੂੰ ਕਿਸਾਨਾਂ ਵੱਲੋਂ ਦਿੱਲੀ ਜਾਣ ਦਾ ਪ੍ਰੋਗਰਾਮ ਹੈ। ਹੁਣ ਕਈ ਸਵਾਲ ਜ਼ਿਹਨ ਦੇ ਵਿੱਚ ਆ ਰਹੇ ਹਨ ਕਿ ਕੀ ਐਮ.ਐਸ.ਪੀ. ਦੀ ਜ਼ਰੂਰਤ ਕੇਵਲ ਪੰਜਾਬ ਨੂੰ ਹੀ ਹੈ ? ਕੀ ਪੰਜਾਬ ਹੀ ਹਰ ਵਾਰ ਉੱਭਰ ਕੇ ਸਾਹਮਣੇ ਆਵੇਗਾ ? ਪੰਜਾਬ ਦੇ ਵਿੱਚ ਤਾਂ ਕੁਝ ਫ਼ਸਲਾਂ ਦੇ ਉੱਤੇ ਚੰਗਾ ਭਾਅ ਮਿਲਦਾ ਹੈ ਤੇ ਫ਼ਸਲ ਸਮੇਂ ਸਿਰ ਚੁੱਕੀ ਜਾਂਦੀ ਹੈ, ਪਰ ਹੋਰਨਾਂ ਰਾਜਾਂ ਦੇ ਵਿੱਚ ਤਾਂ ਐਮ.ਐਸ.ਪੀ ਵੀ ਨਹੀਂ ਹੈ ਤੇ ਫ਼ਸਲ ਵੀ ਰੁਲਦੀ ਹੈ। ਕੀ ਪੰਜਾਬ ਤੋਂ ਬਿਨਾਂ ਹੋਰਨਾਂ ਰਾਜਾਂ ਨੂੰ ਐਮ. ਐਸ.ਪੀ. ਨਹੀਂ ਚਾਹੀਦੀ ? ਜੇ ਚਾਹੀਦੀ ਹੁੰਦੀ ਤਾਂ ਸਰਕਾਰਾਂ ਨੇ ਕੇਵਲ ਸੜਕਾਂ ਰੋਕੀਆਂ ਸੀ, ਰੇਲ ਆਵਾਜਾਈ ਠੱਪ ਨਹੀਂ ਸੀ ਕੀਤੀ। ਪੂਰੇ ਭਾਰਤ ਵਿੱਚੋਂ ਕਿਸਾਨ ਇਸ ਇਕੱਠ ਦੇ ਵਿੱਚ ਸ਼ਾਮਲ ਹੁੰਦੇ ਤਾਂ ਕਿਸਾਨੀ ਧਰਨੇ ਦਾ ਵਜ਼ਨ ਕਈ ਗੁਣਾ ਹੁੰਦਾ। ਇਕੱਲੇ ਪੰਜਾਬ ਦਾ ਐਮ.ਐਸ.ਪੀ ਦੇ ਉੱਤੇ ਡਟਣਾ ਕਿਧਰੇ ਇਸ ਧਰਨੇ ਨੂੰ ਬੈਕਫੁੱਟ 'ਤੇ ਨਾ ਲੈ ਜਾਵੇ। ਹੁਣ ਸਰਕਾਰ ਨੇ ਏ.ਡੀ.ਜੀ.ਪੀ. ਇੰਟੈਲੀਜੈਂਸ ਜਸਕਰਨ ਸਿੰਘ ਨੂੰ ਕਿਸਾਨ ਤੇ ਸਰਕਾਰ ਦੇ ਵਿੱਚ ਸਾਲਸ ਦੀ ਭੂਮਿਕਾ ਸੌਂਪੀ ਹੈ।

## ਪ੍ਰੋ. ਭੁੱਲਰ 30 ਸਾਲ ਪੁਰਾਣੇ ਮਾਮਲੇ 'ਚ ਬਰੀ

### ਦਿੱਲੀ ਹਾਈਕੋਰਟ ਨੇ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਕਰਨ ਵਾਲੀ ਪਟੀਸ਼ਨ ਕੀਤੀ ਖਾਰਜ



ਨਵੀਂ ਦਿੱਲੀ/ਏ.ਟੀ.ਨਿਊਜ਼: ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਨੂੰ 30 ਸਾਲ ਬਾਅਦ ਵੱਡੀ ਰਾਹਤ ਮਿਲੀ ਹੈ । ਉਹ 30 ਸਾਲ ਪੁਰਾਣੇ ਮਾਮਲੇ ਵਿੱਚ ਬਰੀ ਹੋ ਗਏ ਹਨ। ਗਾਜ਼ੀਆਬਾਦ ਦੀ ਇੱਕ ਅਦਾਲਤ ਨੇ 1994 ਦੇ ਇੱਕ ਕੇਸ ਵਿੱਚ ਉਨ੍ਹਾਂ ਨੂੰ ਅਜ਼ਾਦ ਕਰ ਦਿੱਤਾ ਹੈ। ਉਨ੍ਹਾਂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਇਸ ਦੀ ਜਾਣਕਾਰੀ ਦਿੱਤੀ ਹੈ । ਵਕੀਲ ਮੰਝਪੁਰ ਨੇ ਦੱਸਿਆ ਕਿ ਉਮਰ ਕੈਦ ਦੀ ਸਜ਼ਾ ਕੱਟ ਰਹੇ ਪ੍ਰੋ ਭੁੱਲਰ ਖ਼ਿਲਾਫ਼ ਇਹ ਅਖੀਰਲਾ ਕੇਸ ਸੀ। ਉਧਰ ਦੂਜੇ ਪਾਸੇ ਦਿੱਲੀ ਹਾਈਕੋਰਟ ਤੋਂ ਸਜ਼ਾ ਮੁਆਫੀ ਨੂੰ ਲੈਕੇ ਉਨ੍ਹਾਂ ਝਟਕਾ ਵੀ ਲੱਗਿਆ ਹੈ ।ਦਿੱਲੀ ਹਾਈਕੋਰਟ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਕਰਨ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਇਹ ਪਟੀਸ਼ਨ ਹਾਈਕੋਰਟ ਵਿਚੋਂ ਰਿਹਾਈ ਦੀ ਮੰਗ ਵਾਲੀ ਪਟੀਸ਼ਨ ਵਾਪਸ ਲਏ ਜਾਣ ਕਾਰਨ ਖਾਰਜ ਹੋਈ ਹੈ। ਇਸ ਤੋਂ ਪਹਿਲਾਂ ਸਜ਼ਾ ਰੀਵਿਊ ਬੋਰਡ ਨੇ ਜਨਵਰੀ ਮਹੀਨੇ ਵਿੱਚ ਭੁੱਲਰ ਦੀ ਪ੍ਰੀ ਮੈਚਿਓਰ ਰਿਹਾਈ ਦੀ ਮੰਗ ਖਾਰਜ ਕਰ ਦਿੱਤੀ ਸੀ। ਬੋਰਡ ਵਿੱਚ ਸ਼ਾਮਲ ਸਿਰਫ਼ ਦਿੱਲੀ ਦੇ ਗ੍ਰਹਿ ਮੰਤਰੀ ਕੈਲਾਸ਼ ਗਹਿਲੋਤ ਨੇ ਵੀ ਸਜ਼ਾ ਮੁਆਫ ਦੀ ਹਮਾਇਤ ਕੀਤੀ, ਬਾਕੀ ਕੇਂਦਰ ਦੇ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਸੀ। ਉਧਰ ਹਾਈਕੋਰਟ ਨੇ ਕਿਹਾ ਕਿ ਜਦੋਂ ਦਿੱਲੀ ਸਰਕਾਰ ਦਾ ਬੋਰਡ ਹੀ ਉਨ੍ਹਾਂ ਦੀ ਮੰਗ ਨੂੰ ਖਾਰਜ ਕਰ ਚੁੱਕਿਆ ਹੈ ਤਾਂ ਹੁਣ ਨਵੇਂ ਸਿਰੇ ਤੋਂ ਬੋਰਡ ਦੇ ਇਸ ਫੈਸਲੇ ਨੂੰ ਚੁਣੌਤੀ ਦੇਣੀ ਪਵੇਗੀ। ਭੁੱਲਰ ਨੂੰ 1993 ਦੇ ਦਿੱਲੀ ਬੰਬ ਧਮਾਕੇ ਦੇ ਕੇਸ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਬਾਅਦ ਵਿੱਚ ਸੁਪਰੀਮ ਕੋਰਟ ਨੇ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ। ਸਜ਼ਾ ਸਮੀਖਿਆ ਬੋਰਡ ਪਹਿਲਾਂ ਹੀ 6 ਵਾਰ ਭੁੱਲਰ ਦੀ ਪ੍ਰੀ-ਮੈਚਿਓਰ ਰਿਹਾਈ ਦੀ ਮੰਗ ਨੂੰ ਰੱਦ ਕਰ ਚੁੱਕਾ ਹੈ, ਹੁਣ ਇੱਕ ਵਾਰ ਫਿਰ ਦਿੱਲੀ ਸਰਕਾਰ ਨੇ ਸਜ਼ਾ ਮੁਆਫ ਕਰਨ ਦੀ ਉਸ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ।

## ਬ੍ਰਿਟਿਸ਼ ਸਿੱਖ ਐਮ. ਪੀ. ਨੇ ਹਾਊਸ ਆਫ਼ ਕਾਮਨਜ਼ 'ਚ ਸਿੱਖਾਂ ਦੀ ਸੁਰੱਖਿਆ ਦਾ ਮੁੱਦਾ ਚੁੱਕਿਆ

ਲੰਡਨ/ਏ.ਟੀ.ਨਿਊਜ਼: ਬਿਟ੍ਰਿਸ਼ ਸਿੱਖ ਐਮ.ਪੀ. ਪ੍ਰੀਤ ਕੌਰ ਗਿੱਲ ਨੇ ਹਾਊਸ ਆਫ ਕਾਮਨਜ਼ ਵਿੱਚ ਦੇਸ਼ ਵਿੱਚ ਸਿੱਖਾਂ ਦੀ ਸੁਰੱਖਿਆ ਦਾ ਮੁੱਦਾ ਚੁੱਕਿਆ ਹੈ । ਲੇਬਰ ਪਾਰਟੀ ਨਾਲ ਸਬੰਧ ਰੱਖਣ ਵਾਲੀ ਸਿੱਖ ਮਹਿਲਾ ਐੱਮ.ਪੀ. ਨੇ ਭਾਰਤ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ।ਉਨ੍ਹਾਂ ਗ੍ਰਹਿ ਮੰਤਰੀ ਟੌਮ ਤੁਗੇਂਧਾਟ ਨੂੰ ਪੁੱਛਿਆ ਕਿ ਜਿਸ ਤਰ੍ਹਾਂ ਕੈਨੇਡਾ ਨੇ ਆਪਣੇ ਦੇਸ਼ ਵਿੱਚ ਇੱਕ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਸਾਜਿਸ਼ ਦਾ ਵਿਰੋਧ ਕੀਤਾ ਹੈ ਅਤੇ ਅਮਰੀਕਾ ਨੇ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜਿਸ਼ ਨੂੰ ਨਾਕਾਮ ਕੀਤਾ ਹੈ ਤੁਸੀਂ ਇਸ ਦੇ ਸਬੰਧ 'ਚ ਕੀ ਕਰ ਰਹੇ ਹੋ ? ਤੁਸੀਂ ਉਸੇ ਫ਼ਾਈਵ ਆਈ ਦਾ ਹਿੱਸਾ ਹੋ। ਐੱਮ.ਪੀ. ਪ੍ਰੀਤ ਕੌਰ ਗਿੱਲ ਨੇ ਕੈਨੇਡਾ ਅਤੇ ਅਮਰੀਕਾ ਦੀ ਸ਼ਲਾਘਾ



ਕੀਤੀ ਅਤੇ ਕਿਹਾ ਲੋਕਤੰਤਰ ਵਿੱਚ ਅਸਹਿਮਤੀ ਨੂੰ ਚੁੱਪ ਕਰਵਾਉਣ ਲਈ ਕੌਮਾਂਤਰੀ ਦਮਨ ਬਹੁਤ ਗੰਭੀਰ ਹੈ। ਉਨ੍ਹਾਂ ਨੇ ਕਿਹਾ ਬ੍ਰਿਟਿਸ਼ ਸਿੱਖਾਂ ਨੂੰ ਅਜਿਹੀਆਂ ਧਮਕੀਆਂ ਮਿਲ ਰਹੀਆਂ ਹਨ। ਕੀ ਉਹ ਸਾਡੇ ਭਾਈਵਾਲ ਲਈ ਅਮਰੀਕਾ ਅਤੇ ਕੈਨੇਡਾ ਵਾਂਗ ਲੋਕਤੰਤਰੀ ਅਧਿਕਾਰਾਂ ਦੀ ਰਾਖੀ ਲਈ ਸਖਤ ਕਦਮ ਚੁੱਕੇਗੀ ? ਪ੍ਰੀਤ ਕੌਰ ਗਿੱਲ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਗ੍ਰਹਿ ਮੰਤਰੀ ਟੌਮ ਤੁਗੇਂਧਾਟ ਨੇ ਕਿਹਾ ਕਿ ਸਾਡੀਆਂ ਖੁਫੀਆ ਏਜੰਸੀਆਂ ਪੂਰੀ ਤਰ੍ਹਾਂ ਨਾਲ ਐਕਟਿਵ ਹਨ ।ਸਾਡੀ ਡੈਮੋਕ੍ਰੇਸੀ ਟਾਸਕ ਫੋਰਸ ਕੌਮਾਂਤਰੀ ਦਖਲ ਅੰਦਾਜ਼ੀ ਅਤੇ ਬ੍ਰਿਟਿਸ਼ ਨਾਗਰਿਕਾਂ ਨੂੰ ਸੁਰੱਖਿਆ ਦੇਣ ਲਈ ਪੂਰੀ ਤਰ੍ਹਾਂ ਨਾਲ ਲੱਗੀ ਹੋਈ ਹੈ। ਜੇਕਰ ਕੋਈ ਅਜਿਹੀ ਧਮਕੀ ਦੀ ਜਾਣਕਾਰੀ ਮਿਲਦੀ ਹੈ ਤਾਂ ਅਸੀਂ ਆਪਣੇ ਭਾਈਵਾਲਾਂ ਦੇ ਸੰਪਰਕ ਵਿੱਚ ਹਾਂ ਅਤੇ ਪੂਰੀ ਕਾਰਵਾਈ ਕਰਨ ਲਈ ਤਿਆਰ ਹਾਂ।

## ਰੂਸ, ਅਮਰੀਕਾ, ਉੱਤਰੀ ਕੋਰੀਆ ਤੇ ਚੀਨ ਕੋਲ਼ ਨੇ ਵਿਸ਼ਵ ਦੀਆਂ ਪੰਜ ਖ਼ਤਰਨਾਕ ਮਿਜ਼ਾਈਲਾਂ

ਵਾਸ਼ਿੰਗਟਨ/ਏ.ਟੀ.ਨਿਊਜ਼ :ਅੱਜ ਦੁਨੀਆਂ ਵਿੱਚ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਵਿਕਸਤ ਕਰਨ ਦੀ ਦੌੜ ਲੱਗੀ ਹੋਈ ਹੈ। ਹਰ ਦੇਸ਼ ਦੂਜੇ ਨਾਲੋਂ ਵੱਧ ਰੇਂਜ ਵਾਲੀਆਂ ਮਿਜ਼ਾਈਲਾਂ ਦਾ ਪ੍ਰੀਖਣ ਕਰ ਰਿਹਾ ਹੈ। ਇਸ ਸਮੇਂ ਕਈ ਦੇਸ਼ਾਂ ਕੋਲ ਅਜਿਹੀਆਂ ਮਿਜ਼ਾਈਲਾਂ ਹਨ, ਜੋ ਦੁਨੀਆਂ ਦੇ ਕਿਸੇ ਵੀ ਕੋਨੇ 'ਤੇ ਹਮਲਾ ਕਰ ਸਕਦੀਆਂ ਹਨ।

**ਆਰ.ਐਸ.-28 ਸਰਮਤ ਮਿਜ਼ਾਈਲ**

ਆਰ. ਐਸ-28 ਸਰਮਤ ਦੁਨੀਆਂ ਦੀ ਸਭ ਤੋਂ ਲੰਬੀ ਦੂਰੀ ਦੀ ਮਿਜ਼ਾਈਲ ਹੈ। ਇਸ ਰੂਸੀ ਮਿਜ਼ਾਈਲ ਦੀ ਰੇਂਜ 18,000 ਕਿਲੋਮੀਟਰ ਹੈ। ਇਸ ਦਾ ਉਪਨਾਮ ਸ਼ੈਤਾਨ-2 ਹੈ। ਇਹ ਮਿਜ਼ਾਈਲ ਪਰਮਾਣੂ ਹਮਲੇ ਦੇ ਵੀ ਸਮਰੱਥ ਹੈ।

**ਐਲ.ਜੀ.ਐਮ-30 ਮਿਨਊਟ ਮੈਨ 999 ਮਿਜ਼ਾਈਲ**

ਇਹ ਅਮਰੀਕਾ ਦੀ ਸਭ ਤੋਂ ਲੰਬੀ ਦੂਰੀ ਦੀ ਮਿਜ਼ਾਈਲ ਹੈ। ਇਹ ਦਹਾਕਿਆਂ ਤੋਂ ਅਮਰੀਕੀ ਪਰਮਾਣੂ ਹਥਿਆਰਾਂ ਵਿੱਚ ਸ਼ਾਮਲ ਹੈ। ਐਲ.ਜੀ.ਐਮ-30 ਮਿਨਊਟ ਮੈਨ 999 ਦੀ ਰੇਂਜ 14000 ਕਿਲੋਮੀਟਰ ਹੈ।

**ਹਵਾਸੌਂਗ-15 ਮਿਜ਼ਾਈਲ**

ਹਵਾਸੋਂਗ-15 ਉੱਤਰੀ ਕੋਰੀਆ ਦੀ ਸਭ ਤੋਂ ਲੰਬੀ ਦੂਰੀ ਦੀ ਮਿਜ਼ਾਈਲ ਹੈ। ਇਸ ਦੀ ਅਨੁਮਾਨਿਤ ਰੇਂਜ 13000 ਕਿਲੋਮੀਟਰ ਹੈ। ਹਵਾਸੌਂਗ-15 ਦਾ ਪ੍ਰੀਖਣ 2017 ਵਿੱਚ ਕੀਤਾ ਗਿਆ ਸੀ। ਇਹ ਅਮਰੀਕਾ 'ਤੇ ਹਮਲਾ ਕਰਨ ਦੀ ਸਮਰੱਥਾ ਰੱਖਦੀ ਹੈ।

**ਡੀ.ਐਫ-41 ਮਿਜ਼ਾਈਲ**

ਡੀ.ਐਫ-41 ਚੀਨ ਦੀ ਸਭ ਤੋਂ ਲੰਬੀ ਦੂਰੀ ਦੀ ਸਟ੍ਰਾਈਕ

(ਬਾਕੀ ਸਫ਼ਾ 30 'ਤੇ)

# ਆਖ਼ਰ ਕਦੋਂ ਤੱਕ ਹੁੰਦੀ ਰਹੇਗੀ ਲਾਸ਼ਾਂ 'ਤੇ ਰਾਜਨੀਤੀ?



ਬਲਰਾਜ ਪੰਨੂੰ

ਲਾਸ਼ਾਂ 'ਤੇ ਰਾਜਨੀਤੀ ਸਰਕਾਰਾਂ ਦੀ ਰਣਨੀਤੀ ਦਾ ਵੀ ਹਿੱਸਾ ਨੇ, ਤੇ ਸਰਕਾਰਾਂ ਇੱਕ ਦੂਜੇ 'ਤੇ ਲਾਸ਼ਾਂ 'ਤੇ ਸਿਆਸਤ ਕਰਨ ਦਾ ਦੋਸ਼ ਵੀ ਲਗਾਉਂਦੀਆਂ ਨੇ। ਇਹੋ ਜਿਹੇ ਦੋਸ਼ਾਂ 'ਤੇ ਸਿਆਸਤ ਜਾਂ ਕਹਿਣ ਕਹਾਉਣ ਦਾ ਹੱਕ ਸਿਰਫ਼ ਸਰਕਾਰਾਂ ਦੇ ਕੋਲ ਹੀ ਹੈ, ਆਮ ਬੰਦਾ ਅੱਜ ਦੇ ਸਮੇਂ ਦੇ ਵਿੱਚ ਜੇ ਇਹੋ ਜਿਹੇ ਵਿਸ਼ੇ 'ਤੇ ਗੱਲ ਕਰੇਗਾ ਤਾਂ ਉਸ ਨੂੰ ਬਹੁਤ ਕੁਝ ਸੁਣਨ ਨੂੰ ਮਿਲੇਗਾ ਕਿ ਉਹ ਰਾਸ਼ਟਰ ਵਿਰੋਧੀ ਹੈ, ਉਹ ਦੇਸ਼ ਵਿਰੋਧੀ ਹੈ, ਗੱਦਾਰ ਗਰਦਾਨ ਦਿੱਤਾ ਜਾਂਦਾ ਹੈ, ਉਹ ਕਾਫ਼ਰ ਹੈ ਆਦਿ।

ਦੁੱਖ ਹੁੰਦਾ ਹੈ ਕਿ ਜਦੋਂ ਕਿਸੇ ਫ਼ੌਜੀ ਦੀ ਲਾਸ਼ ਆਉਂਦੀ ਹੈ ਤਾਂ ਮੀਡੀਆ ਦਾ ਰੋਲ ਇਸ ਤਰਾਂ ਦਾ ਹੁੰਦਾ ਹੈ ਕਿ ਉਸ ਦੇ ਪਰਿਵਾਰ ਨੂੰ ਰੋਣ ਵੀ ਨਹੀਂ ਦਿੱਤਾ ਜਾਂਦਾ। ਇੱਕ ਛੋਟੇ ਜਿਹੇ ਬੱਚੇ ਤੋਂ ਸਲੂਟ ਮਰਵਾ ਮਰਵਾ ਕੇ ਫ਼ੋਟੋਆਂ ਖਿੱਚਵਾਈਆਂ ਜਾਂਦੀਆਂ ਨੇ। ਕਹਿਣ ਨੂੰ ਤਾਂ ਇਹ ਵੀ ਲਾਸ਼ਾਂ 'ਤੇ ਸਿਆਸਤ ਹੀ ਹੈ। ਅਸੀਂ '84 ਬਾਰੇ ਗੱਲ ਕਰਾਂਗੇ ਤਾਂ ਅਸੀਂ ਅੱਤਵਾਦੀ ਗਰਦਾਨੇ ਜਾਵਾਂਗੇ। 1947 ਦਾ ਉਜਾੜਾ ਭਾਵੇਂ ਸਾਜਿਸ਼ ਅਧੀਨ ਸੀ, ਜਿਸ ਨੂੰ 'ਵੰਡ' ਦਾ ਨਾਂਅ ਦਿੱਤਾ ਗਿਆ, ਪਰ ਇਹ ਸਰਕਾਰੀ ਲਫ਼ਜ਼ ਸੀ, ਹੈ ਤਾਂ ਉਜਾੜਾ ਹੀ ਸੀ ਪਰ ਅਸੀਂ ਖੁੱਲ੍ਹ ਕੇ ਨਹੀਂ ਬੋਲ ਸਕਦੇ ਪਰ ਸਰਕਾਰ ਨੂੰ ਹੱਕ ਹੈ ਕਿ ਉਹ ਬੇਗੁਨਾਹ ਲਾਸ਼ਾਂ 'ਤੇ ਸਿਆਸਤ ਕਰ ਸਕਦੀ ਹੈ। ਕਿਸਾਨਾਂ ਦੇ ਜੇ ਅਸੀਂ ਹੱਕ ਵਿੱਚ ਬੋਲਾਂਗੇ ਤਾਂ ਵੀ ਬੁਰੇ, ਜੇ ਹੱਕ ਵਿੱਚ ਨਹੀਂ ਬੋਲਾਂਗੇ ਤਾਂ ਵੀ ਬੁਰੇ। ਸੋ ਅੱਜ ਦੇ ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ ਆਪਣੀ ਜੁਬਾਨ ਨੂੰ ਤਾਲਾ ਲਗਾਉਣਾ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਗੁਜਰਾਤ ਦੰਗੇ ਹੋਣ ਜਾਂ ਮਨੀਪੁਰ ਹਿੰਸਾ ਵਾਲਾ ਮਸਲਾ ਭਾਵੇਂ ਬਰਗਾੜੀ ਕਾਂਡ। ਮਨੁੱਖਤਾ ਦੇ ਨਾਂਅ 'ਤੇ ਏਨਾ ਮਸਲਿਆਂ 'ਤੇ ਜੇ ਤੁਸੀਂ ਗੱਲ ਕਰਦੇ ਹੋ ਤਾਂ ਸਰਕਾਰਾਂ ਵੱਲੋਂ ਪਾਲੀ ਹੋਈ ਇੱਕ ਪੂਰੀ ਟੀਮ ਇੱਕ ਘੰਟੇ ਦੇ ਵਿੱਚ ਜ਼ਲੀਲ ਕਰ ਕੇ ਰੱਖ ਦਿੰਦੀ ਹੈ।









ਅੱਜ ਦੇ ਸਮੇਂ ਦੇ ਵਿੱਚ ਸੋਸ਼ਲ ਮੀਡੀਆ 'ਤੇ ਕੁਝ ਕੁ ਲੋਕ, ਜੋ ਦਿਮਾਗ ਦੀ ਗੰਦਗੀ ਗਾਲਾਂ ਰਾਹੀਂ ਬਾਹਰ ਕੱਢਦੇ ਹਨ, ਉਹਨਾਂ ਨੇ ਚੰਗੀ ਸੋਚ ਵਾਲੇ ਲੋਕਾਂ ਨੂੰ ਡਰਾ ਕੇ ਨੁਕਰੇ ਕਰ ਦਿੱਤਾ। ਉਹ ਸੱਚੇ ਹੋਣ ਦੇ ਬਾਵਜੂਦ ਵੀ ਸੱਚ ਨਹੀਂ ਲਿੱਖ ਸਕਦੇ। ਇਹ ਉਹ ਲੋਕ ਨੇ, ਜਦੋਂ ਫੇਸਬੁੱਕ ਅਤੇ ਟਵੀਟਰ ਦਾ ਜ਼ਮਾਨਾ ਨਹੀਂ ਸੀ, ਉਸ ਸਮੇਂ ਇਹ ਟੁਆਲਿਟ ਦੇ ਵਿੱਚ ਬੈਠ ਕੇ ਆਪਣੇ ਦਿਮਾਗ ਦੀ ਗੰਦਗੀ ਕੱਢਦੇ ਹੁੰਦੇ ਸਨ। ਟੁਆਲਿਟ ਦੀਆਂ ਕੰਧਾਂ 'ਤੇ ਗੰਦੀਆਂ ਗਾਲਾਂ ਲਿਖਣੀਆਂ, ਕੁੜੀਆਂ ਦੇ ਫੋਨ ਨੰਬਰ ਲਿਖਣੇ, ਅਸ਼ਲੀਲ ਤਸਵੀਰਾਂ ਬਣਾਉਣਾ, ਇਹੀ ਤਾਂ ਇਹਨਾਂ ਦੇ ਦਿਮਾਗ ਦੀ ਗੰਦਗੀ ਦਾ ਸਬੂਤ ਸੀ। ਹੁਣ ਜਗ੍ਹਾ ਬਦਲ ਗਈ ਹੈ। ਹੁਣ ਮਾਨਸਿਕ ਤੌਰ 'ਤੇ ਬਿਮਾਰ ਸੋਸ਼ਲ ਮੀਡੀਆ 'ਤੇ ਆ ਗਏ ਹਨ। ਸਰਕਾਰਾਂ ਦੇ ਖ਼ਿਲਾਫ਼ ਲਿਖਣ ਵਾਲੇ ਇਹਨਾਂ ਦੇ ਨਿਸ਼ਾਨੇ 'ਤੇ ਹੁੰਦੇ ਹਨ। ਕਿਸੇ ਵੀ ਵਿਸ਼ੇ 'ਤੇ ਲੌਜਿਕ ਦੇਣ ਤੋਂ ਬਿਨਾਂ ਇਹ ਲੋਕ ਘੰਟਿਆ ਬੱਧੀ ਗਾਲਾਂ ਲਿਖ ਕੇ ਲੜ ਸਕਦੇ ਨੇ। ਸੋਸ਼ਲ ਮੀਡੀਆ 'ਤੇ ਇਹਨਾਂ ਨੂੰ ਕੋਈ ਫੜ ਨਹੀਂ ਸਕਦਾ। ਏਨਾ ਲੋਕਾਂ ਨੂੰ ਖੁੱਲੀ ਗਰਾਉਂਡ ਮਿਲੀ ਹੋਈ ਹੈ। ਸਰਕਾਰਾਂ ਵੱਲੋਂ ਇਹ ਸੁਰੱਖਿਅਕਤ ਨੇ ਕਿ ਇਹਨਾਂ 'ਤੇ ਨਰਮ ਧਾਰਾਵਾਂ ਲਗਾਈਆਂ ਜਾਂਦੀਆਂ ਨੇ। ਜੇ ਇਹ ਲੋਕ ਫੜੇ ਜਾਂਦੇ ਨੇ ਤਾਂ ਮਾਫ਼ੀ ਮੰਗ ਲੈਂਦੇ ਨੇ। ਧਰਮ ਦੇ ਆਧਾਰ 'ਤੇ ਸਭ ਤੋਂ ਵੱਧ ਲੋਕਾਂ ਨੂੰ ਭੜਕਾਇਆ ਜਾਂਦਾ ਤੇ ਇਹ ਭੀੜ ਹੀ ਧਰਮ ਦੀ ਪਹਿਰੇਦਾਰ ਬਣੀ ਹੋਈ ਹੈ। ਲਾਸ਼ਾਂ ਦੀ ਸਿਆਸਤ 'ਤੇ ਅਸੀਂ ਬੋਲ ਨਹੀਂ ਸਕਦੇ, ਮਨਾਹੀ ਹੈ ਪਰ ਸੱਚੇ ਦਿਲੋਂ ਕਹਿ ਰਹੇ ਹਾਂ ਕਿ ਐਹੋ ਜਿਹੀਆਂ ਜਿਉਂਦੀਆਂ ਲਾਸ਼ਾਂ ਦਾ ਕੀ ਕਰੀਏ? ਇਹ ਜਿਉਂਦੀਆਂ ਲਾਸ਼ਾਂ ਜਿਉਂਦੇ ਬੰਦਿਆਂ ਨੂੰ ਅੱਧਮਰਾ ਕਰ ਰਹੀਆਂ ਨੇ। ਜਿਉਂਦੀਆਂ ਲਾਸ਼ਾਂ ਵੀ ਮੁਨਾਫ਼ੇ ਦੀ ਤੱਕੜੀ ਦੇ ਵਿੱਚ ਤੁਲ ਰਹੀਆਂ ਨੇ। ਉਹ ਸਮਾਜ ਨੂੰ ਕੀ ਨੁਕਸਾਨ ਪਹੁੰਚਾ ਰਹੀਆਂ ਨੇ, ਇਹ ਉਹਨਾਂ ਨੂੰ ਵੀ ਨਹੀਂ ਪਤਾ। ਆਮ ਨਸ਼ਾ ਹੁਣ ਵਰਤਿਆ ਘੜੀ ਨੂੰ ਉੱਤਰ ਜਾਂਦਾ ਜਾਂ ਵੱਧ ਤੋਂ ਵੱਧ ਅਗਲੇ ਦਿਨ ਪਰ ਇਹੋ ਜਿਹੇ ਧਾਰਮਿਕ ਸਿਆਸਤ ਦੇ ਨਸ਼ੇ, ਸਮਾਜ ਨੂੰ ਲੀਹੋਂ ਉਤਾਰਨ ਵਾਲੇ ਨਸ਼ੇ, ਇਹਨਾਂ ਨੂੰ ਸਦੀਆਂ ਵੀ ਉਤਾਰਨ ਦੇ ਸਮਰੱਥ ਨਹੀਂ ਹੁੰਦੀਆਂ। ਜ਼ਮੀਰ ਪੱਖੋਂ ਜਿਉਂਦੇ ਲੋਕਾਂ ਦੇ ਲਈ ਅਸਲ ਲਾਸ਼ਾਂ ਦਾ ਵੀ ਓਨਾ ਹੀ ਦੁੱਖ ਹੈ, ਜਿੰਨਾ ਜਿਉਂਦੀਆਂ ਲਾਸ਼ਾਂ ਦਾ।








## ਦੋ ਸਾਲਾਂ ਵਿੱਚ 3.92 ਲੱਖ ਰੂਸੀ ਸੈਨਿਕਾਂ ਦੀ ਮੌਤ

ਰੂਸ ਯੂਕ੍ਰੇਨ ਯੁੱਧ ਨੂੰ ਚਲਦੇ ਹੋਏ ਦੋ ਸਾਲ ਹੋ ਗਏ ਹਨ,ਫਰਵਰੀ 2022 ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਦੇ ਵੱਲੋਂ ਯੂਕ੍ਰੇਨ ਵਿੱਚ ਫ਼ੌਜੀ ਮੁਹਿੰਮ ਸ਼ੁਰੂ ਕੀਤੇ ਜਾਣ ਤੋਂ ਬਾਅਦ 40 ਲੱਖ ਤੋਂ ਵਧੇਰੇ ਯੂਕ੍ਰੇਨੀ ਲੋਕਾਂ ਨੂੰ ਦੇਸ਼ ਛੱਡਣਾ ਪਿਆ ਹੈ, ਉਥੇ 65 ਲੱਖ ਤੋਂ ਜ਼ਿਆਦਾ ਯੂਕ੍ਰੇਨੀ ਲੋਕ ਆਪਣੇ ਹੀ ਦੇਸ਼ ਵਿੱਚ ਬੇਘਰ ਹੋ ਗਏ ਹਨ। ਯੂਕ੍ਰੇਨ ਵਿੱਚ 10 ਹਜ਼ਾਰ ਆਮ ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦੋਂ ਕਿ 18,500 ਲੋਕ ਜ਼ਖ਼ਮੀ ਹੋ ਚੁੱਕੇ ਹਨ। ਉਥੇ ਯੂਕ੍ਰੇਨ ਦਾ ਦਾਅਵਾ ਹੈ ਕਿ ਰੂਸ ਦੇ 3.92 ਲੱਖ ਸੈਨਿਕ ਮਾਰੇ ਜਾ ਚੁੱਕੇ ਹਨ। ਇਸੇ ਦੌਰਾਨ ਅਮਰੀਕਾ ਨੇ ਰੂਸ ਦੀਆਂ 500 ਕੰਪਨੀਆਂ ’ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦੇ ਜਵਾਬ ਵਿੱਚ ਰੂਸ ਨੇ ਵੀ ਈਯੂ ਦੇ ਕਈ ਅਧਿਕਾਰੀਆਂ ਅਤੇ ਕੰਪਨੀਆਂ ’ਤੇ ਪਾਬੰਦੀ ਲਗਾ ਦਿੱਤੀ ਹੈ। ਪੂਤਿਨ ਨੇ ਫਾਦਰਲੈਂਡ ਡੇਅ ਦੇ ਮੌਕੇ ਕਿਹਾ ਕਿ ਰੂਸ ਦੇ 95 ਫ਼ੀਸਦੀ ਰਣਨੀਤਿਕ ਪਰਮਾਣੂ ਦਲਾਂ ਦਾ ਆਧੁਨਿਕੀਕਰਣ ਕੀਤਾ ਗਿਆ ਹੈ। ਰੂਸੀ ਹਵਾਈ ਫ਼ੌਜ ਨੇ ਹੁਣੇ ਜਿਹੇ 4 ਨਵੇਂ ਸੁਪਰਸੋਨਿਕ ਪਰਮਾਣੂ ਹਥਿਆਰਾਂ ਦੀ ਡਿਲੀਵਰੀ ਲਈ ਹੈ। ਪੂਤਿਨ ਨੇ ਆਧੁਨਿਕ ਟੀਯੂ 160 ਐਮ ਪਰਮਾਣੂ ਸਮਰੱਥ ਰਣਨੀਤਿਕ ਬੰਬ ਵਰਧਕ ’ਤੇ ਉਡਾਣ ਭਰਨ ਤੋਂ ਇੱਕ ਦਿਨ ਬਾਅਦ ਇਹ ਟਿੱਪਣੀ ਕੀਤੀ। ਪੂਤਿਨ ਨੇ ਕਿਹਾ ਕਿ ਅੱਜ ਪਰਮਾਣੂ ਬਲਾਂ ਵਿੱਚ ਆਧੁਨਿਕ ਹਥਿਆਰਾਂ ਅਤੇ ਉਪਕਰਨਾਂ ਦੀ ਹਿੱਸੇਦਾਰੀ ਪਹਿਲਾਂ ਹੀ 95 ਫ਼ੀਸਦੀ ਪਹੁੰਚ ਗਈ ਹੈ।

ਯੂਕਰੇਨ ਵਿੱਚ ਅਜੇ ਵੀ 30 ਹਜ਼ਾਰ ਤੋਂ ਜ਼ਿਆਦਾ ਯੂਕਰੇਨੀ ਲਾਪਤਾ ਹਨ। ਉਹਨਾਂ ਦੇ ਪਰਿਵਾਰਾਂ ਨੂੰ ਉਹਨਾਂ ਦੀ ਰਿਹਾਈ ਦਾ ਇੰਤਜ਼ਾਰ ਹੈ। ਇਰੀਨਾ ਹਮੇਸ਼ਾ ਫੋਨ ਤੇ ਨਜ਼ਰ ਰਖਦੀ ਹੈ। 19 ਮਹੀਨੇ ਪਹਿਲਾਂ ਉਸ ਦਾ ਪੁੱਤਰ ਲਾਪਤਾ ਹੋ ਗਿਆ ਸੀ, ਉਸ ਨੂੰ ਉਮੀਦ ਹੈ ਕਿ ਉਸ ਦਾ ਪੁੱਤਰ ਜਲਦੀ ਹੀ ਘਰ ਆਵੇਗਾ ਜਾਂ ਫੋਨ ਕਰੇਗਾ।

* ਮਾਰਿਓਪੋਲ ਦੀ ਏਨਾ ਉਸੇਂਕੇ 2022 ਵਿੱਚ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਵਪਾਰਕ ਟਨੂੰਰ ਦੇ ਲਈ ਘਰ ਤੋਂ ਨਿਕਲੀ ਸੀ, ਉਸ ਦੇ ਭਰਾ ਹਰਮਨ ਦਾ ਕਹਿਣਾ ਹੈ ਕਿ ਮਾਰਚ 2022 ਦੇ ਬਾਅਦ ਏਨਾ ਨਾਲ ਕੋਈ ਸੰਪਰਕ ਨਹੀਂ ਹੋ ਸਕਿਆ ਹੈ।

*ਕੀਰਾ ਦਾ ਕਹਿਣਾ ਹੈ ਕਿ ਜਦੋਂ ਉਹ ਸਕੂਲ ਬੱਸ ਦੀ ਉਡੀਕ ਕਰ ਰਹੀ ਸੀ ਤਾਂ ਇੱਕ ਧਮਾਕਾ ਸੁਣਾਈ ਦਿੱਤਾ। ਉਹ ਇੱਕ ਮਹੀਨੇ ਤੱਕ ਬੇਸਮੈਂਟ ਵਿੱਚ ਛੁਪੀ ਰਹੀ, ਹਮਲੇ ਵਿੱਚ ਉਸ ਦੇ ਪਿਤਾ ਦਾ ਮੌਤ ਹੋ ਗਈ, ਪਰ ਪਰਿਵਾਰ ਤੋਂ ਲਾਸ਼ ਛੱਡ ਦੇ ਭੱਜਣਾ ਪਿਆ।

* ਇਲਿਆ ਦਾ ਕਹਿਣਾ ਹੈ ਕਿ ਉਸ ਦਾ ਘਰ ਹਮਲੇ ਵਿੱਚ ਟੁੱਟ ਗਿਆ। ਉਸ ਨੂੰ ਰੂਸੀ ਸੈਨਿਕਾਂ ਨੇ ਫੜ ਲਿਆ। ਬਾਅਦ ਵਿੱਚ ਉਸ ਨੂੰ ਉਸ ਦੀ ਦਾਦੀ ਨੇ ਬਚਾਇਆ।

## ਯੂਕਰੇਨ ਦੇ 30 ਹਜ਼ਾਰ ਤੋਂ ਵੱਧ ਨੌਜਵਾਨ ਲਾਪਤਾ



ਯੂਕਰੇਨ ਵਿੱਚ 30 ਹਜ਼ਾਰ ਤੋਂ ਵੱਧ ਯੂਕਰੇਨੀ ਅਜੇ ਵੀ ਲਾਪਤਾ ਹਨ। ਉਹਨਾਂ ਦਾ ਪਰਿਵਾਰ ਉਸ ਦੀ ਰਿਹਾਈ ਦੀ ਉਡੀਕ ਕਰ ਰਿਹਾ ਹੈ। ਰੂਸ ਦੇ ਕਬਜ਼ੇ ਵਾਲੇ ਯੂਕਰੇਨ ਦੇ ਸ਼ਹਿਰ ਡੋਨੇਟਸਕ ’ਚ ਰਹਿਣ ਵਾਲੀ ਇਰੀਨਾ ਹਮੇਸ਼ਾ ਆਪਣੇ ਫੋਨ ’ਤੇ ਨਜ਼ਰ ਰੱਖਦੀ ਹੈ। ਕਰੀਬ 19 ਮਹੀਨੇ ਪਹਿਲਾਂ ਉਸ ਨੇ ਆਪਣੇ 25 ਸਾਲਾ ਪੁੱਤਰ ਵਲਾਦਿਸਲਾਵ ਨਾਲ ਆਖਰੀ ਵਾਰ ਗੱਲ ਕੀਤੀ ਸੀ, ਜੋ ਡਨੇਟਸਕ ਵਿੱਚ ਰੂਸ ਨਾਲ ਲੜ ਰਿਹਾ ਸੀ। ਉਹ ਕਹਿੰਦੀ ਹੈ ਕਿ ਉਸਨੇ ਆਪਣੇ ਬੇਟੇ ਦੀ ਭਾਲ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ, ਪਰ ਅਜੇ ਤੱਕ ਉਸ ਬਾਰੇ ਕੋਈ ਖ਼ਬਰ ਨਹੀਂ ਮਿਲੀ ਹੈ। ਮਾਰੀਪੁਲ ਤੋਂ ਅੰਨਾ ਉਸੇਨਕੋ 2022 ਵਿੱਚ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਕਾਰੋਬਾਰੀ ਦੌਰੇ ਲਈ ਘਰ ਛੱਡ ਗਈ ਸੀ। ਉਸ ਦੇ ਭਰਾ ਹਰਮਨ ਸਿਕੋਰਸਕੀ ਦਾ ਕਹਿਣਾ ਹੈ ਕਿ ਮਾਰਚ 2022 ਤੋਂ ਬਾਅਦ ਅੰਨਾ ਨਾਲ ਕੋਈ ਸੰਪਰਕ ਨਹੀਂ ਹੋਇਆ ਹੈ।



## ਯੁੱਧ ’ਚ 87 ਫ਼ੀਸਦੀ ਰੂਸੀ ਸੈਨਿਕ ਮਾਰੇ ਗਏ

ਅਮਰੀਕੀ ਇੰਟੈਲੀਜੈਂਸ ਮੁਤਾਬਕ ਰੂਸ-ਯੂਕਰੇਨ ਜੰਗ ’ਚ ਹੁਣ ਤੱਕ 3 ਲੱਖ 92 ਹਜ਼ਾਰ ਰੂਸੀ ਫੌਜੀ ਮਾਰੇ ਜਾ ਚੁੱਕੇ ਹਨ। 24 ਫਰਵਰੀ 2022 ਨੂੰ ਸ਼ੁਰੂ ਹੋਈ ਇਸ ਜੰਗ ਤੋਂ ਪਹਿਲਾਂ ਰੂਸੀ ਫੌਜ ਵਿੱਚ 3 ਲੱਖ 60 ਹਜ਼ਾਰ ਤੋਂ ਵੱਧ ਸੈਨਿਕ ਸਨ।

ਦਿ ਵਾਲ ਸਟਰੀਟ ਜਰਨਲ ਦੇ ਅਨੁਸਾਰ, 87% ਰੂਸੀ ਸੈਨਿਕ ਯੁੱਧ ਵਿੱਚ ਮਾਰੇ ਗਏ ਹਨ। ਯੁੱਧ ਨੇ ਪੁਤਿਨ ਦੇ ਰੂਸੀ ਫੌਜ ਨੂੰ 15 ਸਾਲਾਂ ਤੱਕ ਆਧੁਨਿਕ ਬਣਾਉਣ ਦੇ ਯਤਨਾਂ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਨੁਕਸਾਨ ਨੂੰ ਦੂਰ ਕਰਨ ਲਈ ਰੂਸ ਰਿਹਾਅ ਹੋਏ ਕੈਦੀਆਂ ਨੂੰ ਆਪਣੀ ਫੌਜ ਵਿੱਚ ਭਰਤੀ ਕਰ ਰਿਹਾ ਹੈ ਅਤੇ ਉਹਨਾਂ ਨੂੰ ਜੰਗ ਦੇ ਮੈਦਾਨ ਵਿੱਚ ਵੀ ਭੇਜ ਰਿਹਾ ਹੈ।

ਅਮਰੀਕੀ ਇੰਟੈਲੀਜੈਂਸ ਮੁਤਾਬਕ ਰੂਸ-ਯੂਕਰੇਨ ਯੁੱਧ ’ਚ ਹੁਣ ਤੱਕ 3 ਹਜ਼ਾਰ ਤੋਂ ਜ਼ਿਆਦਾ ਰੂਸੀ ਫੌਜੀ ਟੈਂਕ ਤਬਾਹ ਹੋ ਚੁੱਕੇ ਹਨ।

## 4.30 ਕਰੋੜ ਲੋਕ ਰਾਹਤ ਸਮੱਗਰੀ ’ਤੇ ਨਿਰਭਰ

ਯੂਕਰੇਨ ਨੇ ਜਵਾਬੀ ਕਾਰਵਾਈ ਕੀਤੀ ਅਤੇ ਰੂਸ ਦੇ ਕਬਜ਼ੇ ਵਾਲੇ 54 ਫ਼ੀਸਦੀ ਖੇਤਰ ’ਤੇ ਮੁੜ ਕਬਜ਼ਾ ਕਰ ਲਿਆ। ਕਰੀਬ 4.30 ਕਰੋੜ ਦੀ ਆਬਾਦੀ ਵਾਲੇ ਯੂਕਰੇਨ ਦੇ 1.76 ਕਰੋੜ ਯੂਕਰੇਨ ਵਾਸੀ ਰਾਹਤ ਸਮੱਗਰੀ ’ਤੇ ਗੁਜ਼ਾਰਾ ਕਰ ਰਹੇ ਹਨ।



## ਯੂਕਰੇਨ ਦੀ 18 ਫ਼ੀਸਦੀ ਜ਼ਮੀਨ ’ਤੇ ਰੂਸ ਦਾ ਕਬਜ਼ਾ

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਰੂਸ ਨੇ ਕਾਲੇ ਸਾਗਰ ਦੇ ਜ਼ਿਆਦਾਤਰ ਵਪਾਰਕ ਰਸਤੇ ’ਤੇ ਕਬਜ਼ਾ ਕਰ ਲਿਆ ਹੈ। ਇਸ ਤੋਂ ਇਲਾਵਾ, ਯੁੱਧ ਦੀ ਸ਼ੁਰੂਆਤ ਤੋਂ, ਰੂਸ ਨੇ ਯੂਕਰੇਨ ਦੀ 18% ਜ਼ਮੀਨ ’ਤੇ ਕਬਜ਼ਾ ਕਰ ਲਿਆ ਹੈ। ਯੂਕਰੇਨ ਦੇ ਛੇ ਵੱਡੇ ਸ਼ਹਿਰ - ਸੇਵੇਰੋਡੋਨੇਤਸਕ, ਡਨਿਟਸਕ, ਲੁਹਾਨਸਕ, ਜ਼ਪੋਰਿਝੀਆ, ਮਾਰੀਉਪੋਲ ਅਤੇ ਮੇਲੀਟੋਪੋਲ ਇਸ ਧਰਤੀ ’ਤੇ ਸਥਿਤ ਹਨ। ਇਹ ਸ਼ਹਿਰ ਯੂਕਰੇਨ ਦੀ ਆਰਥਿਕਤਾ ਨੂੰ ਕੰਟਰੋਲ ਕਰਦੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਲੋਕ ਸਭਾ ਚੋਣਾਂ 'ਤੇ ਕਿੰਨਾ ਕੁ ਪ੍ਰਭਾਵ ਪਾਉਣਗੀਆਂ ਰਾਜਨੀਤਿਕ ਯਾਤਰਾਵਾਂ ?

## ਯਾਤਰਾਵਾਂ ਨਾਲ ਵੱਖ-ਵੱਖ ਸਿਆਸੀ ਆਗੂ ਕਰ ਚੁੱਕੇ ਹਨ 'ਸੜਕ ਰਾਜਨੀਤੀ'



ਅੰਮ੍ਰਿਤਸਰ ਟਾਈਮਜ਼ ਬਿਊਰੋ

ਅੱਜ ਕੱਲ੍ਹ ਮੁੱਖ ਵਿਰੋਧੀ ਦਲ ਦੇ ਨੇਤਾ ਰਾਹੁਲ ਗਾਂਧੀ ਭਾਰਤ ਜੋੜੋ ਨਿਆਂ ਯਾਤਰਾ ਕਰਦੇ ਹੋਏ ਲੋਕਾਂ ਵਿੱਚ ਵਿਚਰ ਰਹੇ ਸਨ, ਹੁਣ ਇਹ ਯਾਤਰਾ ਕਿੰਨਾ ਕੁ ਪ੍ਰਭਾਵ ਛੱਡੇਗੀ ਜਾਂ ਕਾਂਗਰਸ ਦਾ ਕੱਦ ਬੁੱਤ ਕਿੰਨਾ ਕੁ ਵੱਡਾ ਕਰੇਗੀ ? ਇਹ ਆਉਣ ਵਾਲਾ ਸਮਾਂ ਦੱਸੇਗਾ। ਦੂਜੇ ਪਾਸੇ ਬਿਹਾਰ ਦੇ ਵਿੱਚ ਰਾਜਦ ਨੇਤਾ ਤੇਜਸਵੀ ਯਾਦਵ ਵੀ ਜਨ ਵਿਸ਼ਵਾਸ ਯਾਤਰਾ ਕਰ ਰਹੇ ਹਨ। ਪ੍ਰਸ਼ਾਂਤ ਕਿਸ਼ੋਰ ਵੀ ਜ਼ਮੀਨੀ ਪੱਧਰ 'ਤੇ ਬਿਹਾਰ ਦੇ ਲੋਕਾਂ ਵਿੱਚ ਵਿਚਰ ਰਹੇ ਹਨ। ਜੇ ਪੰਜਾਬ ਦੀ ਗੱਲ ਕਰੀਏ ਤਾਂ ਸੁਖਬੀਰ ਬਾਦਲ ਵੀ ਯਾਤਰਾਵਾਂ ਕੱਢੀ ਜਾ ਰਹੇ ਹਨ। ਹੁਣ ਸਵਾਲ ਇਹ ਉਠਦਾ ਹੈ ਕਿ ਨੇਤਾਵਾਂ ਦੀਆਂ ਯਾਤਰਾਵਾਂ ਲੋਕਾਂ 'ਤੇ ਕੀ ਪ੍ਰਭਾਵ ਛੱਡਦੀਆਂ ਹਨ, ਇਹ ਯਾਤਰਾਵਾਂ ਚੋਣਾਂ ਦੇ ਦੌਰਾਨ ਹੀ ਕਿਉਂ ਕੱਢੀਆਂ ਜਾਂਦੀਆਂ ਹਨ ? ਜਿੱਤ ਕੇ ਆਏ ਨੇਤਾ ਐਹੋ ਜਿਹੀਆਂ ਯਾਤਰਾਵਾਂ ਲੋਕਾਂ ਵਿੱਚ ਕਿਉਂ ਨਹੀਂ ਕੱਢਦੇ ? ਕੀ ਵਿਰੋਧੀ ਧਿਰ ਦੇ ਵਿੱਚ ਬੈਠ ਕੇ ਸਾਰੇ ਨੇਤਾ ਦੁੱਧ ਧੋਤੇ ਹੋ ਜਾਂਦੇ ਹਨ ? ਸੱਤਾ ਦੀ ਕੁਰਸੀ ਤੋਂ ਉੱਤਰ ਕੇ ਜਦੋਂ ਇਹ ਵਿਰੋਧੀ ਰੱਥ 'ਤੇ ਚੜਦੇ ਹਨ ਤਾਂ ਇਹ ਸੱਤਾਧਾਰੀਆਂ ਦੇ ਪਾਜ ਉਧੇੜਨ ਲੱਗਦੇ ਹਨ। ਕੀ ਇਹ ਆਪਣੀ ਨੇਕਨੀਤੀ ਦਾ ਸਬੂਤ ਦੇ ਰਹੇ ਹੁੰਦੇ ਹਨ ? ਕੀ ਅਕਾਲੀਆਂ ਦੀ ਯਾਤਰਾ ਉਹਨਾਂ ਦੀ ਕੌਮ ਦੇ ਨਾਲ ਧੱਕੇਸ਼ਾਹੀ ਵਾਲਾ ਦਾਗ ਧੋ ਦੇਵੇਗੀ ? ਕੀ ਤੇਜਸਵੀ ਯਾਦਵ ਜਨ ਵਿਸ਼ਵਾਸ ਯਾਤਰਾ ਰਾਹੀਂ ਚਾਰੇ ਘੁਟਾਲੇ ਵਾਲਾ ਦਾਗ ਲਾਹ ਲੈਣਗੇ ? ਕਾਂਗਰਸ ਦੀ ਰੱਥ ਯਾਤਰਾ ਘੁਟਾਲੇ ਤੇ ਸਿੱਖ ਕੌਮ ਨਾਲ ਕੀਤੇ ਧੱਕੇ ਵਾਲਾ ਦਾਗ ਲਾਹ ਸਕੇਗੀ ? ਪਤਾ ਨਹੀਂ ਏਸ ਪਿੱਛੇ ਨੇਤਾਵਾਂ ਦੀ ਕੀ ਚਾਲ ਹੈ ਪਰ ਯਾਤਰਾਵਾਂ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਕਹਿੰਦੇ ਨੇ ਕਿ ਦੇਸ਼ ਦੀ ਪਹਿਲੀ ਰੱਥ ਯਾਤਰਾ 1982 ਦੇ ਵਿੱਚ ਕੱਢੀ ਗਈ ਸੀ। ਇਹ ਰੱਥ ਯਾਤਰਾ ਫ਼ਿਲਮਾਂ 'ਚੋਂ ਆਏ ਨੰਦਮੂਰੀ ਤਾਰਕ ਰਾਮਾਰਾਓ ਭਾਵ ਐਨ.ਟੀ.ਆਰ.ਰਾਮਾਰਾਓ ਨੇ ਆਂਧਰਾ ਪ੍ਰਦੇਸ਼ ਵਿੱਚ ਕਾਂਗਰਸ ਦੇ ਭ੍ਰਿਸ਼ਟ ਸ਼ਾਸ਼ਨ ਦੇ ਖ਼ਿਲਾਫ਼ ਆਪਣੀ ਨਵੀਂ ਪਾਰਟੀ ਤੇਲਗੂ ਦੇਸ਼ਮ ਲਾਂਚ ਕਰਨ ਤੋਂ ਬਾਅਦ ਕੱਢੀ ਸੀ। 1983 ਦੇ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਸਨ। 29 ਮਾਰਚ 1983 ਨੂੰ ਇਸ ਪਾਰਟੀ ਦਾ ਗਠਨ ਹੋਇਆ ਸੀ। ਉਸ ਸਮੇਂ ਰਾਮਾਰਾਓ ਨੇ ਪੂਰੇ ਆਂਧਰਾ ਪ੍ਰਦੇਸ਼ ਦਾ ਦੌਰਾ ਕੀਤਾ। 9 ਮਹੀਨੇ ਦੇ ਦੌਰਾਨ ਕਰੀਬ 40 ਹਜ਼ਾਰ ਕਿਲੋਮੀਟਰ ਦੀ ਰੱਥ ਯਾਤਰਾ ਕੀਤੀ ਤੇ ਪੂਰੇ ਰਾਜ ਦਾ ਚਾਰ ਵਾਰ ਚੱਕਰ ਲਗਾਇਆ ਸੀ। ਜਦੋਂ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਇਆ ਸੀ ਤਦ ਉਹਨਾਂ ਨੇ ਆਪਣੀ ਰੱਥ ਯਾਤਰਾ ਰੋਕੀ ਸੀ ਤੇ ਹੈਦਰਾਬਾਦ ਦੀ ਵਾਪਸੀ ਕੀਤੀ ਸੀ। ਏਸ ਯਾਤਰਾ ਨੇ ਐਨ.ਟੀ.ਆਰ. ਨੂੰ ਏਨੀ ਪ੍ਰਸਿੱਧੀ ਦਿਵਾਈ ਕਿ 294 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਉਹਨਾਂ ਦੀ ਪਾਰਟੀ ਨੂੰ ਪ੍ਰਚੰਡ ਬਹੁਮਤ 201 ਸੀਟਾਂ ਦਾ ਮਿਲਿਆ ਸੀ। ਉਸ ਸਮੇਂ ਕਾਂਗਰਸ ਨੂੰ 115 ਸੀਟਾਂ ਦਾ ਨੁਕਸਾਨ ਹੋਇਆ ਸੀ। ਇਸ ਰੱਥ ਯਾਤਰਾ ਨੇ ਐਨ.ਟੀ.ਆਰ ਨੂੰ ਕੇਵਲ ਸੱਤਾ ਵਿੱਚ ਹੀ ਨਹੀਂ ਸੀ ਪਹੁੰਚਾਇਆ ਸਗੋਂ ਗਿੰਨੀਜ਼ ਬੁੱਕਸ ਆਫ਼ ਰਿਕਾਰਡ ਵਿੱਚ ਐਂਟਰੀ ਵੀ ਦਿਵਾਈ ਸੀ।



1983 ਦੇ ਵਿੱਚ ਜਨਤਾ ਪਾਰਟੀ ਦੇ ਨੇਤਾ ਚੰਦਰ ਸ਼ੇਖਰ ਨੇ ਕੰਨਿਆਕੁਮਾਰੀ ਤੋਂ ਇੱਕ ਯਾਤਰਾ ਦੀ ਸ਼ੁਰੂਆਤ ਕੀਤੀ। 6 ਮਹੀਨਿਆਂ ਬਾਅਦ ਇਹ ਯਾਤਰਾ ਨਵੀਂ ਦਿੱਲੀ ਪਹੁੰਚੀ ਤੇ ਉਦੋਂ ਤੱਕ ਚੰਦਰ ਸ਼ੇਖਰ ਦਾ ਕੱਦ ਬੁੱਤ ਬਹੁਤ ਉੱਚਾ ਹੋ ਚੁੱਕਿਆ ਸੀ। ਬਾਅਦ ਵਿੱਚ ਚੰਦਰ ਸ਼ੇਖਰ ਭਾਰਤ ਦਾ ਪ੍ਰਧਾਨ ਮੰਤਰੀ ਵੀ ਬਣਿਆ ਸੀ। 1984 ਦੀਆਂ ਚੋਣਾਂ ਵਿੱਚ ਇਹ ਯਾਤਰਾ ਦਾ ਪ੍ਰਭਾਵ ਕਾਫ਼ੀ ਕਮਜੋਰ ਹੋ ਗਿਆ ਸੀ ਕਿਉਂਕਿ ਰਾਜੀਵ ਗਾਂਧੀ ਭਾਵਨਾਤਮਕ ਯਾਤਰਾ 'ਤੇ ਸਵਾਰ ਹੋ ਕੇ ਦੇਸ਼ ਦੇ ਪ੍ਰਧਾਨ ਮੰਤਰੀ ਬਣ ਗਏ ਸਨ। 1985 ਦੇ ਵਿੱਚ ਰਾਜੀਵ ਗਾਂਧੀ ਨੇ ਮੁੰਬਈ ਵਿੱਚ ਇੱਕ ਆਲ ਇੰਡੀਆ ਕਾਂਗਰਸ ਕਮੇਟੀ ਦੀ ਸੰਦੇਸ਼ ਯਾਤਰਾ ਲਈ ਯੋਜਨਾਵਾਂ ਦਾ ਐਲਾਨ ਕੀਤਾ। ਨੇਤਾਵਾਂ ਤੇ ਵਰਕਰਾਂ ਨੇ ਮੁੰਬਈ, ਕਸ਼ਮੀਰ, ਕੰਨਿਆਕੁਮਾਰੀ ਤੇ ਉਤਰ ਪੂਰਬ ਤੋਂ ਇੱਕੋ ਸਮੇਂ ਯਾਤਰਾ ਕੱਢੀ ਸੀ। 3 ਮਹੀਨਿਆਂ ਬਾਅਦ ਦਿੱਲੀ ਦੇ ਰਾਮ ਲੀਲਾ ਮੈਦਾਨ ਵਿੱਚ ਇਹ ਯਾਤਰਾ ਸਮਾਪਤ ਹੋਈ।

ਸਭ ਤੋਂ ਵੱਧ ਧਿਆਨ ਦੇਣ ਯੋਗ ਪੈਦਲ ਮਾਰਚ 1990 ਵਿੱਚ ਆਇਆ ਸੀ। ਲਾਲ ਕ੍ਰਿਸ਼ਨ ਅਡਵਾਨੀ ਨੇ ਅਯੁੱਧਿਆ ਵਿੱਚ ਰਾਮ ਮੰਦਰ ਅੰਦੋਲਨ ਨੂੰ ਗਤੀ ਦੇਣ ਦੇ ਲਈ ਇਹ ਰੱਥ ਯਾਤਰਾ ਦੀ ਅਗਵਾਈ ਕੀਤੀ ਸੀ। 10 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਅਯੁੱਧਿਆ ਵਿੱਚ ਇਸ ਯਾਤਰਾ ਦੀ ਸਮਾਪਤੀ ਹੋਈ ਤੇ ਅਡਵਾਨੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬੁੱਧੀਜੀਵੀਆਂ ਨੇ ਇਸ ਯਾਤਰਾ ਨੂੰ ਸਫ਼ਲ ਮੰਨਿਆ ਕਿਉਂਕਿ ਇਸ ਨੇ ਭਾਜਪਾ ਦੀ ਜੜ ਨੂੰ ਹੋਰ ਡੂੰਘਾ ਕੀਤਾ ਸੀ। ਜਿਵੇਂ ਜਿਵੇਂ ਮੰਦਰ ਦੀ ਮੰਗ ਤੇਜੀ ਫੜਦੀ ਗਈ ਤੇ ਭਾਜਪਾ ਦੀ ਕਿਸਮਤ ਵੀ ਜੋਰ ਫੜਦੀ ਗਈ। ਭਾਜਪਾ ਦੀ ਇੱਕ ਹੋਰ ਯਾਤਰਾ ਵੀ ਬੜੀ ਉਮੀਦਾਂ ਨਾਲ ਸ਼ੁਰੂ ਹੋਈ ਸੀ, ਪਰ ਅਸਫ਼ਲ ਰਹੀ ਸੀ। ਇਹ ਯਾਤਰਾ 1991 ਦੇ ਵਿੱਚ ਭਾਜਪਾ ਦੇ ਰਹਿ ਚੁੱਕੇ ਪ੍ਰਧਾਨ ਮੁਰਲੀ ਮਨੋਹਰ ਜੋਸ਼ੀ ਨੇ ਕੀਤੀ ਸੀ। ਇਹ ਯਾਤਰਾ ਰਾਸ਼ਟਰੀ ਏਕਤਾ ਦੇ ਹੱਕ ਵਿੱਚ ਤੇ ਵੱਖਵਾਦੀ ਅੰਦੋਲਨਾਂ ਦੇ ਵਿਰੋਧ ਨੂੰ ਉਜਾਗਰ ਕਰਨ ਦੇ ਲਈ ਸੀ।

ਸਾਲ 2003 ਦੇ ਵਿੱਚ ਇੱਕ ਅਜਿਹੀ ਯਾਤਰਾ ਨਿਕਲੀ, ਜਿਸ ਨੇ ਇੱਕ ਨੇਤਾ ਨੂੰ ਸੱਤਾ 'ਤੇ ਕਾਬਜ ਕਰਾ ਦਿੱਤਾ। ਕਾਂਗਰਸ ਨੇਤਾ ਵਾਈ.ਐਸ.ਰਾਜਸ਼ੇਖਰ ਰੈਡੀ ਨੇ ਆਂਧਰਾ ਪ੍ਰਦੇਸ਼ ਵਿੱਚ 14 ਹਜ਼ਾਰ ਕਿਲੋਮੀਟਰ ਪੈਦਲ ਯਾਤਰਾ ਕੀਤੀ। ਉਸ ਨੇ ਇੱਕ ਸਾਲ ਬਾਅਦ ਕਾਂਗਰਸ ਦੀ ਅਗਵਾਈ ਕੀਤੀ। ਚੰਦਰ ਬਾਬੂ ਨਾਇਡੂ ਦੀ ਅਗਵਾਈ ਵਾਲੀ ਤੇਲਗੂ ਦੇਸਮ ਪਾਰਟੀ ਨੂੰ ਹਰਾ ਕੇ ਇੱਕ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਸਾਲ 2004 ਦੀ ਗੱਲ ਕਰੀਏ ਤਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੇ ਲਾਲ ਕ੍ਰਿਸ਼ਨ ਅਡਵਾਨੀ ਨੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਅਧੀਨ ਭਾਰਤ ਦੀਆਂ ਪ੍ਰਾਪਤੀਆਂ ਉਜਾਗਰ ਕਰਨ ਦੇ ਲਈ 'ਭਾਰਤ ਉਦੈ" ਯਾਤਰਾ ਸ਼ੁਰੂ ਕੀਤੀ, ਹਾਲਾਂਕਿ ਭਾਜਪਾ ਨੂੰ ਉਸ ਸਮੇਂ ਲੋਕ ਸਭਾ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਤੇ ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਵਜੋਂ ਆਪਣਾ ਪਹਿਲਾ ਕਾਰਜਕਾਲ ਸ਼ੁਰੂ ਕੀਤਾ ਸੀ।

2017 ਦੇ ਵਿੱਚ ਕਾਂਗਰਸ ਨੂੰ ਤਾਕਤ ਵਿੱਚ ਲਿਆਉਣ ਲਈ ਇੱਕ ਯਾਤਰਾ ਕੱਢੀ ਗਈ ਸੀ। ਕਾਂਗਰਸ ਨੇਤਾ ਦਿਗਵਿਜੈ ਸਿੰਘ ਨੇ 'ਨਰਮਦਾ ਪ੍ਰਕਰਮਾ' ਯਾਤਰਾ ਦੀ ਸ਼ੁਰੂਆਤ ਕੀਤੀ ਸੀ। ਇਸ ਯਾਤਰਾ ਨੇ 2019 ਦੀਆਂ ਵਿਧਾਨ ਸਭਾ ਚੋਣਾਂ ਦੇ ਵਿੱਚ ਪਾਰਟੀ ਦੀ ਸਫ਼ਲਤਾ ਵਿੱਚ ਯੋਗਦਾਨ ਪਾਇਆ ਸੀ।

ਸਾਲ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਪੰਜ ਦਿਨਾਂ ਦੀ ਜਨ ਆਸ਼ੀਰਵਾਦ ਯਾਤਰਾ ਵੀ ਕੀਤੀ ਸੀ, 39 ਕੇਂਦਰੀ ਮੰਤਰੀਆਂ ਨੂੰ 22 ਰਾਜਾਂ ਨੂੰ ਕਵਰ ਕਰਨ ਲਈ ਭੇਜਿਆ ਗਿਆ ਸੀ। ਮੰਤਰੀਆਂ ਨੇ 212 ਲੋਕ ਸਭਾ ਹਲਕਿਆਂ ਨੂੰ ਕਵਰ ਕਰਨ ਦੇ ਲਈ ਇਹ ਯਾਤਰਾ ਕੱਢੀ ਤੇ ਲੋਕਾਂ ਤਕ ਪਹੁੰਚ ਕੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾਈਆਂ। ਪ੍ਰਾਪਤੀਆਂ ਦੱਸਣ ਦੇ ਲਈ 19,567 ਕਿਲੋਮੀਟਰ ਤੋਂ ਵੱਧ ਦਾ ਸਫਰ ਕੀਤਾ ਸੀ। ਸਾਲ 2024 ਦੇ ਵਿੱਚ ਭਾਜਪਾ ਨੂੰ ਇਸ ਦਾ ਫਾਇਦਾ ਮਿਲਿਆ। ਉਸ ਸਮੇਂ ਰਾਹੁਲ ਗਾਂਧੀ ਦੀ 3500 ਕਿਲੋਮੀਟਰ ਦੀ ਯਾਤਰਾ ਨੂੰ ਲੋਕਾਂ ਨੇ ਬਹੁਤ ਤਵੱਜੋ ਨਹੀਂ ਸੀ ਦਿੱਤੀ।

ਇਹਨਾਂ ਯਾਤਰਾਵਾਂ ਨੇ ਹੁਣ ਤੱਕ ਕਈ ਸਿਆਸੀ ਪਾਰਟੀਆਂ ਨੂੰ ਸੱਤਾ ਦੇ ਤਖ਼ਤ 'ਤੇ ਬੈਠਾਇਆ ਪਰ ਹੁਣ ਇਸ ਵਕਤ ਕੁਝ ਕੁ ਪਾਰਟੀਆਂ ਯਾਤਰਾਵਾਂ ਜ਼ਰੂਰ ਕੱਢ ਰਹੀਆਂ ਨੇ ਸਿਰਫ਼ ਆਪਣੇ ਆਪ ਨੂੰ ਜਿੰਦਾ ਦਿਖਾਉਣ ਦੇ ਲਈ।



ਲੋਕਾਂ ਦੀ ਭੀੜ ਨਾਲ ਨਹੀਂ ਸਗੋਂ ਆਪਣੇ ਚੇਲਿਆਂ ਦੀ ਭੀੜ ਨਾਲ। ਯਾਤਰਾ ਤਾਂ ਮਹਾਤਮਾ ਗਾਂਧੀ ਨੇ ਕਢੀ ਸੀ, ਜਿਸ ਦਾ ਨਾਂਅ ਸੀ ਡਾਂਡੀ ਮਾਰਚ। ਗਾਂਧੀ ਦਾ ਮਕਸਦ ਇਹ ਸੀ ਕਿ ਆਖਰੀ ਬੰਦੇ ਤੱਦ ਪਤਾ ਲੱਗਣਾ ਚਾਹੀਦਾ ਹੈ ਕਿ ਤੁਹਾਡੇ ਦੇਸ਼ ਵਿੱਚ ਕੀ ਹੋ ਰਿਹਾ ਹੈ, ਭਾਵ ਮਜ਼ਦੂਰ ਤੱਕ। ਉਸ ਸਮੇਂ ਸੋਸ਼ਲ ਮੀਡੀਆ ਨਹੀਂ ਸੀ ਹੁੰਦਾ ਪਰ ਹਰ ਬੰਦਾ ਮਹਾਤਮਾ ਗਾਂਧੀ ਨੂੰ ਜਾਣਦਾ ਸੀ। ਨੀਵੇਂ ਹਰ ਵਰਗ ਤੱਕ ਮਹਾਤਮਾ ਗਾਂਧੀ ਦੀ ਪਹੁੰਚ ਨੂੰ ਵੇਖ ਕੇ ਹੀ ਅੰਗਰੇਜ਼ਾਂ ਨੇ ਉਸ ਨੂੰ ਤਵੱਜੋ ਦਿੱਤੀ ਸੀ। ਹੁਣ ਨਾ ਉਹ ਪਹਿਲਾਂ ਵਰਗਾ ਮਾਰਚ ਹੈ ਤੇ ਨਾ ਹੀ ਪਹਿਲਾਂ ਵਰਗੇ ਲੋਕ।





# ਗੁਰਦੁਆਰਾ ਸਾਹਿਬ ਸ੍ਰੀ ਫ਼ਰੀਮਾਂਟ ਵਿਖੇ ਸ੍ਰੀ ਨਾਭ ਕਮਲ ਰਾਜਾ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਧਾਰਮਿਕ ਦਿਵਾਨ ਸਜਾਏ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਮਹਾਨ ਤਪੱਸਵੀ 108 ਸ੍ਰੀ ਨਾਭ ਕਮਲ ਰਾਜਾ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਸਥਾਨਕ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਸ੍ਰੀ ਫਰੀਮਾਂਟ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਦਿਵਾਨ ਸਜਾਏ ਗਏ। ਇਸ ਮੌਕੇ ’ਤੇ ਰਾਜਾ ਸਾਹਿਬ ਮਜਾਰੇ ਦੇ ਇਲਾਕੇ, ਪਿੰਡ ਝਿੰਗੜਾਂ ਗੁਣਾਂਚੌਰ ਖਾਨ ਖਾਨਾ, ਨੂਰਪੁਰ ਰਹਿਪਾ, ਜਗਤਪੁਰ, ਚੱਕ ਬਿਲਗਾ, ਮਜਾਰੇ ਦੀਆਂ ਸੰਗਤਾਂ ਨੇ ਵਿਸ਼ੇਸ ਤੌਰ ’ਤੇ ਹਾਜਰੀ ਭਰੀ।

ਇਸ ਮੌਕੇ ’ਤੇ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਵੱਖ- ਵੱਖ ਬੁਲਾਰਿਆਂ ਨੇ ਸ੍ਰੀ





ਨਾਭ ਕਮਲ ਰਾਜਾ ਸਾਹਿਬ ਦੇ ਜੀਵਨ ਬਿਰਤਾਂਤ ਵਾਰੇ ਚਾਨਣਾ ਪਾਇਆ। ਤਿੰਨੋਂ ਦਿਨ ਸੇਵਾ ਕਰਨ ਵਾਲਿਆਂ ਵਿੱਚ ਸਰਦਾਰ ਦਵਿੰਦਰ ਸਿੰਘ ਮਾਣੂਕੇ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਫਰੀਮਟ ਭਾਈ ਰਾਮ ਸਿੰਘ,ਅਮਰਜੀਤ ਸਿੰਘ ਝਿੰਗੜਾਂ, ਰਮੇਸ਼ ਸਿੰਘ, ਭਿੰਦੀ ਝਿੰਗੜਾਂ ਤੇ ਜਰਨੈਲ ਸਿੰਘ ਰਾਜਾ ਸਾਹਿਬ ਦਾ ਮਾਜਰਾ, ਪਰਮਿੰਦਰ ਸਿੰਘ ਰਟੈਂਡਾ, ਰਾਜਾ ਨੂਰਪੁਰੀਆ, ਜੱਗਾ ਸ਼ੇਰਗਿੱਲ ਆਦਿ ਨੇ ਸੇਵਾ ’ਚ ਹਾਜ਼ਰੀ ਦਿੱਤੀ।

# ਅਮਰੀਕਾ-ਬ੍ਰਿਟੇਨ ਨੇ 6 ਦੇਸ਼ਾਂ ਦੇ ਸਹਿਯੋਗ ਨਾਲ ਹਾਉਤੀ ਲੜਾਕਿਆਂ ’ਤੇ ਕੀਤੇ ਹਮਲੇ

## 18 ਟਿਕਾਣੇ ਤਬਾਹ ਕਰਨ ਦਾ ਕੀਤਾ ਦਾਅਵਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਹਾਉਤੀ ਲੜਾਕਿਆਂ ਦੇ ਟਿਕਾਣਿਆਂ ’ਤੇ ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਦੁਆਰਾ ਕਾਰਵਾਈ ਜਾਰੀ ਹੈ। ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਨੇ ਯਮਨ ਵਿੱਚ ਹਾਉਤੀ ਬਾਗੀਆਂ ਦੇ 18 ਟਿਕਾਣਿਆਂ ’ਤੇ ਹਮਲਾ ਕੀਤਾ ਹੈ। ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਨੇ ਇਹ ਕਾਰਵਾਈ ਰੈੱਡ ਲਗਾਰ ਅਤੇ ਅਦਨ ਦੀ ਖਾੜੀ ’ਚ ਹਾਉਤੀ ਬਾਗੀਆਂ ਵੱਲੋਂ ਜਹਾਜ਼ਾਂ ’ਤੇ ਕੀਤੇ ਗਏ ਹਮਲਿਆਂ ਦੇ ਜਵਾਬ ਵਿੱਚ ਕੀਤੀ ਹੈ।



ਅਧਿਕਾਰੀਆਂ ਨੇ ਕਿਹਾ ਕਿ ਯੂ ਐਸ ਅਤੇ ਬ੍ਰਿਟਿਸ਼ ਬਲਾਂ ਨੇ ਸ਼ਨੀਵਾਰ ਨੂੰ ਯਮਨ ਵਿੱਚ ਇੱਕ ਦਰਜਨ ਤੋਂ ਵੱਧ ਹਾਉਤੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਅਮਰੀਕਾ ਨੇ ਹਾਉਤੀ ਬਾਗੀਆਂ ਨੂੰ ਨਿਸ਼ਾਨਾ ਬਣਾਇਆ ਹੈ ਜੋ ਯਮਨ ਦੇ ਸਭ ਤੋਂ ਵੱਧ ਆਬਾਦੀ ਵਾਲੇ ਹਿੱਸਿਆਂ ਨੂੰ ਕੰਟਰੋਲ ਕਰਦੇ ਹਨ। ਬਿਆਨ ’ਚ ਕਿਹਾ ਗਿਆ ਹੈ ਕਿ ਯਮਨ ’ਚ ਅੱਠ ਥਾਂਵਾਂ ’ਤੇ ਇਹ ਫੌਜੀ ਕਾਰਵਾਈ ਕੀਤੀ ਗਈ ਹੈ, ਜਿਸ ’ਚ ਹੂਤੀ ਬਾਗੀਆਂ ਦੇ 18 ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਭੂਮੀਗਤ ਹਥਿਆਰ ਅਤੇ ਮਿਜ਼ਾਈਲ ਸਟੋਰੇਜ ਸੁਵਿਧਾਵਾਂ, ਹਵਾਈ ਰੱਖਿਆ ਪ੍ਰਣਾਲੀ, ਰਡਾਰ ਅਤੇ ਇੱਕ ਹੈਲੀਕਾਪਟਰ ਸ਼ਾਮਲ ਸਨ।

ਅਮਰੀਕੀ ਰੱਖਿਆ ਮੰਤਰੀ ਲੋਇਡ ਆਸਟਿਨ ਨੇ ਕਿਹਾ ਕਿ ਹਮਲੇ ਦਾ ਉਦੇਸ਼ ਇਰਾਨ ਸਮਰਥਿਤ ਹਾਉਤੀ ਬਾਗੀਆਂ ਦੀ ਤਾਕਤ ਨੂੰ ਹੋਰ ਘਟਾਉਣਾ ਸੀ। ਆਸਟਿਨ ਨੇ ਕਿਹਾ ਕਿ ਅਸੀਂ ਹੂਥੀਆਂ ਨੂੰ ਸਪੱਸ਼ਟ ਤੌਰ ’ਤੇ ਚਿਤਾਵਨੀ ਦੇਣਾ ਚਾਹੁੰਦੇ ਹਾਂ ਕਿ ਜੇਕਰ ਉਨ੍ਹਾਂ ਨੇ ਆਪਣੇ ਗੈਰ-ਕਾਨੂੰਨੀ ਹਮਲੇ ਬੰਦ ਨਾ ਕੀਤੇ ਤਾਂ ਭਵਿੱਖ ਵਿੱਚ ਉਨ੍ਹਾਂ ਖ਼ਿਲਾਫ਼ ਇਸੇ ਤਰ੍ਹਾਂ ਦੀ ਫੌਜੀ ਕਾਰਵਾਈ ਕੀਤੀ ਜਾਵੇਗੀ।

**ਅਮਰੀਕਾ ਅਤੇ ਬਰਤਾਨੀਆ ਨੂੰ ਇਨ੍ਹਾਂ ਦੇਸ਼ਾਂ ਦਾ ਮਿਲਿਆ ਸਮਰਥਨ**

ਅਮਰੀਕੀ ਅਤੇ ਬ੍ਰਿਟਿਸ਼ ਫੌਜ ਦੀ ਇਸ ਕਾਰਵਾਈ ਨੂੰ ਆਸਟ੍ਰੇਲੀਆ, ਬਹਿਰੀਨ, ਕੈਨੇਡਾ, ਡੈਨਮਾਰਕ, ਨੀਦਰਲੈਂਡ ਅਤੇ ਨਿਊਜ਼ੀਲੈਂਡ ਦਾ ਸਮਰਥਨ ਮਿਲਿਆ ਹੈ। ਹਾਉਤੀ ਵਿਦਰੋਹੀਆਂ ਦੁਆਰਾ ਚਲਾਈ ਜਾਂਦੀ ਇੱਕ ਸਮਾਚਾਰ ਏਜੰਸੀ ਅਲ-ਮਸੀਰਾਹ ਟੀਵੀ ਨੇ ਕਿਹਾ ਕਿ ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਨੇ ਰਾਜਧਾਨੀ ਸਨਾ ਵਿੱਚ ਲੜੀਵਾਰ ਹਮਲੇ ਕੀਤੇ ਹਨ।

# ਭਾਰਤੀ ਵਿਦਿਆਰਥੀ ਦੀ ਮੌਤ ਜ਼ਿਆਦਾ ਸ਼ਰਾਬ ਪੀਣ ਤੇ ਠੰਡ ਕਾਰਨ ਹੋਈ : ਕੋਰੋਨਰ ਦਫ਼ਤਰ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਯੂਨੀਵਰਸਿਟੀ ਆਫ਼ ਇਲੀਨੋਇਸ, ਉਰਬਾਨਾ ਦੇ ਫ਼ਸਟ ਯੀਅਰ ਦੇ 18 ਸਾਲਾ ਭਾਰਤੀ ਵਿਦਿਆਰਥੀ ਅਕੁਲ ਧਵਨ ,ਜਿਸ ਦੀ ਇਸ ਸਾਲ 20 ਜਨਵਰੀ ਨੂੰ ਮੌਤ ਹੋ ਗਈ ਸੀ, ਸਬੰਧੀ ਚੈਂਪੇਨ ਕਾਊਂਟੀ ਕੋਰੋਨਰ ਦਫ਼ਤਰ, ਇਲੀਨੋਇਸ ਨੇ ਕਿਹਾ ਹੈ ਕਿ ਵਧੇਰੇ ਸ਼ਰਾਬ ਤੇ ਠੰਡ ਦੇ ਸਿੱਟੇ ਵਜੋਂ ਹਾਈਪੋਥਰਮੀਆ ਉਸ ਦੀ ਮੌਤ ਦਾ ਕਾਰਨ ਬਣਿਆ।



ਕੋਰੋਨਰ ਦਫ਼ਤਰ ਨੇ ਟੌਕਸੀਕਾਲੋਜੀ ਰਿਪੋਰਟ ਆਉਣ ਤੋਂ ਬਾਅਦ ਕਿਹਾ ਹੈ ਕਿ ਵਧੇਰੇ ਨਸ਼ਾ ਤੇ ਲੰਬਾ ਸਮਾਂ ਠੰਡ ਵਾਲੇ ਤਾਪਮਾਨ ਵਿੱਚ ਪਏ ਰਹਿਣ ਕਾਰਨ ਧਵਨ ਜਿਉਂਦਾ ਨਹੀਂ ਰਹਿ ਸਕਿਆ। ਸੀ. ਸੀ. ਟੀ. ਵੀ. ਅਨੁਸਾਰ ਧਵਨ ਤੇ ਉਸ ਦੇ ਦੋਸਤਾਂ ਨੇ ਯੂਨੀਵਰਸਿਟੀ ਕੈਂਪਸ ਨੇੜੇ ਇੱਕ ਕਲੱਬ ਵਿੱਚ ਸ਼ਰਾਬ ਪੀਤੀ ਸੀ। ਰਾਤ 11.30 ਵਜੇ ਦੇ ਆਸ ਪਾਸ ਉਹ ਦੁਬਾਰਾ ਕੈਨੋਪਾਈ ਕਲੱਬ ਵਿੱਚ ਗਏ ਜਿਥੇ ਉਨ੍ਹਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਗਿਆ। ਕੰਸਾਸ ਸਿਟੀ ਪ੍ਰਸ਼ਾਸਨ ਨੇ ਜਾਂਚਕਾਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਧਵਨ ਨੇ ਕਈ ਵਾਰ ਕਲੱਬ ਵਿੱਚ ਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਸਟਾਫ਼ ਨੇ ਇਨਕਾਰ ਕਰ ਦਿੱਤਾ। ਉਸ ਲਈ ਦੋ ਵਾਰ ਗੱਡੀ ਮੰਗਵਾਈ ਗਈ ਪਰ ਉਸ ਨੇ ਉਨ੍ਹਾਂ ਵਿੱਚ ਬੈਠਣ ਤੋਂ ਨਾਂਹ ਕਰ ਦਿੱਤੀ ਸੀ। ਯੂਨੀਵਰਸਿਟੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਧਵਨ ਦਾ ਇੱਕ ਦੋਸਤ ਉਸੇ ਦਿਨ ਅੱਧੀ ਰਾਤ ਬਾਅਦ 1.23 ਵਜੇ ਸਵੇਰੇ ਕੈਂਪਸ ਪੁਲਿਸ ਕੋਲ ਗਿਆ ਸੀ ਤੇ ਉਸ ਨੇ ਧਵਨ ਦੇ ਲਾਪਤਾ ਹੋਣ ਬਾਰੇ ਦੱਸਿਆ ਸੀ।

ਇਸ ਉਪਰੰਤ ਪੁਲਿਸ ਨੇ ਆਸ ਪਾਸ ਧਵਨ ਦੀ ਭਾਲ ਕੀਤੀ ਪਰੰਤੂ ਉਹ ਨਹੀਂ ਮਿਲਿਆ। ਅਗਲੇ ਦਿਨ ਸਵੇਰੇ 11 ਵਜੇ ਕਲੱਬ ਤੋਂ ਕੁਝ ਦੂਰ ਇੱਕ ਇਮਾਰਤ ਦੇ ਪਿੱਛੇ ਉਹ ਮ੍ਰਿਤਕ ਹਾਲਤ ਵਿੱਚ (**ਬਾਕੀ ਸਫ਼ਾ 30 ’ਤੇ**)

# ਕੈਨੇਡਾ ’ਚ ਰਾਸ਼ਟਰੀ ਸੰਕਟ ਬਣਨ ਲੱਗੀ ਲਗਜ਼ਰੀ ਕਾਰਾਂ ਦੀ ਚੋਰੀ

## ਓਟਾਵਾ ਵਿੱਚ ਇੱਕ ਆਟੋ ਥੈਫ਼ਟ ਕਾਨਫ਼ਰੰਸ ਦਾ ਆਯੋਜਨ

ਓਟਾਵਾ/ਏ.ਟੀ.ਨਿਊਜ਼ : ਕੈਨੇਡਾ ਵਿੱਚ ਲਗਜ਼ਰੀ ਕਾਰਾਂ ਦੀ ਚੋਰੀ ਰਾਸ਼ਟਰੀ ਸੰਕਟ ਬਣਦੀ ਜਾ ਰਹੀ ਹੈ। ਵਧਦੀਆਂ ਕਾਰ ਚੋਰੀਆਂ ਤੋਂ ਚਿੰਤਤ ਸਰਕਾਰ ਨੇ ਇਸ ਮਹੀਨੇ ਓਟਾਵਾ ਵਿੱਚ ਇੱਕ ਆਟੋ ਥੈਫਟ ਕਾਨਫਰੰਸ ਦਾ ਆਯੋਜਨ ਕੀਤਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਾਨਫਰੰਸ ਵਿੱਚ ਕਿਹਾ ਕਿ ਸੰਗਠਿਤ ਅਪਰਾਧ ਨੈੱਟਵਰਕ ਬਿਨਾਂ ਕਿਸੇ ਡਰ ਦੇ ਕੰਮ ਕਰ ਰਿਹਾ ਹੈ। ਚੋਰੀ ਹੋਈਆਂ ਕਾਰਾਂ ਦਾ ਅੰਤਰਰਾਸ਼ਟਰੀ ਬਾਜ਼ਾਰ ਵਿਸਥਾਰ ਹੋ ਰਿਹਾ ਹੈ। ਇਹ ਕਾਨਫਰੰਸ ਲੋਕਾਂ ਨੂੰ ਭਰੋਸਾ ਦਿਵਾਉਣ ਲਈ ਬੁਲਾਈ ਗਈ ਸੀ ਕਿ ਸਰਕਾਰ ਨੇ ਇਸ ਸਮੱਸਿਆ ਵੱਲ ਧਿਆਨ ਦਿੱਤਾ ਹੈ।

ਸਰਕਾਰ ਨੇ ਵਾਹਨ ਚੋਰਾਂ ’ਤੇ ਸਖ਼ਤ ਸਜ਼ਾਵਾਂ, ਸਰਹੱਦੀ ਏਜੰਸੀ ’ਚ ਜ਼ਿਆਦਾ ਲੋਕਾਂ ਦੀ ਤਾਇਨਾਤੀ ਅਤੇ ਮੁੱਖ ਹੈਕਿੰਗ ਯੰਤਰਾਂ ਦੀ ਦਰਾਮਦ ’ਤੇ ਪਾਬੰਦੀਆਂ ਲਗਾਈਆਂ ਹਨ। ਨਿਗਰਾਨੀ ਦੇ ਚੰਗੇ ਉਪਕਰਨਾਂ ਲਈ ਪੁਲਿਸ ਦੇ ਬਜਟ ਵਿੱਚ ਵਾਧਾ ਕੀਤਾ ਗਿਆ ਹੈ। ਕੈਨੇਡੀਅਨ ਵਾਸੀ ਡੈਨਿਸ ਵਿਲਸਨ ਜਦੋਂ ਵੀ ਆਪਣੀ ਨਵੀਂ ਕਾਰ ਚਲਾਉਣਾ ਚਾਹੁੰਦਾ ਹੈ ਤਾਂ ਉਸ ਨੂੰ 15 ਮਿੰਟ ਦਾ ਵੱਖਰਾ ਸਮਾਂ ਕੱਢਣਾ ਪੈਂਦਾ ਹੈ। ਇਹ ਸਮਾਂ ਕਾਰ ਦੇ ਸਟੀਅਰਿੰਗ ਵ੍ਹੀਲ, ਚਾਰ ਟਾਇਰਾਂ ਦਾ ਲਾਕ ਹਟਾਉਣ ਅਤੇ ਪਾਰਕਿੰਗ ਸਥਾਨ ’ਤੇ ਰੁਕਾਵਟਾਂ (ਬੋਲਾਰਡਸ) ਨੂੰ ਹਟਾਉਣ ਲਈ ਲੱਗਦਾ ਹੈ। ਉਸਦੀ ਕਾਰ ਵਿੱਚ ਦੋ ਅਲਾਰਮ ਸਿਸਟਮ, ਵਾਹਨ ਟਰੈਕਿੰਗ ਯੰਤਰ ਹਨ। ਇੱਕ ਰਿਮੋਟ ਕੁੰਜੀ ਸਿਸਟਮ ਹੈ ਜੋ ਗੈਰ-ਕਾਨੂੰਨੀ ਅਨਲੌਕਿੰਗ ਸਿਗਨਲਾਂ ਨੂੰ ਜਾਮ ਕਰਦਾ ਹੈ। ਇਸ ਤੋਂ ਇਲਾਵਾ ਉਸ ਨੇ ਟੋਰਾਂਟੋ ਵਿੱਚ ਆਪਣੇ ਘਰ ਵਿੱਚ ਦੋ ਫਲੱਡ ਲਾਈਟਾਂ ਲਗਾਈਆਂ ਹਨ। ਫਿਰ ਵੀ ਵਿਲਸਨ ਨੂੰ ਲੱਗਦਾ ਹੈ ਕਿ ਇਹ ਸਾਰੇ ਸੁਰੱਖਿਆ ਯੰਤਰ ਉਸਦੀ ਕਾਰ ਨੂੰ ਚੋਰੀ ਹੋਣ ਤੋਂ ਰੋਕਣਗੇ। ਚਿੰਤਾ ਦੀ ਗੱਲ ਹੈ ਕਿ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਟੋਰਾਂਟੋ



ਦੇ ਮਾਹਿਰ ਕਾਰ ਚੋਰਾਂ ’ਤੇ ਸੁਰੱਖਿਆ ਦੇ ਇਨ੍ਹਾਂ ਤਰੀਕਿਆਂ ਦਾ ਕੋਈ ਅਸਰ ਨਹੀਂ ਹੋਣ ਵਾਲਾ ਹੈ। ਵਿਲਸਨ ਦੀ ਕਾਰ ਪਹਿਲਾਂ ਵੀ ਚੋਰੀ ਹੋ ਚੁੱਕੀ ਹੈ। ਪਿਛਲੇ ਸਾਲ ਕੈਨੇਡਾ ਭਰ ਵਿੱਚ ਕਾਰਾਂ ਚੋਰੀ ਦੀਆਂ ਘਟਨਾਵਾਂ ਵਿੱਚ 22 ਫੀਸਦੀ ਦਾ ਵਾਧਾ ਹੋਇਆ ਹੈ। ਟੋਰਾਂਟੋ ਵਿੱਚ ਪਿਛਲੇ ਛੇ ਸਾਲਾਂ ਵਿੱਚ ਕਾਰ ਚੋਰੀ ਵਿੱਚ 150 ਫੀਸਦੀ ਵਾਧਾ ਹੋਇਆ ਹੈ। ਚੋਰੀ ਹੋਈ ਕਾਰ ਬਾਰੇ ਜਾਣਕਾਰੀ ਦੇਣ ਲਈ ਸੋਸ਼ਲ ਮੀਡੀਆ ਗਰੁੱਪ ਬਣਾਏ ਗਏ ਹਨ। ਚੋਰਾਂ ਨੂੰ ਸਰਕਾਰ ਨੇ ਵੀ ਨਹੀਂ ਬਖਸ਼ਿਆ। ਰਾਜਧਾਨੀ ਓਟਾਵਾ ਵਿੱਚ ਪੁਰਾਣੇ ਅਤੇ ਮੌਜੂਦਾ ਕਾਨੂੰਨ ਮੰਤਰੀਆਂ ਦੀਆਂ ਟੋਇਟਾ ਹਾਈਲੈਂਡਰ ਕਾਰਾਂ ਤਿੰਨ ਵਾਰ ਚੋਰੀ ਹੋ ਚੁੱਕੀਆਂ ਹਨ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪਿਏਰੇ ਪੋਇਲੀਵਰ ਨੇ ਇਸ ਮੁੱਦੇ ’ਤੇ ਕਈ ਵਾਰ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਚੋਰੀ ਦੇ ਮੁਲਜ਼ਮਾਂ ਨੂੰ ਜ਼ਮਾਨਤ ਦੇਣ ਅਤੇ ਸਜ਼ਾ ਦੇਣ ਵਿੱਚ ਢਿੱਲਮੱਠ ਵਰਤੀ ਜਾ ਰਹੀ ਹੈ।

ਮੈਕਾਂਟੋਨੀਓ ਦਾ ਕਹਿਣਾ ਹੈ ਕਿ ਲੱਗਦਾ ਹੈ ਕਿ ਅਪਰਾਧੀਆਂ ਨੇ ਕਾਰ ਚੋਰੀ ਵਿੱਚ ਪੀ.ਐਚ.ਡੀ ਕੀਤੀ ਹੈ। ਇਸ ਦੇ ਨਾਲ ਹੀ ਕਾਰ ਮਾਲਕਾਂ ਨੇ ਆਪਣੇ ਘਰਾਂ ਵਿੱਚ ਕਾਰ ਸਟੋਰੇਜ ਸਪੇਸ ਨੂੰ ਹੋਰ ਸੁਰੱਖਿਅਤ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਸਾਲ ਅਚੋਏ ਲੈਡਰਿਕ ਨੇ ਟੋਰਾਂਟੋ ਵਿੱਚ ਬੋਲਾਰਡ ਬੁਆਇਜ਼ ਜੀਟੀਏ ਕੰਪਨੀ ਸ਼ੁਰੂ ਕੀਤੀ।

ਇਹ ਕਾਰ ਚੋਰਾਂ ਤੋਂ ਘਰਾਂ ਨੂੰ ਸੁਰੱਖਿਅਤ ਬਣਾਉਣ ਲਈ ਬੋਲਾਰਡ ਅਤੇ ਹੋਰ ਚੀਜ਼ਾਂ ਸਥਾਪਤ ਕਰਦੀ ਹੈ। ਕਾਰ ਚੋਰ ਹੌਂਡਾ ਸੀਆਰ-ਵੀ, ਫੇਰਾਰੀ, ਰੇਂਜ ਰੋਵਰ, ਬੈਂਗਲੁਰੂ ਜੀਪ, ਫੋਰਡ-150 ਟਰੱਕਾਂ ’ਤੇ ਜ਼ਿਆਦਾ ਨਜ਼ਰ ਰੱਖਦੇ ਹਨ। ਕੀਮਤੀ ਕਾਰਾਂ ਦੇ ਸ਼ੌਕੀਨ ਕੁਝ ਲੋਕ ਆਪਣੀਆਂ ਕਾਰਾਂ ਨੂੰ ਗੁਪਤ ਥਾਵਾਂ ’ਤੇ ਰੱਖਦੇ ਹਨ। ਇੱਥੇ 24 ਘੰਟੇ ਸੁਰੱਖਿਆ ਹੁੰਦੀ ਹੈ ਅਤੇ ਰਾਤ ਨੂੰ ਕੁੱਤੇ ਰੱਖੇ ਜਾਂਦੇ ਹਨ ਪਰ ਅਜਿਹੀਆਂ ਥਾਵਾਂ ’ਤੇ ਵੀ ਚੋਰ ਹੱਥ ਸਾਫ ਕਰ ਚੁੱਕੇ ਹਨ।

**ਬੀਮਾ ਕੰਪਨੀਆਂ ਨੂੰ 2022 ’ਚ ਚੁਕਾਉਣੇ ਪਏ 7300 ਕਰੋੜ ਰੁਪਏ**

ਕੈਨੇਡਾ ਦੇ ਬੀਮਾ ਬਿਊਰੋ ਅਨੁਸਾਰ ਕਾਰ ਚੋਰੀ ਰਾਸ਼ਟਰੀ ਸੰਕਟ ਪੱਧਰ ’ਤੇ ਪਹੁੰਚ ਗਈ ਹੈ। ਬੀਮਾ ਕੰਪਨੀਆਂ ਨੂੰ 2022 ’ਚ ਕਾਰ ਚੋਰੀ ਦੇ ਦਾਅਵਿਆਂ ’ਤੇ 7300 ਕਰੋੜ ਰੁਪਏ ਦਾ ਭੁਗਤਾਨ ਕਰਨਾ ਪਿਆ। ਮਾਂਟਰੀਅਲ ਸਥਿਤ ਟੈਗ ਟ੍ਰੈਕਿੰਗ ਦੇ ਵਾਈਸ ਪ੍ਰੈਜ਼ੀਡੈਂਟ ਫਰੈਡੀ ਮਰਕੈਨਟੋਨੀਓ ਨੇ ਕਿਹਾ ਕਿ ਓਂਟਾਰੀਓ ਵਿੱਚ ਬੀਮਾ ਕੰਪਨੀਆਂ ਤੋਂ ਵਾਹਨ ਟਰੈਕਿੰਗ ਦੀ ਮੰਗ ਪਿਛਲੇ ਦੋ ਸਾਲਾਂ ਵਿੱਚ ਦੁੱਗਣੀ ਹੋ ਗਈ ਹੈ। ਕਿਊਬੈਕ ਸੂਬੇ ਵਿੱਚ ਬੀਮਾ ਕੰਪਨੀਆਂ ਨੂੰ ਅਕਸਰ ਉੱਚ-ਜੋਖਮ ਵਾਲੀਆਂ ਕਾਰਾਂ ਲਈ ਇੱਕ ਟੈਗ ਸਿਸਟਮ ਦੀ ਲੋੜ ਹੁੰਦੀ ਹੈ। ਵਾਹਨ ਚੋਰੀਆਂ ਇੱਥੇ ਅਕਸਰ ਵਾਪਰਦੀਆਂ ਰਹੀਆਂ ਹਨ ਕਿਉਂਕਿ ਚੋਰ ਦੇਸ਼ ਤੋਂ ਬਾਹਰ ਵਾਹਨ ਭੇਜਣ ਲਈ ਮਾਂਟਰੀਅਲ ਦੀ ਬੰਦਰਗਾਹ ਦੀ ਵਰਤੋਂ ਕਰਦੇ ਹਨ।

# ਸੂਬੇ ਦਾ ਲਾਭਕਾਰੀ ਕਾਰੋਬਾਰ ਮਾਈਨਿੰਗ ਉਦਯੋਗ ਘਾਟੇ ਵੱਲ

## 'ਆਪ' ਨੇਤਾ ਦੇ ਤਿੰਨ ਰਿਸ਼ਤੇਦਾਰਾਂ ਦੇ ਖ਼ਿਲਾਫ਼ ਨਾਜਾਇਜ਼ ਮਾਈਨਿੰਗ ਹੇਠ ਦਰਜ ਹੋ ਚੁੱਕੇ ਨੇ ਮੁਕੱਦਮੇ

## ਮਾਈਨਿੰਗ ਨੀਤੀ ਦੀ ਘਾਟ ਕਾਰਨ ਕਰੱਸ਼ਰ ਉਦਯੋਗ ਢਹਿ-ਢੇਰੀ ਹੋਣ ਦੀ ਕਗਾਰ 'ਤੇ: ਬਾਜਵਾ

### ਲਾਲਪੁਰਾ ਨੇ ਬੇਲਗਾਮ ਖਣਨ ਮਾਫ਼ੀਆ 'ਤੇ ਚਿੰਤਾ ਪ੍ਰਗਟਾਈ

ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਮਾਈਨਿੰਗ ਉਦਯੋਗ ਬਾਰੇ ਹੁਣ ਤੱਕ ਕੋਈ ਠੋਸ ਅਧਿਕਾਰਤ ਨੀਤੀ ਨਾ ਬਣਾਏ ਜਾਣ ਨਾਲ ਸੂਬੇ ਦਾ ਇਹ ਲਾਭਕਾਰੀ ਕਾਰੋਬਾਰ ਘਾਟੇ ਵੱਲ ਵਧਦਾ ਦਿਖਾਈ ਦੇ ਰਿਹਾ ਹੈ। ਇਸ ਸਥਿਤੀ ਦਾ ਇੱਕ ਗੰਭੀਰ ਸਿੱਟਾ ਇਹ ਵੀ ਨਿਕਲਿਆ ਹੈ ਕਿ ਇੱਕ ਪਾਸੇ ਰੇਤਾ-ਬਜਰੀ ਦੀ ਮਾਈਨਿੰਗ ਦਾ ਕਾਰੋਬਾਰ ਲਗਾਤਾਰ ਸੁੰਗੜਦਾ ਜਾ ਰਿਹਾ ਹੈ, ਉਥੇ ਦੂਜੇ ਪਾਸੇ ਆਮ ਲੋਕਾਂ ਲਈ ਇਹ ਚੀਜ਼ਾਂ ਬਹੁਤ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਕੋਈ ਸਪੱਸ਼ਟ ਨਵੀਂ ਨੀਤੀ ਨਾ ਬਣਨ ਨਾਲ ਪੁਰਾਣੇ ਮਾਈਨਿੰਗ ਕੇਂਦਰਾਂ 'ਤੇ ਹੁਣ ਤੱਕ ਪਈ ਪੁਰਾਣੀ ਮਸ਼ੀਨਰੀ ਨੂੰ ਜੰਗ ਲੱਗਣ ਦੀਆਂ ਖ਼ਬਰਾਂ ਨਾਲ ਸਰਕਾਰ ਅਤੇ ਆਮ ਕਾਰੋਬਾਰੀਆਂ, ਦੋਵਾਂ ਨੂੰ ਭਾਰੀ ਨੁਕਸਾਨ ਸਹਿਣਾ ਪੈ ਰਿਹਾ ਹੈ। ਇਸ ਸੰਕਟਮਈ ਸਥਿਤੀ ਨਾਲ ਪੰਜਾਬ ਦੇ ਰੂਪ ਨਗਰ, ਪਠਾਨਕੋਟ, ਮੋਹਾਲੀ ਤੇ ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ ਸੁਆਂ ਨਦੀ ਵਿੱਚ ਲੰਮੇ ਸਮੇਂ ਤੋਂ ਹੋ ਰਹੀ ਕਥਿਤ ਨਾਜਾਇਜ਼ ਮਾਈਨਿੰਗ ਕਾਰਨ ਪਿੰਡ ਐਲਗਰਾਂ ਵਿਖੇ ਪੁਲ ਦੀ ਹੋਂਦ ਖ਼ਤਰੇ ਵਿੱਚ ਪੈਣ 'ਤੇ ਕੌਮੀ ਘੱਟ ਗਿਣਤੀ ਕਮਿਸ਼ਨ



ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਮੁੱਠੀ ਭਰ ਮਾਫ਼ੀਆਂ ਅਨਸਰਾਂ ਨੇ ਆਪਣੇ ਲਾਭ ਖਾਤਰ ਲੱਖਾਂ ਲੋਕਾਂ ਦੇ ਆਵਾਜਾਈ ਦੇ ਇੱਕ ਮਾਤਰ ਸਾਧਨ ਪੁਲ ਦੀ ਹੋਂਦ ਨੂੰ ਖ਼ਤਰੇ ਵਿੱਚ ਪਾ ਦਿੱਤਾ। ਲਾਲਪੁਰਾ ਨੇ ਕਿਹਾ ਕਿ ਸ਼ਿਵਾਲਕ ਦੀਆਂ ਰਮਣੀਕ ਪਹਾੜੀਆਂ ਨਾਲ ਘਿਰਿਆ ਇਹ ਖਿੱਤਾ ਆਪਣਾ ਅਸਲ ਵਜੂਦ ਗੁਆਉਂਦਾ ਜਾ ਰਿਹਾ ਹੈ। ਜਿੱਥੇ ਇੱਕ ਪਾਸੇ ਉਕਤ ਪੁਲ ਦੀ ਹੋਂਦ ਖ਼ਤਰੇ ਵਿੱਚ ਆ ਚੁੱਕੀ ਹੈ, ਉੱਥੇ ਹੀ ਪਿੰਡਾਂ ਵਿੱਚ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਯਾਦ ਰਹੇ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਰੇਤਾ-ਬਜਰੀ ਆਦਿ ਦੀਆਂ ਕੀਮਤਾਂ ਨੂੰ ਲੈ ਕੇ ਭਾਰੀ ਰੌਲਾ ਪਿਆ ਰਿਹਾ ਸੀ। ਇੱਥੋਂ ਤੱਕ ਕਿ ਆਮ ਆਦਮੀ ਪਾਰਟੀ ਦੇ ਨੇਤਾ ਭਗਵੰਤ ਮਾਨ ਅਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵਰਗੇ ਲੋਕ ਵਾਰ-ਵਾਰ ਅਜਿਹੇ ਦਾਅਵੇ ਅਤੇ ਐਲਾਨ ਕਰਦੇ ਰਹੇ ਸਨ ਕਿ ਰੇਤਾ-ਬਜਰੀ ਅਤੇ ਮਿੱਟੀ ਦੇ ਮਾਈਨਿੰਗ ਕੰਮਾਂ ਤੋਂ ਏਨਾ ਮਾਲੀਆ ਇਕੱਠਾ ਕਰਾਂਗੇ ਕਿ ਉਸੇ ਦੇ ਸਿਰ 'ਤੇ ਸੂਬੇ ਨੂੰ ਖ਼ੁਸ਼ਹਾਲ ਬਣਾਇਆ ਜਾ ਸਕੇਗਾ। ਅਰਵਿੰਦ ਕੇਜਰੀਵਾਲ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਪੰਜਾਬ ਦੀਆਂ ਮਾਈਨਿੰਗ ਨੀਤੀਆਂ 'ਚ ਇਨਕਲਾਬੀ ਬਦਲਾਅ ਕਰਕੇ 20 ਹਜ਼ਾਰ ਕਰੋੜ ਤੋਂ ਵਧੇਰੇ ਦਾ ਮਾਲੀਆ ਪ੍ਰਾਪਤ ਕੀਤਾ ਜਾਵੇਗਾ, ਪਰ ਸਰਕਾਰ ਬਣਨ ਤੋਂ ਬਾਅਦ ਨਵੀਆਂ ਨੀਤੀਆਂ ਤਾਂ ਕੀ ਬਣਨੀਆਂ ਸਨ, ਉਲਟਾ ਪਿਛਲੀਆਂ ਨੀਤੀਆਂ ਨੂੰ ਵੀ ਠੱਪ ਕਰ ਕੇ ਰੱਖ ਦਿੱਤਾ। ਅੱਜ ਹਾਲਾਤ ਇਹ ਹਨ ਕਿ ਇੱਕ ਪਾਸੇ ਤਾਂ ਘਰ ਬਣਾਉਣ ਅਤੇ ਇੱਥੋਂ ਤੱਕ ਕਿ ਮਾਮੂਲੀ ਜਿਹੀ ਮੁਰੰਮਤ ਆਦਿ ਕਰਵਾਉਣ ਦਾ ਕੰਮ ਮਹਿੰਗਾ ਅਤੇ ਮੁਸ਼ਕਿਲ ਹੁੰਦਾ ਜਾ ਰਿਹਾ ਹੈ, ਉੱਥੇ ਅਜਿਹੇ ਕੰਮਾਂ ਦੀ ਲਾਗਤ ਵਧਣ ਨਾਲ ਆਮ ਆਦਮੀ ਦੀ ਪਹੁੰਚ ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ। ਤ੍ਰਾਸਦੀ ਇਹ ਹੈ ਕਿ ਸਰਕਾਰ ਸਭ ਕੁਝ ਜਾਣਦੇ ਹੋਏ ਵੀ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਪੰਜਾਬ ਦੇ ਮਾਈਨਿੰਗ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਹੁਣੇ ਜਿਹੇ ਕਿਹਾ ਸੀ ਕਿ ਸਰਕਾਰ ਮਾਈਨਿੰਗ ਸੰਬੰਧੀ ਨਵੀਆਂ ਨੀਤੀਆਂ ਨੂੰ ਲੈ ਕੇ ਜਲਦੀ ਹੀ ਸਾਹਮਣੇ ਆਏਗੀ, ਪਰ ਅਜੇ ਤਕ ਕੋਈ ਨੀਤੀ ਨਹੀਂ ਬਣੀ। ਸਰਕਾਰ 'ਤੇ ਇਹ ਦੋਸ਼ ਵੀ ਲੱਗ ਰਹੇ ਹਨ ਕਿ ਇਸ ਸੰਬੰਧੀ ਨੀਤੀ-ਨਿਰਧਾਰਨ ਇਸੇ ਲਈ ਨਹੀਂ ਹੋ ਰਿਹਾ ਤਾਂ ਕਿ 'ਆਪ' ਨੇਤਾਵਾਂ ਦੇ ਰਿਸ਼ਤੇਦਾਰ ਨਾਜਾਇਜ਼ ਮਾਈਨਿੰਗ ਰਾਹੀਂ ਆਪਣੀਆਂ ਤਿਜੌਰੀਆਂ ਭਰ ਸਕਣ। ਇਸ ਦੋਸ਼ ਦਾ ਸਬੂਤ ਇੱਕ 'ਆਪ' ਨੇਤਾ ਦੇ ਤਿੰਨ ਰਿਸ਼ਤੇਦਾਰਾਂ ਦੇ ਖ਼ਿਲਾਫ਼ ਨਾਜਾਇਜ਼ ਮਾਈਨਿੰਗ ਹੇਠ ਦਰਜ ਮੁਕੱਦਮਿਆਂ ਤੋਂ ਸਾਫ਼ ਤੌਰ 'ਤੇ ਮਿਲ ਜਾਂਦਾ ਹੈ।ਅਸਲੀਅਤ ਇਹ ਹੈ ਕਿ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਦੀ ਮਾਈਨਿੰਗ ਸੰਬੰਧੀ ਕੋਈ ਠੋਸ ਨੀਤੀ ਨਾ ਹੋਣ ਅਤੇ ਦਬੰਗ ਲੋਕਾਂ ਵੱਲੋਂ ਕੀਤੀ ਜਾਣ ਵਾਲੀ ਨਾਜਾਇਜ਼ ਮਾਈਨਿੰਗ ਕਾਰਨ ਸੂਬੇ 'ਚ ਭਵਨ-ਨਿਰਮਾਣ ਅਤੇ ਖ਼ਾਸ ਤੌਰ 'ਤੇ ਗ਼ਰੀਬ ਅਤੇ ਮੱਧਵਰਗੀ ਪਰਿਵਾਰਾਂ ਵੱਲੋਂ ਆਪਣੇ ਘਰਾਂ ਦੀ ਮਾਮੂਲੀ ਜਿਹੀ ਮੁਰੰਮਤ ਆਦਿ ਦੇ ਕੰਮ ਵੀ ਠੱਪ ਹੋ ਕੇ ਰਹਿ ਗਏ ਹਨ। ਅਗਲੇ ਕੁਝ ਦਿਨਾਂ ਵਿੱਚ ਚੋਣ ਜ਼ਾਬਤਾ ਲਾਗੂ ਹੋਣ ਦੀ ਸੰਭਾਵਨਾ ਦੇ ਮੱਦੇ-ਨਜ਼ਰ ਸਰਕਾਰ ਲਈ ਕੋਈ ਵੀ ਨਵਾਂ ਫ਼ੈਸਲਾ ਕਰਨਾ ਮੁਸ਼ਕਿਲ ਹੋ ਜਾਵੇਗਾ। ਪੰਜਾਬ ਸਰਕਾਰ ਵੱਲੋਂ ਮਾਈਨਿੰਗ ਨੀਤੀ ਬਣਾਉਣ ਵਿੱਚ ਢਿੱਲ ਵਰਤਣ 'ਤੇ ਚਿੰਤਾ ਜ਼ਾਹਰ ਕਰਦਿਆਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਵਿੱਚ ਮਾਈਨਿੰਗ ਨੀਤੀ ਦੀ ਘਾਟ ਕਾਰਨ ਕਰੱਸ਼ਰ ਉਦਯੋਗ ਢਹਿ-ਢੇਰੀ ਹੋਣ ਦੀ ਕਗਾਰ 'ਤੇ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਉਦਾਸੀਨਤਾ ਦਾ ਖਮਿਆਜ਼ਾ ਪੰਜਾਬ ਦੀ ਕਰੱਸ਼ਰ ਇੰਡਸਟਰੀ ਨੂੰ ਭੁਗਤਣਾ ਪੈ ਰਿਹਾ ਹੈ। ਬਾਜਵਾ ਨੇ ਕਿਹਾ ਕਿ ਰੂਪ ਨਗਰ, ਪਠਾਨਕੋਟ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਮੋਹਾਲੀ ਵਿੱਚ ਕਰੋੜਾਂ ਰੁਪਏ ਦੀਆਂ ਕਰੱਸ਼ਰ ਮਸ਼ੀਨਾਂ ਪਿਛਲੇ ਦੋ ਸਾਲਾਂ ਤੋਂ ਬੰਦ ਹਾਲਤ ਵਿੱਚ ਹੋਣ ਕਾਰਨ ਖਰਾਬ ਹੋ ਗਈਆਂ ਹਨ। ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਸਿਰਫ਼ ਕਰੈਸ਼ਰ ਮਾਲਕਾਂ ਨੂੰ ਹੀ ਘਾਟਾ ਨਹੀਂ ਹੋ ਰਿਹਾ ਸਗੋਂ ਹਜ਼ਾਰਾਂ ਪੰਜਾਬੀ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ। ਇਸ ਤੋਂ ਇਲਾਵਾ ਸੂਬਾ ਸਰਕਾਰ ਨਵੇਂ ਮਾਲੀਆ ਸਰੋਤ ਤੋਂ ਸਰਕਾਰੀ ਖ਼ਜ਼ਾਨੇ ਨੂੰ ਭਰਨ 'ਚ ਵੀ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਾਈਨਿੰਗ ਤੋਂ ਸਾਲਾਨਾ 20,000 ਕਰੋੜ ਰੁਪਏ ਇਕੱਠੇ ਕਰਨ ਦਾ ਵਾਅਦਾ ਕੀਤਾ ਸੀ। ਅਰਵਿੰਦ ਕੇਜਰੀਵਾਲ ਦੇ ਹਿਸਾਬ ਨਾਲ ਸਰਕਾਰ ਨੂੰ ਦੋ ਸਾਲਾਂ 'ਚ 40,000 ਕਰੋੜ ਰੁਪਏ ਦੀ ਕਮਾਈ ਕਰਨੀ ਚਾਹੀਦੀ ਸੀ।ਹਾਲਾਂ ਕਿ ਦੋ ਵਿੱਤੀ ਸਾਲਾਂ ਵਿੱਚ 'ਆਪ' ਸਰਕਾਰ ਮਾਈਨਿੰਗ ਤੋਂ ਸਿਰਫ਼ 472 ਕਰੋੜ ਰੁਪਏ ਦੀ ਕਮਾਈ ਕਰਨ ਵਿੱਚ ਸਫਲ ਰਹੀ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਦੱਸਣਾ ਚਾਹੀਦਾ ਹੈ ਕਿ ਬਾਕੀ ਮਾਲੀਆ ਕਿੱਥੇ ਗਿਆ ਹੈ।

### ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 600947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਕਿਤੇ ਮੁੜ ਅੱਗ ਨਾ ਲੱਗ ਜਾਵੇ ਪੰਜਾਬ ਦੇ ਸ਼ਾਂਤ ਪਾਣੀਆਂ ਨੂੰ

## ਗੁੱਸੇ ਵਿੱਚ ਕਿਉਂ ਹੈ ਪੰਜਾਬ ਦਾ ਅੰਨਦਾਤਾ ?

## ਖੇਤਾਂ ਦੇ ਪੁੱਤ ਫ਼ਸਲਾਂ ਤੇ ਨਸਲਾਂ ਬਚਾਉਣ ਲਈ ਪਏ ਸੰਘਰਸ਼ ਦੇ ਰਾਹ





ਪੰਜਾਬ ਦੇ ਕਿਸਾਨ ਇਸ ਸਮੇਂ ਸ਼ੰਭੂ ਅਤੇ ਖਨੌਰੀ ਵਿਖੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਦਿੱਲੀ ਜਾਣ ਲਈ ਡਟੇ ਹੋਏ ਹਨ। ਇਹਨਾਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਅਤੇ ਹਰਿਆਣਾ ਪੁਲਿਸ ਵੱਲੋਂ ਵੱਡੇ ਪ੍ਰਬੰਧ ਕੀਤੇ ਗਏ ਹਨ, ਜਿਹਨਾਂ ਨੂੰ ਦੇਖ ਕੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਇਹ ਕਿਸਾਨ ਅੰਨਦਾਤਾ ਨਾ ਹੋਣ ਬਲਕਿ ਕਿਸੇ ਹੋਰ ਦੇਸ਼ ਦੇ ਵਸਨੀਕ ਹੋਣ। ਇਹਨਾਂ ਕਿਸਾਨ ਧਰਨਿਆਂ ਦੌਰਾਨ ਹਰਿਆਣਾ ਪੁਲਿਸ ਵੱਲੋਂ ਹੰਝੂ ਗੈਸ ਦੇ ਗੋਲੇ ਸੁੱਟਣ, ਲਾਠੀਚਾਰਜ ਕਰਨ, ਰਬੜ ਦੀਆਂ ਗੋਲੀਆਂ ਚਲਾਉਣ ਅਤੇ ਕਈ ਕਿਸਾਨਾਂ ਦੀ ਕੁੱਟਮਾਰ ਕਰਨ ਦੀਆਂ ਘਟਨਾਵਾਂ ਕਾਰਨ ਕਿਸਾਨਾਂ ਵਿੱਚ ਵੱਡੇ ਪੱਧਰ 'ਤੇ ਰੋਸ ਦੀ ਲਹਿਰ ਫੈਲ ਗਈ ਹੈ ਅਤੇ ਕਿਸਾਨਾਂ ਵਿੱਚ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਖ਼ਿਲਾਫ਼ ਰੋਸ ਵੱਧਦਾ ਜਾ ਰਿਹਾ ਹੈ। ਭਾਵੇਂ ਸਰਕਾਰਾਂ ਵੱਲੋਂ ਕਿਸਾਨ ਧਰਨੇ ਵਾਲੀਆਂ ਥਾਵਾਂ 'ਤੇ ਸਥਿਤੀ ਕਾਬੂ ਹੇਠ ਦੱਸੀ ਜਾ ਰਹੀ ਹੈ ਪਰ ਜਿਸ ਤਰੀਕੇ ਨਾਲ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਜਾ ਰਿਹਾ ਹੈ, ਉਸ ਨੂੰ ਵੇਖ ਕੇ ਕਿਸਾਨ ਆਗੂ ਕਹਿ ਰਹੇ ਹਨ ਕਿ ਉਹਨਾਂ ਨੂੰ ਉਹਨਾਂ ਦੇ ਦੇਸ਼ ਵਿੱਚ ਹੀ ਬੇਗਾਨਗੀ ਵਾਲਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਇਸ ਸਮੇਂ ਪੰਜਾਬ ਦਾ ਅੰਨਦਾਤਾ ਗੁੱਸੇ ਵਿੱਚ ਹੈ ਅਤੇ ਖੇਤਾਂ ਦੇ ਪੁੱਤਰ ਆਪਣੀਆਂ ਫ਼ਸਲਾਂ ਤੇ ਨਸਲਾਂ ਬਚਾਉਣ ਲਈ ਸੰਘਰਸ਼ ਦੇ ਰਾਹ ਪਏ ਹੋਏ ਹਨ।



ਪੰਜਾਬ ਵਿੱਚ ਅਕਾਲੀ ਦਲ, ਕਾਂਗਰਸ ਅਤੇ ਹੋਰ ਪਾਰਟੀਆਂ ਦੇ ਆਗੂਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ, ਕਿ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਪੰਜਾਬ ਵਿੱਚ ਹਿੰਸਕ ਘਟਨਾਵਾਂ ਵੱਧ ਗਈਆਂ ਹਨ ਅਤੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਗੰਭੀਰ ਹੋ ਗਈ ਹੈ। ਇਸ ਤਰਾਂ ਪੰਜਾਬ ਵਿੱਚ ਪੈਦਾ ਹੋਏ ਤਨਾਓ ਉੱਪਰ ਗੰਦਲੀ ਸਿਆਸਤ ਹੋਣ ਲੱਗ ਪਈ ਹੈ, ਜਿਸ ਕਾਰਨ ਆਮ ਲੋਕਾਂ ਨੂੰ ਰਾਹਤ ਦੀ ਕੋਈ ਉਮੀਦ ਨਹੀਂ ਨਜ਼ਰ ਆ ਰਹੀ।

ਕੁਝ ਇਤਿਹਾਸਕਾਰ ਦਾਅਵਾ ਕਰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਏਨਾ ਖ਼ੁਸ਼ਹਾਲ ਸੀ ਕਿ ਇੰਗਲੈਂਡ ਅਤੇ ਹੋਰ ਮੁਲਕਾਂ ਤੋਂ ਅੰਗਰੇਜ ਅਤੇ ਵਿਦੇਸ਼ੀ ਲੋਕ ਪੰਜਾਬ ਵਿੱਚ ਨੌਕਰੀਆਂ ਕਰਨ ਆਉਂਦੇ ਸਨ, ਜਿਸ ਦੀ ਪੁਸ਼ਟੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਰਬਾਰ ਵਿੱਚ ਅਨੇਕਾਂ ਵਿਦੇਸ਼ੀ ਮਾਹਿਰਾਂ ਦੀ ਨਿਯਕੁਤੀ ਤੋਂ ਹੋ ਜਾਂਦੀ ਹੈ ਪਰ ਪੰਜਾਬ ਦਾ ਇਸ ਸਮੇਂ ਹਾਲ ਇਹ ਹੋ ਗਿਆ ਹੈ ਕਿ ਪੰਜਾਬੀਆਂ ਵੱਲੋਂ ਹੀ ਪੰਜਾਬ ਖਾਲੀ ਕੀਤਾ ਜਾ ਰਿਹਾ ਹੈ। ਪੰਜਾਬ ਸਿਰ ਕਰਜ਼ਾ ਏਨਾ ਜ਼ਿਆਦਾ ਚੜ੍ਹ ਗਿਆ ਹੈ, ਕਿ ਪੰਜਾਬ ਵਿੱਚ ਹਰ ਨਵਾਂ ਜੰਮਿਆ ਬੱਚਾ ਵੀ ਕਰਜਈ ਜੰਮਦਾ ਹੈ। ਇਸ ਤੋਂ ਇਲਾਵਾ ਪੰਜਾਬ ਦੀ ਖ਼ੁਸ਼ਹਾਲੀ ਪੰਜਾਬ ਵਿਰੋਧੀ ਤਾਕਤਾਂ ਨੂੰ ਲਗਾਤਾਰ ਰੜਕਦੀ ਰਹਿੰਦੀ ਹੈ, ਇਸ ਕਰਕੇ ਪੰਜਾਬ ਵਿਰੋਧੀ ਤਾਕਤਾਂ ਹਰ ਹੀਲੇ ਪੰਜਾਬ ਦੇ ਅਮਨ ਚੈਨ ਨੂੰ ਭੰਗ ਕਰਨ ਅਤੇ ਹਿੰਸਾ ਦੀਆਂ ਘਟਨਾਵਾਂ ਕਰਨ ਵਿੱਚ ਲੱਗੀਆਂ ਰਹਿੰਦੀਆਂ ਹਨ। ਪੰਜਾਬ ਵਿਰੋਧੀ ਤਾਕਤਾਂ ਦੇ ਮਾਸਟਰ ਮਾਈਂਡ ਖੁਦ ਤਾਂ ਪਰਦੇ ਪਿੱਛੇ ਰਹਿੰਦੇ ਹਨ ਪਰ ਉਹਨਾਂ ਦੇ ਪਿਆਦੇ ਬਣੇ ਆਮ ਨੌਜਵਾਨ ਫੜੇ ਜਾਂਦੇ ਹਨ ਅਤੇ ਇਸ ਤਰਾਂ ਇਹਨਾਂ ਨੌਜਵਾਨਾਂ ਦੇ ਪਰਿਵਾਰ ਉਜੜ ਜਾਂਦੇ ਹਨ।

ਪੰਜਾਬ ਵਿਰੋਧੀ ਤਾਕਤਾਂ ਲਗਾਤਾਰ ਪੰਜਾਬ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਨ ਵਿੱਚ ਲੱਗੀਆਂ ਰਹਿੰਦੀਆਂ ਹਨ। ਪੰਜਾਬ ਵਿੱਚ ਵੱਡੇ ਪੱਧਰ 'ਤੇ ਫੈਲੀ ਬੇਰੁਜ਼ਗਾਰੀ, ਵੱਧਦੀ ਹੋਈ ਮਹਿੰਗਾਈ ਕਾਰਨ ਵੱਡੀ ਗਿਣਤੀ ਨੌਜਵਾਨਾਂ ਨੂੰ ਆਪਣੇ ਜੇਬ ਖਰਚ ਲਈ ਵੀ ਤਰਸਨਾ ਪੈ ਰਿਹਾ ਹੈ, ਜਿਸ ਕਰਕੇ ਉਹ ਪੈਸੇ ਦੇ ਲਾਲਚ ਵਿੱਚ ਨਾ ਚਾਹੁੰਦੇ ਹੋਏ ਵੀ ਪੰਜਾਬ ਵਿਰੋਧੀ ਤਾਕਤਾਂ ਦੇ ਚੱਕਰਵਿਊ ਵਿੱਚ ਫਸ ਜਾਂਦੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਭਾਵੇਂ ਸਰਕਾਰ ਤਾਂ ਬਦਲ ਗਈ ਹੈ, ਪਰ ਪੁਲਿਸ ਤਾਂ ਉਹੀ ਹੈ, ਪੰਜਾਬ ਪੁਲਿਸ ਦੀ ਕਾਰਗੁਜਾਰੀ ਉੱਪਰ ਲੰਬੇ ਸਮੇਂ ਤੋਂ ਸਵਾਲ ਉਠਦੇ ਰਹੇ ਹਨ। ਪੰਜਾਬ ਪੁਲਿਸ ਨੇ ਅਨੇਕਾਂ ਅਧਿਕਾਰੀ ਅਜਿਹੇ ਹਨ, ਜੋ ਕਿ ਚਾਹੁੰਦੇ ਹਨ ਕਿ ਜੋ ਤਾਕਤਾਂ ਉਹਨਾਂ ਨੂੰ ਅੱਤਵਾਦ ਸਮੇਂ ਮਿਲੀਆਂ ਹੋਈਆਂ ਸਨ, ਉਹੀ ਤਾਕਤਾਂ ਉਹਨਾਂ ਨੂੰ ਕਿਸੇ ਨਾ ਕਿਸੇ ਤਰੀਕੇ ਮੁੜ ਹਾਸਲ ਹੋ ਜਾਣ।

ਕਿਸਾਨਾਂ ਅੰਦੋਲਨ -2 ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਕੇਂਦਰ ਸਰਕਾਰ ਅਤੇ ਕਿਸਾਨ ਆਗੂਆਂ ਵਿਚਾਲੇ ਕਈ ਗੇੜ ਦੀਆਂ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਇਹ ਸਤਰਾਂ ਲਿਖੇ ਜਾਣ ਤੱਕ ਦੋਵਾਂ ਧਿਰਾਂ ਵਿੱਚ ਪੂਰੀ ਸਹਿਮਤੀ ਨਹੀਂ ਸੀ ਬਣੀ, ਜਿਸ ਕਰਕੇ ਕਿਸਾਨਾਂ ਵੱਲੋਂ ਧਰਨੇ ਜਾਰੀ ਹਨ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਯੋਗ ਯਤਨ ਕੀਤੇ ਜਾਣ ਅਤੇ ਹਰ ਮਹਿਕਮੇ ਵਿੱਚ ਮੌਜੂਦ ਕਾਲੀਆਂ ਭੇਡਾਂ ਦਾ ਪਤਾ ਲਗਾਇਆ ਜਾਵੇ ਜੋ ਕਿ ਪੰਜਾਬ ਵਿਰੋਧੀ ਤਾਕਤਾਂ ਨਾਲ ਮਿਲੀਆਂ ਹੋਈਆਂ ਹਨ ਅਤੇ ਪੰਜਾਬ ਵਿਰੋਧੀ ਤਾਕਤਾਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਸਜ਼ਾਵਾਂ ਦਿਤੀਆਂ ਜਾਣ। ਇਸਦੇ ਨਾਲ ਹੀ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੀਆਂ ਹੱਕੀ ਮੰਗਾਂ ਅਤੇ ਪਹਿਲਾਂ ਤੋਂ ਹੀ ਮੰਨੀਆਂ ਹੋਈਆਂ ਮੰਗਾਂ ਨੂੰ ਪੂਰਾ ਕਰਕੇ ਕਿਸਾਨਾਂ ਦਾ ਗੁੱਸਾ ਠੰਡਾ ਕਰੇ। ਇਸਦੇ ਨਾਲ ਹੀ ਸਾਰੀਆਂ ਧਿਰਾਂ ਨੂੰ ਇਹ ਗੱਲ ਯਕੀਣੀ ਬਣਾਉਣੀ ਚਾਹੀਦੀ ਹੈ ਕਿ ਪੰਜਾਬ ਦੇ ਸ਼ਾਂਤ ਪਏ ਪਾਣੀਆਂ ਨੂੰ ਮੁੜ ਅੱਗ ਨਾ ਲੱਗ ਜਾਵੇ।

# ਨਵਾਜ਼ ਸ਼ਰੀਫ ਦੀ ਧੀ ਮਰਿਅਮ ਨੇ ਰਚਿਆ ਇਤਿਹਾਸ

## ਲਹਿੰਦੇ ਪੰਜਾਬ ਦੀ ਬਣੀ ਪਹਿਲੀ ਮਹਿਲਾ ਮੁੱਖ ਮੰਤਰੀ

ਇਸਲਾਮਾਬਾਦ/ਏ.ਟੀ.ਨਿਊਜ਼ :-ਪਾਕਿਸਤਾਨ ਵਿੱਚ ਪੀ.ਐਮ.ਐਲ.-ਐਨ ਦੇ ਪ੍ਰਧਾਨ ਦੀ ਧੀ ਨੇ ਦੇਸ਼ ਵਿੱਚ ਇਤਿਹਾਸ ਬਦਲਦੇ ਹੋਏ ਪੰਜਾਬ ਸੂਬੇ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਦਾ ਸਨਮਾਨ ਹਾਸਲ ਕਰ ਲਿਆ ਹੈ। ਸੀਨੀਅਰ ਪੀਐੱਮਐੱਲ-ਐੱਨ ਨੇਤਾ ਮਰੀਅਮ ਨਵਾਜ਼ ਨੂੰ ਪੰਜਾਬ ਦੀ ਮੁੱਖ ਮੰਤਰੀ ਬਣਾਇਆ ਗਿਆ ਹੈ। ਮਰੀਅਮ ਤਿੰਨ ਵਾਰ ਸਾਬਕਾ ਪ੍ਰਧਾਨ ਮੰਤਰੀ ਰਹਿ ਚੁੱਕੇ ਪੀ.ਐਮ.ਐਲ.-ਐਨ ਦੇ ਪ੍ਰਧਾਨ ਨਵਾਜ਼ ਸ਼ਰੀਫ ਦੀ ਧੀ ਹੈ।



50 ਸਾਲਾ ਉਪ ਪ੍ਰਧਾਨ ਮਰੀਅਮ ਨੇ ਪੀ.ਐਮ.ਐਲ.-ਐਨ ਨੇਤਾ ਨੇ ਪੀਟੀਆਈ ਸਮਰਥਿਤ ਐੱਸਆਈਸੀ ਦੇ ਰਾਣਾ ਆਫਤਾਬ ਨੂੰ ਹਰਾ ਕੇ ਸਿਆਸੀ ਤੌਰ ਤੋਂ ਮਹੱਤਵਪੂਰਨ ਪੰਜਾਬ ਸੂਬੇ ਦੀਆਂ ਮੁੱਖ ਮੰਤਰੀ ਚੋਣਾਂ ਜਿੱਤੀਆਂ। ਦੱਸ ਦੇਈਏ ਕਿ ਪੰਜਾਬ ਸੂਬੇ ਵਿੱਚ 120 ਮਿਲੀਅਨ ਲੋਕ ਰਹਿੰਦੇ ਹਨ।

ਗਿਣਤੀ ਦੇ ਹਿਸਾਬ ਨਾਲ ਮਰੀਅਮ ਨਵਾਜ਼ ਦਾ ਪੰਜਾਬ ਦੀ ਸੀਐੱਮ ਬਣਨਾ ਤੈਅ ਸੀ। ਪੰਜਾਬ ਅਸੈਂਬਲੀ ਦੇ ਸਪੀਕਰ ਮਿਲਕ ਅਹਿਮਦ ਖਾਨ ਨੇ ਪਹਿਲਾਂ ਹੀ ਸਾਫ ਕਰ ਦਿੱਤਾ ਸੀ ਕਿ ਸਿਰਫ਼ ਸੀਐੱਮ ਅਹੁਦੇ ਨੂੰ ਲੈ ਕੇ ਮਤਦਾਨ ਹੋਵੇਗਾ ਤੇ ਅਸੈਂਬਲੀ ਦੇ ਕਿਸੇ ਮੈਂਬਰ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਪੀ.ਐਮ.ਐਲ.-ਐਨ ਦੇ ਮਲਿਕ ਮੁਹੰਮਦ ਅਹਿਮਦ ਖਾਨ ਸਪੀਕਰ ਚੁਣੇ ਗਏ ਤੇ ਉਨ੍ਹਾਂ ਨੂੰ 224 ਵੋਟਾਂ ਮਿਲੀਆਂ। ਦੂਜੇ ਪਾਸੇ ਮਲਿਕ ਜਹੀਰ ਚਾਨੇਰ ਨੂੰ ਡਿਪਟੀ ਸਪੀਕਰ ਚੁਣਿਆ ਗਿਆ ਜਿਨ੍ਹਾਂ ਨੂੰ 220 ਵੋਟਾਂ ਮਿਲੀਆਂ।

ਦੱਸ ਦੇਈਏ ਕਿ ਮਰੀਅਮ ਨਵਾਜ ਪਾਕਿਸਤਾਨ ਦੇ ਸਾਬਕਾ ਪੀਐੱਮ ਨਵਾਜ਼ ਸ਼ਰੀਫ ਦੀ ਧੀ ਹੈ। ਸਾਲ 1992 ਵਿੱਚ ਸਫਦਰ ਅਵਾਨ ਨਾਲ ਮਰੀਅਮ ਦਾ ਵਿਆਹ ਹੋਇਆ। ਸਫਦਰਹ ਅਵਾਨ ਪਾਕਿਸਤਾਨ ਦੀ ਫੌਜ ਵਿੱਚ ਕੈਪਟਨ ਰਹਿ ਚੁੱਕੇ ਹ। ਮਰੀਅਮ ਨਵਾਜ ਦੇ 3 ਬੱਚੇ ਹਨ। ਮਰੀਅਮ ਨਵਾਜ ਨੇ ਸਾਲ 2012 ਵਿੱਚ ਸਿਆਸਤ ਵਿੱਚ ਕਦਮ ਰੱਖਿਆ ਤੇ ਪਿਤਾ ਨਾਲ ਕੰਮ ਕੀਤਾ। ਸਾਲ 2024 ਦੀਆਂ ਆਮ ਚੋਣਾਂ ਵਿੱਚ ਮਰੀਅਮ ਨਵਾਜ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਤੇ ਪੰਜਾਬ ਅਸੈਂਬਲੀ ਲਈ ਪਹਿਲੀ ਵਾਰ ਚੁਣੀ ਗਈ ਹੈ।

# ਐਨ.ਆਈ.ਏ. ਵੱਲੋਂ ਪੰਜਾਬ 'ਚ 14 ਤੇ ਰਾਜਸਥਾਨ ਵਿੱਚ 2 ਥਾਵਾਂ 'ਤੇ ਛਾਪੇ

## ਪੁਲਿਸ ਦਾ ਦਾਅਵਾ ਕਿ ਖਾੜਕੂ ਜਥੇਬੰਦੀਆਂ ਨਾਲ ਸਬੰਧਿਤ ਟਿਕਾਣਿਆਂ 'ਤੇ ਛਾਪੇ ਮਾਰੇ ਗਏ

ਚੰਡੀਗੜ੍ਹ/ਏ.ਟੀ.ਨਿਊਜ਼ : ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀਆਂ ਟੀਮਾਂ ਨੇ ਪੰਜਾਬ ਤੇ ਰਾਜਸਥਾਨ ਵਿੱਚ ਅੱਧੀ ਦਰਜਨ ਤੋਂ ਵੱਧ ਥਾਵਾਂ 'ਤੇ ਛਾਪੇ ਮਾਰੇ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀਆਂ ਵਿੱਚ ਪੰਜਾਬ 'ਚ 14 ਅਤੇ ਰਾਜਸਥਾਨ ਵਿੱਚ ਦੋ ਥਾਵਾਂ 'ਤੇ ਕਾਰਵਾਈ ਕੀਤੀ ਹੈ।




ਪੰਜਾਬ ਪੁਲਿਸ ਦੇ ਸੂਤਰਾਂ ਦਾ ਦੱਸਣਾ ਹੈ ਕਿ ਇਹ ਕਾਰਵਾਈ ਸਿੱਖਸ ਫਾਰ ਜਸਟਿਸ ਅਤੇ ਹੋਰਨਾਂ ਸ਼ੱਕੀ ਜਥੇਬੰਦੀਆਂ ਨਾਲ ਸਬੰਧਿਤ ਟਿਕਾਣਿਆਂ 'ਤੇ ਕੀਤੀ ਗਈ ਹੈ। ਐਨ.ਆਈ.ਏ. ਵੱਲੋਂ ਇਸ ਵਿਵਾਦਤ ਜਥੇਬੰਦੀ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਵਿਰੁੱਧ ਦਰਜ ਕੇਸਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਇਨ੍ਹਾਂ ਛਾਪਿਆਂ ਨੂੰ ਇਸੇ ਤਫ਼ਤੀਸ਼ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਐੱਨ.ਆਈ.ਏ. ਨੇ ਕੁਝ ਮਹੀਨੇ ਪਹਿਲਾਂ ਹੀ ਪੰਨੂ ਦੇ ਪੰਜਾਬ ਅਤੇ ਚੰਡੀਗੜ੍ਹ ਸਥਿਤ ਟਿਕਾਣਿਆਂ 'ਤੇ ਛਾਪੇ ਮਾਰ ਕੇ ਕਾਰਵਾਈ ਅਮਲ ਵਿੱਚ ਲਿਆਂਦੀ ਸੀ। ਕੌਮੀ ਏਜੰਸੀ ਦੀਆਂ ਟੀਮਾਂ ਨੇ ਮੁੱਖ ਤੌਰ 'ਤੇ ਬਠਿੰਡਾ, ਬਰਨਾਲਾ, ਨਵਾਂ ਸ਼ਹਿਰ, ਗੁਰਦਾਸਪੁਰ, ਤਰਨ ਤਾਰਨ, ਜਲੰਧਰ ਆਦਿ ਜ਼ਿਲ੍ਹਿਆਂ ਵਿੱਚ ਛਾਪੇ ਮਾਰੇ। ਇਸ ਮੁਹਿੰਮ ਦੌਰਾਨ ਏਜੰਸੀ ਨੇ ਸ਼ੱਕੀ ਵਿਅਕਤੀਆਂ ਦੀਆਂ ਜਾਇਦਾਦਾਂ, ਪਿਛਲੇ ਸਮੇਂ ਦੌਰਾਨ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨਾਲ ਵਰਤ ਵਿਹਾਰ ਸਬੰਧੀ ਜਾਣਕਾਰੀ ਇਕੱਤਰ ਕੀਤੀ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਏਜੰਸੀ ਨੇ ਜੁਲਾਈ 2023 ਵਿੱਚ ਹਰਵਿੰਦਰ ਸਿੰਘ ਰਿੰਦਾ ਅਤੇ ਲਖਬੀਰ ਸਿੰਘ ਸੰਧੂ ਲੰਡਾ ਅਤੇ ਹੋਰਨਾਂ ਖਿਲਾਫ਼ ਕੇਸ ਦਰਜ (**ਬਾਕੀ ਸਫ਼ਾ 30 'ਤੇ**)

ਦਰਪਣ ਝੂਠ ਨਹੀਂ ਬੋਲਦਾ

# ਕਿਸਾਨ ਸੰਘਰਸ਼ ਕੁਚਲਣ ਲਈ ਪਾਬੰਦੀਸ਼ੁਦਾ ਖ਼ਤਰਨਾਕ ਪੈਲੇਟ ਗੰਨ ਦੀ ਹੋਈ ਵਰਤੋਂ

## ਸਰਕਾਰ ਦਾ ਕਿਸਾਨਾਂ 'ਤੇ ਕੀਤਾ ਜਾ ਰਿਹਾ ਜ਼ੁਲਮ ਜੱਲ੍ਹਿਆਂਵਾਲੇ ਕਾਂਡ ਤੋਂ ਵੀ ਵੱਧ : ਜਥੇਦਾਰ





ਕਿਸਾਨ ਆਗੂਆਂ ਤੇ ਰਾਜਨੀਤਕ ਆਗੂਆਂ ਦਾ ਮੰਨਣਾ ਹੈ ਕਿ ਹਰਿਆਣਾ ਸਰਕਾਰ ਨੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨ ਸੰਘਰਸ਼ ਕੁਚਲਣ ਲਈ ਪਾਬੰਦੀ ਸ਼ੁਦਾ ਖਤਰਨਾਕ ਪੈਲੇਟ ਗੰਨ ਦੀ ਵਰਤੋਂ ਕੀਤੀ ਹੈ ਅਤੇ ਅਨੇਕਾਂ ਜ਼ਖਮੀ ਕਿਸਾਨਾਂ ਦੇ ਸਰੀਰ ਵਿੱਚ ਇਸ ਗੰਨ ਦੀਆਂ ਗੋਲੀਆਂ ਦੇ ਕਣ ਫ਼ਸੇ ਹੋਏ ਹਨ ਜੋ ਅਪਰੇਸ਼ਨ ਰਾਹੀਂ ਕਢੇ ਜਾ ਰਹੇ ਹਨ। ਖਨੌਰੀ ਬਾਰਡਰ 'ਤੇ 21 ਸਾਲ ਕਿਸਾਨ ਸ਼ੁਭਕਰਨ ਦੀ ਹੋਈ ਮੌਤ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਪਹੁੰਚ ਗਿਆ ਹੈ।ਸ਼ੁਭਕਰਨ ਦੀ ਮੌਤ ਨੂੰ ਲੈ ਕੇ ਹਾਈਕੋਰਟ 'ਚ ਮੋਹਾਲੀ ਦੇ ਇੱਕ ਐਡਵੋਕੇਟ ਹਰਿੰਦਰ ਸਿੰਘ ਵਲੋਂ ਪਟੀਸ਼ਨ ਦਾਇਰ ਕੀਤੀ ਗਈ ਹੈ। ਉਨ੍ਹਾਂ ਨੇ ਆਪਣੀ ਪਟੀਸ਼ਨ ਵਿੱਚ ਹੰਝੂ ਗੈਸ ਅਤੇ ਪੈਲੇਟ ਗੰਨ ਦੇ ਇਸਤੇਮਾਲ 'ਤੇ ਸਵਾਲ ਚੁੱਕੇ ਹਨ। ਫ਼ਿਲਹਾਲ ਇਸ ਪਟੀਸ਼ਨ 'ਤੇ ਅਦਾਲਤ ਵਲੋਂ 29 ਫ਼ਰਵਰੀ ਨੂੰ ਸੁਣਵਾਈ ਕੀਤੀ ਜਾਵੇਗੀ।

ਦੂਜੇ ਪਾਸੇ ਹਰਿਆਣਾ ਦੇ ਡੀ.ਜੀ.ਪੀ. ਸ਼ਤਰੂਜੀਤ ਸਿੰਘ ਪੈਲੇਟ ਗੰਨ ਤੋਂ ਸਾਫ਼ ਇਨਕਾਰ ਕਰ ਰਹੇ ਹਨ ਜਦਕਿ ਏਡੀਜੀਪੀ ਲਾਅ ਐਂਡ ਆਰਡਰ ਮਮਤਾ ਸਿੰਘ ਦਾ ਦਾਅਵਾ ਹੈ ਕਿ ਅਸੀਂ ਇੱਕ ਜਾਂ ਫ਼ਿਰ 2 ਮੌਕਿਆਂ 'ਤੇ ਰੱਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਹੈ ਪਰ ਕਿਸਾਨਾਂ ਦੇ ਸਰੀਰ 'ਤੇ ਮੋਰੀਆਂ ਵਰਗੇ ਜ਼ਖਮ ਹਨ ਉਸ ਨੂੰ ਵੇਖ ਕੇ ਡਾਕਟਰ ਅਤੇ ਸਾਬਕਾ ਪੁਲਿਸ ਅਫ਼ਸਰ ਹਰਿਆਣਾ ਦੇ ਇਸ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪਹਿਲੀ ਨਜ਼ਰ ਵਿੱਚ ਪੈਲੇਟ ਗੰਨ ਦੇ ਨਿਸ਼ਾਨ ਹਨ, ਜਿਸਦੀ ਵਰਤੋਂ ਕਸ਼ਮੀਰ ਵਿੱਚ ਕੀਤੀ ਗਈ ਸੀ । ਕਸ਼ਮੀਰ ਵਿੱਚ ਇਸ ਗੰਨ ਉੱਪਰ ਪਾਬੰਦੀ ਲਗੀ ਹੋਈ ਹੈ।

ਦਿੱਲੀ ਦੇ ਪ੍ਰੋਗੇਸਿਵ ਮੈਡੀਕੋਜ ਐਂਡ ਸਾਇੰਟਿਸਟ ਫ਼ੋਰਨ ਦੇ ਚੇਅਰਮੈਨ ਡਾਕਟਰ ਸਿਧਾਰਥ ਨੇ ਖਨੌਰੀ ਬਾਰਡਰ 'ਤੇ ਜ਼ਖਮੀ ਹੋਏ ਬਲਵਿੰਦਰ ਸਿੰਘ ਦੀ ਫ਼ੋਟੋ ਵੇਖਣ ਤੋਂ ਬਾਅਦਾ ਦਾਅਵਾ ਕੀਤਾ ਕਿ ਇਹ ਪੈਲੇਟ ਗੰਨ ਫ਼ਾਇਰਿੰਗ ਦੇ ਸਾਫ਼ ਸਬੂਤ ਹਨ । ਬਤੌਰ ਡਾਕਟਰ ਮੈਂ ਕਹਿ ਸਕਦਾ ਹਾਂ ਕਿ ਸਰੀਰ ਵਿੱਚ ਜਿਸ ਤਰ੍ਹਾਂ ਦੇ ਨਿਸ਼ਾਨ ਹਨ ਉਹ ਪੈਲੇਟ ਗੰਨ ਦੇ ਜਖਮ ਹਨ । ਪੈਲੇਟ ਲੱਗਣ ਨਾਲ ਅੱਖਾਂ ਵਿੱਚ ਜ਼ਖਮ ਹੋਏ ਹਨ ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਖਨੌਰੀ ਕੋਲ ਕਿਸਾਨਾਂ ਉੱਤੇ ਪੁਲਿਸ ਵੱਲੋਂ ਚਲਾਈਆਂ ਗਈਆਂ ਸਿੱਧੀਆਂ ਗੋਲੀਆਂ ਤੇ ਪੈਲੇਟ ਗੰਨ ਦੀਆਂ ਗੋਲੀਆਂ ਕਾਰਨ ਇੱਕ ਪੰਜਾਬੀ ਨੌਜਵਾਨ ਸ਼ੁਭਿਇੰਦਰ ਦੀ ਮੌਤ ਹੋਈ ਹੈ ਅਤੇ ਕਈ ਗੰਭੀਰ ਜ਼ਖ਼ਮੀ ਹੋਏ ਹਨ। ਉਨ੍ਹਾਂ ਆਖਿਆ ਕਿ ਇਹ ਕਿਸਾਨ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਾ ਹਨ, ਨਾ ਕਿ ਕਿਸੇ ਦੁਸ਼ਮਣ ਦੇਸ਼ ਦੇ ਘੁਸਪੈਠੀਏ, ਜਿਨ੍ਹਾਂ ਵੱਲ ਸਰਕਾਰ ਸਿੱਧੀਆਂ ਗੋਲੀਆਂ ਚਲਾ ਕੇ ਉਨ੍ਹਾਂ ਦੀਆਂ ਛਾਤੀਆਂ ਅਤੇ ਸਿਰ ਵਿੰਨ੍ਹ ਰਹੀ ਹੈ। ਉਨ੍ਹਾਂ ਨੂੰ ਆਪਣੇ ਜਮਹੂਰੀ ਅਧਿਕਾਰ ਤਹਿਤ ਦਿੱਲੀ ਜਾ ਕੇ ਪ੍ਰਦਰਸ਼ਨ ਕਰਨ ਤੋਂ ਰੋਕਣ ਵਾਸਤੇ ਸਰਕਾਰ ਵੱਲੋਂ ਵਰਤੇ ਹਥਕੰਡੇ ਕਿਸੇ ਵੀ ਤਰ੍ਹਾਂ ਜੱਲ੍ਹਿਆਂਵਾਲੇ ਬਾਗ 'ਚ ਅੰਗਰੇਜ਼ ਹਕੂਮਤ ਵੱਲੋਂ ਭਾਰਤੀਆਂ ਨਾਲ ਕੀਤੇ ਜ਼ੁਲਮ ਤੋਂ ਘੱਟ ਨਹੀਂ ਹਨ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਪਿਛਲੇ ਦਿਨਾਂ ਤੋਂ ਪੰਜਾਬ ਦੇ ਕਿਸਾਨ ਕੇਂਦਰ ਸਰਕਾਰ ਕੋਲੋਂ ਆਪਣੀਆਂ ਜਿਣਸਾਂ ਦੇ ਘੱਟੋ-ਘੱਟ ਸਮੱਰਥਨ ਮੁੱਲ ਸਮੇਤ ਹੋਰ ਹੱਕ ਮੰਗ ਕਰ ਰਹੇ ਹਨ ਪਰ ਸਰਕਾਰ ਆਪਣੇ ਕੰਨ੍ਹ ਤੇ ਅੱਖਾਂ ਬੰਦ ਕਰੀ ਬੈਠੀ ਹੈ ਜਿਸ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਨਾ ਚਾਹੁੰਦੀ।

# ਅਮਰੀਕਾ ਵੱਲੋਂ ਭਾਰਤ ਨੂੰ ਡਰੋਨ ਵੇਚਣ 'ਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਇਤਰਾਜ਼

## ਨਿਊਯਾਰਕ 'ਚ ਇੱਕ ਅਮਰੀਕੀ ਸਿੱਖ ਦੀ ਹੱਤਿਆ ਦੀ ਕੋਸ਼ਿਸ਼ ਸੰਬੰਧੀ ਭਾਰਤ ਨੂੰ ਕਟਹਿਰੇ ਵਿੱਚ ਕੀਤਾ ਖੜ੍ਹਾ



ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਅਧਿਕਾਰਾਂ ਦੇ ਦਮਨ ਦਾ ਮੁੱਦਾ ਬਣਾਉਂਦੇ ਹੋਏ ਭਾਰਤ ਨੂੰ ਮਾਰੂ ਹਥਿਆਰਬੰਦ ਡਰੋਨ ਵੇਚਣ ਦੇ ਫ਼ੈਸਲੇ ਦਾ ਅਮਰੀਕਾ ਵਿੱਚ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਹਿਊਮਨ ਰਾਈਟਸ ਵਾਚ ਦੇ ਏਸ਼ੀਆ ਐਡਵੋਕੇਸੀ ਡਾਇਰੈਕਟਰ ਜੌਹਨ ਸਿਫ਼ਟਨ ਨੇ ਅਮਰੀਕਾ ਦੀ ਇਸ ਮਾੜੀ ਪਹੁੰਚ ਦੀ ਸਖ਼ਤ ਆਲੋਚਨਾ ਕੀਤੀ। ਦਰਅਸਲ, ਜੋ ਬਿਡੇਨ ਪ੍ਰਸ਼ਾਸਨ ਭਾਰਤ ਸਰਕਾਰ ਨੂੰ ਹਥਿਆਰਾਂ ਨਾਲ ਲੈਸ 31 ਹਥਿਆਰਬੰਦ ਐਮਕਿਊ-9 ਰੀਪਰ ਡਰੋਨ ਵੇਚਣ ਦਾ ਇਰਾਦਾ ਰੱਖਦਾ ਹੈ, ਜੋ ਅਕਸਰ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਅਤੇ ਮਾਰਨ ਲਈ ਵਰਤੇ ਜਾਂਦੇ ਹਨ। ਜਦੋਂ ਕਿ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਨੇ ਨਿਊਯਾਰਕ ਵਿੱਚ ਇੱਕ ਸਿੱਖ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜ਼ਿਸ਼ ਵਿੱਚ ਭਾਰਤ ਸਰਕਾਰ ਦੇ ਸ਼ਾਮਲ ਹੋਣ ਦਾ ਸ਼ੱਕ ਜਤਾਇਆ ਸੀ। ਹੁਣ ਡਰੋਨ ਰਾਹੀਂ ਪੰਜਾਬ ਵਿੱਚ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਉਪਰ ਹਮਲੇ ਕੀਤੇ ਗਏ ਹਨ।

ਜੌਹਨ ਸਿਫ਼ਟਨ ਨੇ ਕਿਹਾ ਕਿ ਇਹੋ ਜਿਹੇ ਖਤਰਨਾਕ ਹਥਿਆਰ ਅਮਰੀਕਾ ਨੂੰ ਭਾਰਤ ਕੋਲ ਵੇਚਣੇ ਨਹੀਂ ਚਾਹੀਦੇ ਕਿਉਂਕਿ ਭਾਰਤ ਉੱਪਰ ਮਿਥ ਕੇ ਕਤਲਾਂ ਦੇ ਦੋਸ਼ ਲੱਗੇ ਹਨ। ਉਸਨੇ ਕਿਹਾ ਕਿ ਅਮਰੀਕਾ ਨੇ ਉਸੇ ਸਮੇਂ ਇਸ ਸੌਦੇ 'ਤੇ ਗੱਲਬਾਤ ਕਰਨ ਦਾ ਪ੍ਰਸਤਾਵ ਕੀਤਾ ਜਦੋਂ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਖ਼ੁਫ਼ੀਆ ਏਜੰਸੀਆਂ ਅਮਰੀਕੀ ਧਰਤੀ 'ਤੇ ਇੱਕ ਭਾਰਤੀ ਸਰਕਾਰੀ ਏਜੰਟ ਦੁਆਰਾ ਹੱਤਿਆ ਦੀ ਰਿਪੋਰਟ ਕਰ ਰਹੀਆਂ ਸਨ, ਜਿਸ ਨੂੰ ਅਸੀਂ ਬਹੁਤ ਚਿੰਤਾਜਨਕ ਮੰਨਦੇ ਹਾਂ। ਇਹ ਅਮਰੀਕੀ ਪ੍ਰਭੁਸੱਤਾ ਉੱਪਰ ਹਮਲਾ ਹੈ।ਐਮਨੈਸਟੀ ਇੰਟਰਨੈਸ਼ਨਲ (ਯੂ.ਐਸ.ਏ.) ਦੀ ਏਸ਼ੀਆ ਐਡਵੋਕੇਸੀ ਡਾਇਰੈਕਟਰ ਕੈਰੋਲਿਨ ਨੈਸ਼ ਨੇ ਕਿਹਾ ਕਿ ਪ੍ਰਸਤਾਵਿਤ ਹਥਿਆਰਾਂ ਦੇ ਸੌਦੇ ਨੂੰ ਮੋਦੀ ਸਰਕਾਰ ਦੀ ਅੰਤਰਰਾਸ਼ਟਰੀ ਦਮਨ ਵਿੱਚ ਸ਼ਮੂਲੀਅਤ ਦੇ ਮੱਦੇਨਜ਼ਰ ਵੀ ਵਿਚਾਰਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਹਾਲ ਹੀ ਵਿੱਚ ਰਹਿ ਰਹੇ ਨਿਊਯਾਰਕ ਵਿੱਚ ਇੱਕ ਅਮਰੀਕੀ ਸਿੱਖ ਦੀ ਹੱਤਿਆ ਦੀ ਕੋਸ਼ਿਸ਼ ਵੀ ਸ਼ਾਮਲ ਹੈ। ਹਿੰਦੂਸ ਫ਼ਾਰ ਹਿਊਮਨ ਰਾਈਟਸ ਦੀ ਨੀਤੀ ਨਿਰਦੇਸ਼ਕ ਰੀਆ ਚੱਕਰਵਰਤੀ ਨੇ ਕਿਹਾ ਕਿ ਭਾਰਤ ਵਿੱਚ ਹਿੰਸਾ ਬਾਰੇ ਇਸ ਤਰ੍ਹਾਂ ਸੋਚੋ ਜਿਵੇਂ ਤੁਸੀਂ ਦੱਖਣੀ ਅਮਰੀਕੀ ਰਾਜਾਂ ਵਿੱਚ ਕਾਲੇ ਲੋਕਾਂ ਨਾਲ ਕਾਨੂੰਨੀ ਵਿਤਕਰੇ ਜਿਮ ਕਰੋ ਮਾਮਲੇ ਬਾਰੇ ਗੱਲ ਕਰ ਰਹੇ ਹੋ। ਉਨ੍ਹਾਂ ਨੇ ਕਿਹਾ ਕਿ ਫ਼ਿਰਕੂ ਹਿੰਸਾ, ਸਰਕਾਰ ਅਤੇ ਸਥਾਨਕ ਅਧਿਕਾਰੀਆਂ ਦੇ ਦੁਰਪ੍ਰਯੋਗ ਵਿੱਚ ਰਾਜ ਦੀ ਸਰਗਰਮ ਸ਼ਮੂਲੀਅਤ ਦਾ ਸਿਰਾ ਸੰਘੀ ਪੱਧਰ ਤੱਕ ਜਾਂਦਾ ਹੈ।

ਚੱਕਰਵਰਤੀ ਨੇ ਕਿਹਾ ਕਿ ਇਹ ਸਾਰੀ ਹਿੰਸਾ, ਮਨੁੱਖੀ ਅਧਿਕਾਰਾਂ 'ਤੇ ਇਹ ਸਾਰੇ ਹਮਲੇ ਬੁਨਿਆਦੀ ਤੌਰ 'ਤੇ ਭਾਰਤ ਨੂੰ ਧਰਮ ਨਿਰਪੱਖ ਗਣਰਾਜ ਤੋਂ ਹਿੰਦੂ ਰਾਸ਼ਟਰ ਬਣਾਉਣ ਲਈ ਹਨ। ਚੱਕਰਵਰਤੀ ਨੇ ਕਿਹਾ ਕਿ ਭਾਜਪਾ ਦਾ ਚੋਣ ਸੰਦੇਸ਼ ਇਹ ਹੈ ਕਿ ਮੋਦੀ ਇਸ ਹਿੰਦੂ ਰਾਜ ਨੂੰ ਵਿਸ਼ਵ ਪੱਧਰ 'ਤੇ ਲੈ ਗਏ ਹਨ ਅਤੇ ਇਹ ਹਥਿਆਰਾਂ ਦਾ ਸੌਦਾ ਇਸ ਗੱਲ ਦੀ ਇੱਕ ਵਧੀਆ ਉਦਾਹਰਣ ਹੈ ਕਿ ਮੋਦੀ ਨੇ ਇਹ ਕਿਵੇਂ ਕੀਤਾ ਹੈ। ਸਿਕਊਰਟੀ ਅਸਿਸਟੈਂਸ ਮਾਨੀਟਰ ਫ਼ਾਰ ਇੰਟਰਨੈਸ਼ਨਲ ਪਾਲਿਸੀ ਦੇ ਡਾਇਰੈਕਟਰ ਅਰੀ ਟੋਲਨੀ ਨੇ ਕਿਹਾ ਕਿ ਰਾਸ਼ਟਰਪਤੀ ਕਲਿੰਟਨ ਨੇ ਇੱਕ ਵਾਰ ਭਾਰਤ-ਪਾਕਿਸਤਾਨ ਸਰਹੱਦ ਨੂੰ ਧਰਤੀ 'ਤੇ ਸਭ ਤੋਂ ਖ਼ਤਰਨਾਕ ਸਥਾਨ ਵਜੋਂ ਦਰਸ਼ਾਇਆ ਸੀ, ਕਿਉਂਕਿ ਇਹ ਇੱਕੋ ਇੱਕ ਅਜਿਹੀ ਥਾਂ ਹੈ ਜਿੱਥੇ ਤਿੰਨ ਪ੍ਰਮਾਣੂ ਹਥਿਆਰ ਵਾਲੇ ਦੇਸ਼, ਜੋ ਪਹਿਲਾਂ ਇੱਕ ਦੂਜੇ ਨਾਲ ਲੜ ਚੁੱਕੇ ਹਨ ਅਤੇ ਹੁਣ ਇੱਕ ਦੂਜੇ ਦੀ ਸਰਹੱਦ 'ਤੇ ਤਣਾਅ ਪੈਦਾ ਕਰ ਰਹੇ ਹਨ। ਇਸ ਚਿੰਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਕਾਂਗਰਸ ਲਈ ਜ਼ਰੂਰੀ ਹੈ ਕਿ ਉਹ ਭਾਰਤ ਦੇ ਹਥਿਆਰਾਂ ਦੀ ਵਿਕਰੀ 'ਤੇ ਨਜ਼ਰ ਰੱਖੇ।ਇਸ ਬ੍ਰੀਫ਼ਿੰਗ ਦਾ ਆਯੋਜਨ ਇੰਡੀਅਨ ਅਮਰੀਕਨ ਮੁਸਲਿਮ ਕਾਂਗਰਸ, ਹਿੰਦੂਜ਼ ਫ਼ਾਰ ਹਿਊਮਨ ਰਾਈਟਸ, ਦਲਿਤ ਸਾਲਿਡੇਰਿਟੀ ਫ਼ੋਰਮ, ਨਿਊਯਾਰਕ ਸਟੇਟ ਕੌਂਸਲ ਆਫ਼ ਚਰਚਜ, ਵਰਲਡ ਵਿਦਾਊਟ ਜੈਨੋਸਾਈਡ, ਜਸਟਿਸ ਫ਼ਾਰ ਆਲ, ਫ਼ੈਡਰੇਸ਼ਨ ਆਫ਼ ਇੰਡੀਅਨ ਅਮਰੀਕਨ ਕ੍ਰਿਸਚਨ ਆਰਗੇਨਾਈਜ਼ੇਸ਼ਨ ਆਫ਼ ਨਾਰਥ ਅਮਰੀਕਾ, ਇੰਡੀਆ ਸਿਵਲ ਵਾਚ ਇੰਟਰਨੈਸ਼ਨਲ , ਸੈਂਟਰ ਫ਼ਾਰ ਪਲੂਰਾਲਿਜ਼ਮ, ਇੰਟਰਨੈਸ਼ਨਲ ਦਲਿਤ ਰਾਈਟਸ ਕਮਿਸ਼ਨ, ਅਮਰੀਕਨ ਮੁਸਲਿਮ ਇੰਸਟੀਚਿਊਟ, ਇੰਟਰਨੈਸ਼ਨਲ ਸੋਸਾਇਟੀ ਫ਼ਾਰ ਪੀਸ ਐਂਡ ਜਸਟਿਸ, ਨਾਰਥ ਅਮਰੀਕਨ ਮਨੀਪੁਰ ਟ੍ਰਾਈਬਲ ਐਸੋਸੀਏਸ਼ਨ, ਐਸੋਸੀਏਸ਼ਨ ਆਫ਼ ਇੰਡੀਅਨ ਮੁਸਲਿਮ ਆਫ਼ ਅਮਰੀਕਾ, ਪੇਰੀਆਰ ਅੰਬੇਡਕਰ ਥਾਟ ਸਰਕਲ ਆਸਟ੍ਰੇਲੀਆ, ਅਤੇ ਅਲਾਇੰਸ ਅਗੇਂਸਟ ਇਸਲਾਮੋਫ਼ੋਬੀਆ ਦੁਆਰਾ ਕੀਤਾ ਗਿਆ।

# 'ਇੰਡੀਆ' ਦੇ ਪ੍ਰਮੁੱਖ ਮਹਾਂਰਥੀਆਂ ਨੇ ਲੋਕ ਸਭਾ ਚੋਣਾਂ ਲਈ ਮੁੱਢਲੀ ਤਿਆਰੀ ਵਿੱਢੀ

## ਕਾਂਗਰਸ ਤੇ 'ਆਪ' ਪੰਜਾਬ 'ਚ ਲੜਨਗੇ ਵੱਖੋ-ਵੱਖ, ਚੰਡੀਗੜ੍ਹ ਸੀਟ ਕਾਂਗਰਸ ਦੀ ਝੋਲੀ ਵਿੱਚ



ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਨੇ ਕਾਂਗਰਸ ਨਾਲ ਸਮਝੌਤਾ ਸਿਰੇ ਚਾੜ੍ਹ ਲਿਆ ਹੈ। ਸਮਾਜਵਾਦੀ ਪਾਰਟੀ 63 ਅਤੇ ਕਾਂਗਰਸ 17 ਸੀਟਾਂ 'ਤੇ ਚੋਣਾਂ ਲੜੇਗੀ। ਕਦੇ ਦਹਾਕਿਆਂ ਪਹਿਲਾਂ ਯੂ.ਪੀ. ਵਿੱਚ ਕਾਂਗਰਸ ਦੀ ਤੂਤੀ ਬੋਲਦੀ ਸੀ, ਪਰ ਹੌਲੀ-ਹੌਲੀ ਗਾਂਧੀ-ਨਹਿਰੂ ਪਰਿਵਾਰ ਦਾ ਇਹ ਮਜ਼ਬੂਤ ਕਿਲ੍ਹਾ ਢਹਿਣਾ ਸ਼ੁਰੂ ਹੋ ਗਿਆ ਸੀ। ਪਹਿਲਾਂ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਕਾਂਗਰਸ ਨੂੰ 11 ਸੀਟਾਂ ਦੇਣ ਲਈ ਹੀ ਤਿਆਰ ਹੋਏ ਸਨ, ਪਰ ਬਾਅਦ ਵਿੱਚ ਪ੍ਰਿਅੰਕਾ ਗਾਂਧੀ ਵਾਡਰਾ ਦੇ ਦਖ਼ਲ ਦੇਣ ਮਗਰੋਂ ਇਹ ਮਸਲਾ ਹੱਲ ਹੋ ਗਿਆ। ਵਿਰੋਧੀ ਧਿਰ ਦੀਆਂ ਪਾਰਟੀਆਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਉਹ ਦੇਸ਼ ਦੇ ਵੱਖ ਵੱਖ ਸੂਬਿਆਂ ਅੰਦਰ ਆਪਣੇ ਦਮ 'ਤੇ ਭਾਜਪਾ ਦਾ ਟਾਕਰਾ ਨਹੀਂ ਕਰ ਸਕਦੀਆਂ

ਦੂਜੇ ਪਾਸੇ ਕੁਝ ਰਾਜਾਂ ਵਿੱਚ ਸਰਗਰਮ 'ਆਪ' ਪਾਰਟੀ ਨਾਲ ਵੀ ਕਾਂਗਰਸ ਸਮਝੌਤਾ ਕਰਨ ਦੀ ਵੱਡੀ ਚਾਹਵਾਨ ਰਹੀ ਹੈ। ਚਾਹੇ ਪੰਜਾਬ ਦੇ ਕਾਂਗਰਸੀ ਆਗੂਆਂ ਨੇ ਇਸ ਸੰਬੰਧੀ ਆਪਣੀ ਹਾਈਕਮਾਨ ਦੀ ਚੱਲਣ ਨਹੀਂ ਦਿੱਤੀ, ਪਰ ਦਿੱਲੀ, ਹਰਿਆਣਾ, ਗੁਜਰਾਤ, ਗੋਆ ਅਤੇ ਚੰਡੀਗੜ੍ਹ ਵਿੱਚ ਉਸ ਦਾ ਆਪ ਪਾਰਟੀ ਨਾਲ ਸਮਝੌਤਾ ਸਿਰੇ ਚੜ੍ਹ ਗਿਆ ਹੈ। ਦਿੱਲੀ ਰਾਜ ਦੀਆਂ 7 ਸੀਟਾਂ ਵਿਚੋਂ 3 'ਤੇ ਕਾਂਗਰਸ ਅਤੇ 4 ਸੀਟਾਂ 'ਤੇ ਆਮ ਆਦਮੀ ਪਾਰਟੀ ਚੋਣਾਂ ਲੜੇਗੀ। ਪਰ ਇਨ੍ਹਾਂ ਦੋਹਾਂ ਹੀ ਪਾਰਟੀਆਂ ਨੂੰ ਕੌਮੀ ਰਾਜਧਾਨੀ ਵਿੱਚ ਭਾਜਪਾ ਨਾਲ ਸਖ਼ਤ ਮੁਕਾਬਲਾ ਕਰਨਾ ਪਵੇਗਾ, ਕਿਉਂਕਿ ਇਸ ਸਮੇਂ ਲੋਕ ਸਭਾ ਦੀਆਂ ਸਾਰੀਆਂ 7 ਸੀਟਾਂ ਭਾਜਪਾ ਦੇ ਕੋਲ ਹਨ।

ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਗੁਜਰਾਤ ਦੀ ਭਰੂਚ ਅਤੇ ਭਾਵਨਗਰ ਸੀਟ ਅਤੇ ਹਰਿਆਣਾ ਦੀ ਕੁਰੂਕਸ਼ੇਤਰ ਲੋਕ ਸਭਾ ਸੀਟ 'ਤੇ ਵੀ ਚੋਣ ਲੜੇਗੀ। ਕਾਂਗਰਸ ਦੇ ਸੀਨੀਅਰ ਆਗੂ ਮੁਕੁਲ ਵਾਸਨਿਕ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਸੰਦੀਪ ਪਾਠਕ, ਸੌਰਵ ਭਾਰਦਵਾਜ ਅਤੇ ਆਤਿਸ਼ੀ ਨਾਲ ਸਾਂਝੀ ਪ੍ਰੈਸ ਕਾਨਫ਼ਰੰਸ ਦੌਰਾਨ ਸੀਟ ਵੰਡ ਦਾ ਐਲਾਨ ਕੀਤਾ ਸੀ ਕਿ 'ਆਪ' ਅਤੇ ਕਾਂਗਰਸ ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਵੱਖ-ਵੱਖ ਲੜਨ ਦਾ ਫ਼ੈਸਲਾ ਕੀਤਾ ਹੈ ਤੇ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਕਾਂਗਰਸ ਆਪਣਾ ਉਮੀਦਵਾਰ ਖੜ੍ਹਾ ਕਰੇਗੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸੀਨੀਅਰ 'ਆਪ' ਆਗੂਆਂ ਦੇ ਕੇਂਦਰੀ ਜਾਂਚ ਏਜੰਸੀਆਂ ਦੇ ਘੇਰੇ 'ਚ ਆਉਣ ਦੇ ਮੱਦੇਨਜ਼ਰ ਪਾਰਟੀ ਭਾਜਪਾ ਨੂੰ ਜੜ੍ਹੋਂ ਪੁੱਟਣ ਲਈ ਕਾਂਗਰਸ 'ਤੇ ਭਰੋਸਾ ਕਰ ਰਹੀ ਹੈ।

# ਸਰਹੱਦੀ ਕਸਬੇ ਨੂੰ ਵਿਸ਼ੇਸ਼ ਉਦਯੋਗਿਕ ਅਤੇ ਵਪਾਰਕ ਪੈਕੇਜ ਦੇਣ ਦੀ ਸੰਭਾਵਨਾ ਤਲਾਸ਼ੇਗੀ ਸਰਕਾਰ : ਮਾਨ

## ਪਠਾਨਕੋਟ ਤੇ ਦੀਨਾਨਗਰ ’ਚ ਸਰਕਾਰ-ਵਪਾਰ ਮਿਲਣੀ, ਪਠਾਨਕੋਟ ਨੂੰ ਵਪਾਰਕ ਪੈਕੇਜ ਲਈ ਵਿਚਾਰ ਕਰਨ ਦਾ ਦਿੱਤਾ ਭਰੋਸਾ

ਪਠਾਨਕੋਟ/ਦੀਨਾਨਗਰ/ਏ.ਟੀ.ਨਿਊਜ਼ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਕੀਤੀ ਗਈ ਦੂਜੀ ਸਰਕਾਰ-ਵਪਾਰ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਰਹੱਦੀ ਕਸਬੇ ਨੂੰ ਵਿਸ਼ੇਸ਼ ਉਦਯੋਗਿਕ ਅਤੇ ਵਪਾਰਕ ਪੈਕੇਜ ਦੇਣ ਦੀ ਸੰਭਾਵਨਾ ਤਲਾਸ਼ੇਗੀ। ਉਨ੍ਹਾਂ ਕਿਹਾ ਕਿ ਉਹ ਪਠਾਨਕੋਟ ਹਵਾਈ ਅੱਡੇ ਤੋਂ ਦਿੱਲੀ ਲਈ ਉਡਾਣਾਂ ਸ਼ੁਰੂ ਕਰਨ ਦਾ ਮੁੱਦਾ ਨਿੱਜੀ ਤੌਰ ’ਤੇ ਭਾਰਤ ਸਰਕਾਰ ਕੋਲ ਉਠਾਉਣਗੇ। ਜਦ ਕਿ ਇਸ ਖੇਤਰ ਵਿੱਚ ਸੈਰ-ਸਪਾਟਾ ਸਨਅਤ ਨੂੰ ਹੁਲਾਰਾ ਦੇਣ ਲਈ ਪਹਿਲਾਂ ਹੀ ਵੱਡੇ ਪੱਧਰ ’ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ, ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਮੁੱਖ ਸਕੱਤਰ ਅਨੁਰਾਗ ਵਰਮਾ, ਡਿਪਟੀ ਕਮਿਸ਼ਨਰ ਅਦਿੱਤਿਆ ਉਪਲ,



ਜ਼ਿਲ੍ਹਾ ਪ੍ਰਧਾਨ ਠਾਕੁਰ ਅਮਿਤ ਸਿੰਘ ਮੰਟੂ, ਚੇਅਰਮੈਨ ਪੀਟੀਡੀਸੀ ਵਿਭੂਤੀ ਸ਼ਰਮਾ, ਜ਼ਿਲ੍ਹਾ ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਗੁਪਤਾ, ਵਪਾਰ ਮੰਡਲ ਦੇ ਆਗੂ ਐਲਆਰ ਸੋਢੀ, ਸੁਨੀਲ ਮਹਾਜਨ, ਮਨਿੰਦਰ ਸਿੰਘ ਲੱਕੀ, ਅਨਿਲ ਤ੍ਰੇਹਨ ਅਤੇ ਹੋਰ ਅਧਿਕਾਰੀ ਤੇ ਆਗੂ ਹਾਜ਼ਰ ਸਨ।

ਮੁੱਖ ਮੰਤਰੀ ਨੇ ਭਾਜਪਾ ਆਗੂ ਅਤੇ ਸਥਾਨਕ ਸੰਸਦ ਮੈਂਬਰ ਸਨੀ ਦਿਓਲ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਇੱਥੋਂ ਚੁਣੇ ਜਾਣ ਦੇ ਬਾਵਜੂਦ ਉਹ ਪਠਾਨਕੋਟ ਦੀ ਭੂਗੋਲਿਕਤਾ ਤੋਂ ਅਣਜਾਣ ਹਨ ਅਤੇ ਉਹ ਸ਼ਰਤ ਲਾ ਸਕਦੇ ਹਨ ਕਿ ਸਨੀ ਦਿਓਲ ਨੂੰ ਇਹ ਪਤਾ ਨਹੀਂ ਹੋਣਾ ਕਿ ਪਠਾਨਕੋਟ ਜ਼ਿਲ੍ਹੇ ਵਿੱਚ ਧਾਰ ਕਲਾਂ ਜਾਂ ਚਮਰੌੜ ਕਿੱਥੇ ਹੈ। ਉਨ੍ਹਾਂ ਕਿਹਾ ਕਿ ਪਠਾਨਕੋਟ ਦੇ ਲੋਕਾਂ ਨੇ ਇਸ ਬੌਲੀਵੁੱਡ ਸਟਾਰ ਨੂੰ ਚੁਣ ਕੇ ਗਲਤੀ ਕੀਤੀ ਹੈ ਜਿਸ ਦਾ ਲੋਕਾਂ ਅਤੇ ਇਲਾਕੇ ਨਾਲ ਕੋਈ ਸਬੰਧ ਨਹੀਂ ਹੈ ਉਨ੍ਹਾਂ ਕਿਹਾ ਕਿ ਸਰਕਾਰ-ਵਪਾਰ ਮਿਲਣੀਆਂ ਦਾ ਉਦੇਸ਼ ਸੂਬੇ ਵਿੱਚ ਵਪਾਰੀ ਭਾਈਚਾਰੇ ਨੂੰ ਦਰਪੇਸ਼ ਸਾਰੇ ਮੁੱਦਿਆਂ ਨੂੰ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਸੂਬੇ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਜਿਸ ਕਾਰਨ ਸੂਬਾ ਸਰਕਾਰ ਨੇ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਇਹ ਇਤਿਹਾਸਕ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਪਾਰੀਆਂ ਦੀ ਸਹੂਲਤ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਸਾਫ ਕਿਹਾ ਕਿ ਵਪਾਰੀਆਂ ਵੱਲੋਂ ਸੂਬੇ ਨੂੰ ਟੈਕਸ ਵਜੋਂ ਦਿੱਤੇ ਪੈਸੇ ਦੀ ਲੋਕਾਂ ਦੀ ਭਲਾਈ ਲਈ ਯੋਗ ਵਰਤੋਂ ਕੀਤੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ‘ਪੰਜਾਬ ਬਚਾਓ ਯਾਤਰਾ’ ਨੂੰ ਡਰਾਮੇਬਾਜ਼ੀ ਕਰਾਰ ਦਿੰਦਿਆਂ ਅਕਾਲੀ ਆਗੂਆਂ ਨੂੰ ਸੁਆਲ ਕੀਤਾ ਕਿ 15 ਸਾਲ ਸੂਬੇ ਦੀ ਅੰਨ੍ਹੀ ਲੁੱਟ ਕਰਨ ਤੋਂ ਬਾਅਦ ਉਹ ਹੁਣ ਕਿਸ ਤੋਂ ਸੂਬੇ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਸੂਬੇ ਨੂੰ ਬਰਬਾਦ ਕਰਨ ਲਈ ਵਿਰੋਧੀ ਧਿਰ ਦੇ ਆਗੂਆਂ ਸੁਖਬੀਰ ਸਿੰਘ ਬਾਦਲ, ਪ੍ਰਤਾਪ ਬਾਜਵਾ, ਬਿਕਰਮ ਮਜੀਠੀਆ ਅਤੇ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਕਾਨਵੈਂਟ ਸਕੂਲਾਂ ਦੇ ਪੜ੍ਹੇ-ਲਿਖੇ ਇਹ ਆਗੂ ਪੰਜਾਬੀ ਮਾਂ-ਬੋਲੀ ਦਾ ਉਚਾਰਣ ਤੱਕ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ‘ਆਪ’ ਦੀ ਸਰਕਾਰ ਅੰਦਰ ਹੁਣ 90 ਫ਼ੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ 40 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਲੋਕਾਂ ਨੂੰ ਸਿਹਤ ਅਤੇ ਸਿੱਖਿਆ ਦੀਆਂ ਮਿਆਰੀ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ। ਇਸ ਦੌਰਾਨ ‘ਆਪ’ ਆਗੂਆਂ ਵੱਲੋਂ ਮੁੱਖ ਮੰਤਰੀ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਸਾਰੇ ਸੰਸਾਰ ਵਿੱਚ ਸ਼ਾਂਤੀ ਲਿਆਵੇ ਅਮਰੀਕਾ ਅਤੇ ਸਿੱਖ ਧਰਮ ਦੀ ਡੂੰਘੀ ਦੋਸਤੀ

## ਅਮਰੀਕੀ ਰਾਜਦੂਤ ਏਰਿਕ ਨੇ ਦਰਬਾਰ ਸਾਹਿਬ ਵਿਖੇ ਦਿੱਤਾ ਸੁਨੇਹਾ

ਅੰਮ੍ਰਿਤਸਰ/ਏ.ਟੀ.ਨਿਊਜ਼ : ‘ਸੰਸਾਰ ਵਿੱਚ ਕੁਝ ਅਜਿਹੀਆਂ ਥਾਵਾਂ ਹਨ ਜੋ ਸੱਚਮੁੱਚ ਪਵਿੱਤਰ ਹਨ, ਦਰਬਾਰ ਸਾਹਿਬ ਉਸ ਸੂਚੀ ਦੇ ਸਿਖ਼ਰ ’ਤੇ ਹੈ। ਤੁਸੀਂ ਨਾ ਸਿਰਫ਼ ਇਸ ਸਥਾਨ ਦੀ ਪਵਿੱਤਰਤਾ ਨੂੰ ਮਹਿਸੂਸ ਕਰਦੇ ਹੋ ਸਗੋਂ ਲੋਕਾਂ ਦੀ ਖੁੱਲ੍ਹੇ ਦਿਲ ਨਾਲ ਸੇਵਾ ਕਰਨਾ ਸੰਸਾਰ ਨੂੰ ਪਰਿਭਾਸ਼ਿਤ ਕਰਦੀ ਹੈ। ਸੰਯੁਕਤ ਰਾਜ ਅਮਰੀਕਾ ਅਤੇ ਸਿੱਖ ਧਰਮ ਦੀ ਡੂੰਘੀ ਦੋਸਤੀ ਸਾਰੇ ਸੰਸਾਰ ਵਿੱਚ ਸ਼ਾਂਤੀ ਲਿਆਵੇ।’ ਸੰਯੁਕਤ ਰਾਜ ਅਮਰੀਕਾ ਦੇ ਭਾਰਤ ਵਿੱਚ ਰਾਜਦੂਤ ਏਰਿਕ ਗਾਰਸੇਟੀ ਨੇ ਆਪਣੀ ਪਤਨੀ ਐਮੀ ਵੇਕਲੈਂਡ ਸਮੇਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਉਪਰੋਕਤ ਸ਼ਬਦ ਯਾਤਰੂ ਬੁੱਕ ਵਿੱਚ ਅੰਕਿਤ ਕੀਤੇ।

ਗਾਰਸੇਟੀ ਨੇ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਸੰਸਾਰ ਭਰ ’ਚ ਉਹ ਧਾਰਮਿਕ ਅਸਥਾਨ ਹੈ ਜਿੱਥੇ ਆ ਕੇ ਮਨੁੱਖ ਨੂੰ ਰੂਹਾਨੀਅਤ ਦਾ ਅਹਿਸਾਸ ਹੁੰਦਾ ਹੈ। ਇੱਥੇ ਬਿਨਾਂ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਹੈ ਜੋ ਸਿੱਖ ਧਰਮ ਦੀ ਵਿਲੱਖਣਤਾ ਹੈ। ਉਨ੍ਹਾਂ ਅਮਰੀਕਾ ਸਮੇਤ ਸੰਸਾਰ ਭਰ ਦੇ ਲੋਕਾਂ



ਲਈ ਸ਼ਾਂਤੀ ਦੀ ਅਰਦਾਸ ਵੀ ਕੀਤੀ। ਉਨ੍ਹਾਂ ਦੇ ਮਾਤਾ-ਪਿਤਾ 1963 ਵਿੱਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਸਨ ਜਿਨ੍ਹਾਂ ਨੇ ਇਸ ਅਸਥਾਨ ’ਤੇ ਸਿੱਖ ਧਰਮ ਬਾਰੇ ਮੈਨੂੰ ਜੀਵਨ ਵਿੱਚ ਬਹੁਤ ਕੁਝ ਦੱਸਿਆ, ਮੈਂ ਸਿੱਖ ਧਰਮ ਬਾਰੇ ਪੜ੍ਹਿਆ ਵੀ ਹੈ। ਅੱਜ ਇੱਥੇ ਆ ਕੇ ਮੈਨੂੰ ਖੁਸ਼ੀ ਮਹਿਸੂਸ ਹੋਈ ਹੈ। ਰਾਜਦੂਤ ਗਾਰਸੇਟੀ ਆਪਣੀ ਪਤਨੀ ਐਮੀ ਵੇਕਲੈਂਡ ਅਤੇ ਪਰਿਵਾਰਕ ਮੈਂਬਰਾਂ ਨਾਲ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਵੀ ਗਏ ਜਿੱਥੇ ਉਨ੍ਹਾਂ ਲੰਗਰ ਵਿੱਚ ਸੇਵਾ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਦੂਤ ਗਾਰਸੇਟੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਸੂਚਨਾ ਕੇਂਦਰ ਵਿਖੇ ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ, ਪੁਸਤਕਾਂ ਅਤੇ ਲੋਈ ਦੇ ਕੇ ਸਨਮਾਨ ਕੀਤਾ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਅਤੇ ਪੰਜਾਬੀ ਭਾਈਚਾਰਾ ਰਹਿੰਦਾ ਹੈ। ਅੰਮ੍ਰਿਤਸਰ ਤੋਂ ਅਮਰੀਕਾ ਲਈ ਸਿੱਧੀ ਉਡਾਣ ਨਾ ਹੋਣ ਕਰ ਕੇ ਅੰਮ੍ਰਿਤਸਰ ਆਉਣ ਵਾਲੇ ਯਾਤਰੂਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਰਾਜਦੂਤ ਈਜੀ ਨੂੰ ਕਿਹਾ ਕਿ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਅਨੁਸਾਰ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅਮਰੀਕਾ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਉਚੇਚੇ ਯਤਨ ਕੀਤੇ ਜਾਣ। ਇਸ ’ਤੇ ਈਜੀ ਨੇ ਸਕਾਰਾਤਮਕ ਹੁੰਗਾਰਾ ਭਰਦਿਆਂ ਕਿਹਾ ਕਿ ਉਹ ਆਪਣੇ ਅਧਿਕਾਰ ਖੇਤਰ ਵਿੱਚ ਰਹਿ ਕੇ ਇਸ ਪ੍ਰਤੀ ਜ਼ਰੂਰ ਗੱਲ ਕਰਨਗੇ।

# ਕੈਂਸਰ ਦੇ ਇਲਾਜ ਲਈ ਮਦਰਾਸ ਦੇ ਖ਼ੋਜਕਰਤਾਵਾਂ ਨੇ ਭਾਰਤੀ ਮਸਾਲਿਆਂ ਦੀ ਵਰਤੋਂ ਦਾ ਪੇਟੈਂਟ ਕਰਵਾਇਆ

## ਮਸਾਲਿਆਂ ਤੋਂ ਬਣਨ ਵਾਲੀਆਂ ਦਵਾਈਆਂ 2028 ਤੱਕ ਹੋਣਗੀਆਂ ਉਪਲਬਧ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਈ ਮਸਾਲੇ ਅਜਿਹੇ ਹਨ ਜੋ ਕੈਂਸਰ ਵਰਗੀ ਬਿਮਾਰੀ ਦੇ ਇਲਾਜ ਵਿੱਚ ਰਾਮਬਾਣ ਸਾਬਤ ਹੁੰਦੇ ਹਨ। ਭਾਰਤੀ ਤਕਨੀਕੀ ਸੰਸਥਾਨ (ਆਈ. ਆਈ. ਟੀ.) ਮਦਰਾਸ ਦੇ ਖੋਜਕਰਤਾਵਾਂ ਨੇ ਉਨ੍ਹਾਂ ਭਾਰਤੀ ਮਸਾਲਿਆਂ ਦੀ ਵਰਤੋਂ ਦਾ ਪੇਟੈਂਟ ਕਰਵਾਇਆ ਹੈ, ਜੋ ਕੈਂਸਰ ਵਰਗੀਆਂ ਜਾਨ ਲੇਵਾ ਬਿਮਾਰੀਆਂ ਦੇ ਇਲਾਜ ’ਚ ਕਾਰਗਰ ਸਾਬਤ ਹੋ ਸਕਦੇ ਹਨ । ਅਧਿਕਾਰੀਆਂ ਨੇ ਦੱਸਿਆ ਕਿ ਔਸ਼ਧੀ ਗੁਣਾਂ ਵਾਲੇ ਇਨ੍ਹਾਂ ਮਸਾਲਿਆਂ ਤੋਂ ਬਣਨ ਵਾਲੀਆਂ ਦਵਾਈਆਂ 2028 ਤੱਕ ਬਾਜ਼ਾਰ ’ਚ ਉਪਲਬਧ ਹੋਣ ਦੀ ਸੰਭਾਵਨਾ ਹੈ । ਉਨ੍ਹਾਂ ਦੱਸਿਆ ਕਿ ਭਾਰਤੀ ਮਸਾਲਿਆਂ ਤੋਂ ਬਣੀਆਂ ਨੈਨੋ ਦਵਾਈਆਂ ਨੇ ਫੇਫੜੇ, ਛਾਤੀ, ਕੋਲਨ (ਅੰਤੜੀ), ਸਰਵਾਈਕਲ, ਓਰਲ ਤੇ ਥਾਇਰਾਇਡ ’ਚ ਕੈਂਸਰ ਸੈੱਲਾਂ ’ਤੇ ਅਸਰ ਦਿਖਾਇਆ ਹੈ। ਹਾਲਾਂ ਕਿ ਇਹ ਦਵਾਈਆਂ ਸਾਧਾਰਨ ਸੈੱਲਾਂ ’ਚ ਸੁਰੱਖਿਅਤ ਪਾਈਆਂ ਗਈਆਂ । ਖੋਜ ਕਰਤਾ ਅਜੇ ਕੈਂਸਰ ਦਵਾਈ ਦੀ ਸੁਰੱਖਿਆ ਅਤੇ ਲਾਗਤ ਦੇ ਮੁੱਦਿਆਂ ’ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ’ਚ ਜਾਨਵਰਾਂ ’ਤੇ ਸਫਲਤਾ ਪੂਰਵਕ ਅਧਿਐਨ ਕੀਤਾ ਗਿਆ। ਹੁਣ ਇਨ੍ਹਾਂ ਦਵਾਈਆਂ ਨੂੰ 2027-28 ਤੱਕ ਬਾਜ਼ਾਰ ’ਚ ਉਪਲਬਧ ਕਰਾਉਣ ਦੇ ਉਦੇਸ਼ ਨਾਲ ਕਲੀਨੀਕਲ ਪ੍ਰੀਖਣਾਂ ਦੀ ਯੋਜਨਾ ਬਣਾਈ ਜਾ ਰਹੀ ਹੈ। ਆਈ.ਆਈ.ਟੀ. ਮਦਰਾਸ ਦੇ ਕੈਮੀਕਲ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਆਰ. ਨਾਗਾਰਾਜਨ ਨੇ ਕਿਹਾ ਕਿ ਭਾਰਤੀ ਮਸਾਲੇ ਯੁੱਗਾਂ ਤੋਂ ਸਿਹਤ ਲਾਭ ਲਈ ਜਾਣੇ ਜਾਂਦੇ ਹਨ।

## ਗੱਡੀ ਜਾਂਦੀ ਏ ਛਲਾਂਘਾਂ ਮਾਰਦੀ

# ਜਦੋਂ ਬਿਨਾਂ ਡਰਾਈਵਰ ਹੀ 76 ਕਿਲੋਮੀਟਰ ਦੌੜਦੀ ਰਹੀ ਮਾਲ ਗੱਡੀ

ਮੁਕੇਰੀਆਂ/ਏ.ਟੀ.ਨਿਊਜ਼ : ਰੇਲਵੇ ਵਿਭਾਗ ਦੀ ਇੱਕ ਮਾਲ ਗੱਡੀ ਬੀਤੇ ਦਿਨ ਸਵੇਰੇ ਕਠੂਆ ਰੇਲਵੇ ਸਟੇਸ਼ਨ ਤੋਂ ਅਚਾਨਕ ਬਿਨਾ ਡਰਾਈਵਰ ਤੋਂ ਹੀ ਤੁਰ ਪਈ, ਜਿਸ ਨੂੰ ਕਾਫ਼ੀ ਜੱਦੋਜਹਿਦ ਮਗਰੋਂ ਮੁਕੇਰੀਆਂ ਨੇੜਲੇ ਕਸਬਾ ਉੱਚੀ ਬੱਸੀ ਦੇ ਰੇਲਵੇ ਸਟੇਸ਼ਨ ’ਤੇ ਲੱਕੜ ਦੇ ਸਟਾਪਰ ਲਾ ਕੇ ਰੋਕਿਆ ਗਿਆ। ਬਿਨਾ ਡਰਾਈਵਰ ਤੋਂ 76 ਕਿਲੋਮੀਟਰ ਦੀ ਦੂਰੀ ਤੈਅ ਕਰ ਚੁੱਕੀ ਇਸ ਮਾਲ ਗੱਡੀ ਦੀ ਰੇਲਵੇ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਗਈ ਜਿਸ ਮਗਰੋਂ ਇਸ ਨੂੰ ਅਗਲੇ ਸਟੇਸ਼ਨ ਲਈ ਰਵਾਨਾ ਕੀਤਾ ਗਿਆ। ਪ੍ਰਾਪਤ ਜਾਣਕਾਰੀ



ਅਨੁਸਾਰ ਗੱਡੀ ਨੂੰ ਕਠੂਆ ਤੋਂ ਅਗਲੇ ਸਟੇਸ਼ਨਾਂ ’ਤੇ ਰੋਕਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਅਸਫਲ ਰਹਿਣ ’ਤੇ ਅਖੀਰ ਮਾਲ ਗੱਡੀ ਨੂੰ ਉੱਚੀ ਬੱਸੀ ਰੋਕਿਆ ਜਾ ਸਕਿਆ। ਕਰੀਬ 80 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਚੱਲੀ ਇਸ ਮਾਲ ਗੱਡੀ ਕਾਰਨ 3 ਰੇਲ ਗੱਡੀਆਂ ਪ੍ਰਭਾਵਿਤ ਹੋਈਆਂ ਹਨ। ਘਟਨਾ ਦੀ ਸੂਚਨਾ ਮਿਲਣ ਮਗਰੋਂ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਦੱਸਣਯੋਗ ਹੈ ਕਿ ਬਿਨਾਂ ਡਰਾਈਵਰ ਦੇ ਕਠੂਆ ਤੋਂ ਰਵਾਨਾ ਹੋਣ ਵਾਲੀ ਇਸ ਮਾਲ ਗੱਡੀ ਨੂੰ ਰੋਕਣ ਲਈ ਜਲੰਧਰ ਤੱਕ ਦੇ ਸਾਰੇ ਸਟੇਸ਼ਨਾਂ ਨੂੰ ਹਾਈ ਅਲਰਟ ’ਤੇ ਰੱਖਿਆ ਗਿਆ ਸੀ। ਖਾਲੀ 53 ਡੱਬਿਆਂ ਨਾਲ ਚੱਲ ਰਹੀ ਗੱਡੀ ਦੇ ਉੱਚੀ ਬੱਸੀ ਨੇੜੇ ਰੁਕਣ ਤੋਂ ਬਾਅਦ ਅਧਿਕਾਰੀਆਂ ਨੇ ਸੁੱਖ ਦਾ ਸਾਹ ਲਿਆ।

ਮੁੱਢਲੀ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕਠੂਆ ਸਟੇਸ਼ਨ ’ਤੇ ਗੱਡੀ ਦਾ ਡਰਾਈਵਰ ਇੰਜਨ ਚਲਾ ਕੇ ਬਿਨਾਂ ਹੈਂਡਬ੍ਰੇਕ ਲਾਇਆਂ ਹੇਠਾਂ ਉੱਤਰ ਗਿਆ ਸੀ। ਗੱਡੀ ਢਲਾਨ ’ਤੇ ਖੜ੍ਹੀ ਹੋਣ ਕਾਰਨ ਤੁਰ ਪਈ ਜੋ ਹੌਲੀ ਹੌਲੀ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ’ਤੇ ਪੁੱਜ ਗਈ। ਰੇਲਵੇ ਅਧਿਕਾਰੀਆਂ ਨੇ ਤੁਰੰਤ ਅਗਲੇ ਸਟੇਸ਼ਨਾਂ ’ਤੇ ਅਲਰਟ ਜਾਰੀ ਕਰ ਕੇ ਸਾਰੇ ਲਾਂਘੇ ਬੰਦ ਕਰਵਾ ਦਿੱਤੇ ਤੇ ਪਠਾਨਕੋਟ ਵੱਲ ਜਾਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਵੀ ਰੋਕ ਦਿੱਤੀਆਂ। ਪਹਿਲਾਂ ਮਾਲ ਗੱਡੀ ਨੂੰ ਸੁਜਾਨਪੁਰ ਵਿੱਚ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਗੱਡੀ ਨਾ ਰੁਕੀ। ਇਸ ਮਗਰੋਂ ਰਫ਼ਤਾਰ ਤੇਜ਼ ਹੋਣ ਕਾਰਨ ਪਠਾਨਕੋਟ ਕੈਂਟ, ਕੰਦਰੋੜੀ, ਮੀਰਥਲ, ਭੰਗਾਲਾ ਅਤੇ ਮੁਕੇਰੀਆਂ ਦੇ ਸਟੇਸ਼ਨਾਂ ’ਤੇ ਵੀ ਇਸ ਨੂੰ ਰੋਕਿਆ ਨਾ ਜਾ ਸਕਿਆ। ਅਖੀਰ ਰਫ਼ਤਾਰ ਥੋੜ੍ਹੀ ਘਟਣ ਮਗਰੋਂ ਇਸ ਨੂੰ ਉੱਚੀ ਬੱਸੀ ਰੇਲਵੇ ਸਟੇਸ਼ਨ ’ਤੇ ਰੋਕਿਆ ਜਾ ਸਕਿਆ।

### ਜਾਂਚ ਮਗਰੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ: ਟਰੈਫ਼ਿਕ ਮੈਨੇਜਰ

ਜੰਮੂ ਰੇਲਵੇ ਡਿਵੀਜ਼ਨ ਦੇ ਟਰੈਫਿਕ ਮੈਨੇਜਰ ਅਸ਼ੋਕ ਕੁਮਾਰ ਸਿਨਹਾ ਨੇ ਦੱਸਿਆ ਕਿ ਘਟਨਾ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਉਪਰੰਤ ਦੋਸ਼ੀ ਪਾਏ ਜਾਣ ਵਾਲੇ ਮੁਲਾਜ਼ਮ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਅਤੇ ਸੰਭਾਵਿਤ ਸੁਰੱਖਿਆ ਕੁਤਾਹੀਆਂ ਦੀ ਪਛਾਣ ਕਰਨ ਲਈ ਮਾਮਲੇ ਨੂੰ ਵਿਚਾਰਿਆ ਜਾਵੇਗਾ।

# ਹਰਿਆਣਾ ਪੁਲਿਸ ਵੱਲੋਂ ਕਿਸਾਨ ਮੋਰਚੇ 'ਚੋਂ ਪ੍ਰਿਤਪਾਲ ਸਿੰਘ ਨੂੰ ਅਗ਼ਵਾ ਕਰਕੇ ਕੀਤਾ ਅੰਨ੍ਹਾ ਤਸ਼ੱਦਦ

## ਪ੍ਰਿਤਪਾਲ ਦਾ ਜਬਾੜਾ ਟੁੱਟਿਆ, ਦੋਵੇਂ ਲੱਤਾਂ ਵਿੱਚ ਤਿੰਨ ਫ਼ਰੈਕਚਰ ਤੇ ਸਿਰ ਵਿੱਚ ਕਈ ਥਾਂਵਾਂ 'ਤੇ ਟਾਂਕੇ ਲੱਗੇ

## ਪੰਜਾਬ ਸਰਕਾਰ ਤੇ ਕਿਸਾਨ ਯੂਨੀਅਨਾਂ ਦੇ ਦਬਾਅ ਕਾਰਨ ਪ੍ਰਿਤਪਾਲ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਕੀਤਾ ਰੈਫ਼ਰ



ਚੰਡੀਗੜ੍ਹ/ਏ.ਟੀ.ਨਿਊਜ਼ : ਖਨੌਰੀ ਸਰਹੱਦ 'ਤੇ ਕਿਸਾਨੀ ਅੰਦੋਲਨ ਦੌਰਾਨ ਜ਼ਖਮੀ ਹੋਏ ਗੁਰਸਿੱਖ ਨੌਜਵਾਨ ਪ੍ਰਿਤਪਾਲ ਸਿੰਘ, ਜੋ ਕਿ ਪੀ. ਜੀ. ਆਈ. ਰੋਹਤਕ (ਹਰਿਆਣਾ) ਵਿਖੇ ਜੇਰੇ ਇਲਾਜ ਸੀ, ਨੂੰ ਹਰਿਆਣਾ ਸਰਕਾਰ ਵੱਲੋਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰੈਫ਼ਰ ਕਰ ਦਿੱਤਾ ਹੈ।

ਪੰਜਾਬ ਸਰਕਾਰ ਦੇ ਚੀਫ਼ ਸੈਕਰੇਟਰੀ ਅਨੁਰਾਗ ਵਰਮਾ ਨੇ 24 ਫ਼ਰਵਰੀ ਨੂੰ ਹਰਿਆਣਾ ਸਰਕਾਰ ਦੇ ਚੀਫ਼ ਸੈਕਰੇਟਰੀ ਸੰਜੀਵ ਕੌਸ਼ਲ ਨੂੰ ਚਿੱਠੀ ਲਿਖੀ ਗਈ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਪ੍ਰਿਤਪਾਲ ਸਿੰਘ ਨੂੰ ਪੰਜਾਬ ਸਰਕਾਰ ਦੇ ਹਵਾਲੇ ਕੀਤਾ ਜਾਵੇ। ਹਰਿਆਣਾ ਸਰਕਾਰ ਵੱਲੋਂ ਪੰਜਾਬ ਨੂੰ ਕਸਟਡੀ ਸੌਂਪਣ ਲਈ ਸਹਿਮਤੀ ਦੇਣ ਤੋਂ ਬਾਅਦ ਸਿਹਤ ਮੰਤਰੀ ਬਲਬੀਰ ਸਿੰਘ ਨੇ ਇਹ ਜਾਣਕਾਰੀ ਸਾਰਿਆਂ ਨਾਲ ਸਾਂਝੀ ਕੀਤੀ ਸੀ। ਡਾਕਟਰ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪ੍ਰਿਤਪਾਲ ਸਿੰਘ ਤੇ ਹਰ ਜ਼ਖਮੀ ਕਿਸਾਨ ਦਾ ਮੁਫ਼ਤ ਇਲਾਜ ਕਰੇਗੀ। ਜਿਵੇਂ ਹੀ ਪ੍ਰਿਤਪਾਲ ਸਿੰਘ ਪੀ.ਜੀ.ਆਈ. ਚੰਡੀਗੜ੍ਹ ਪੁੱਜਿਆ ਤਾਂ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੀ ਪੀ.ਜੀ.ਆਈ. ਪਹੁੰਚ ਗਏ। ਉਨ੍ਹਾਂ ਨੇ ਪ੍ਰਿਤਪਾਲ ਸਿੰਘ ਪਿਤਾ ਦਵਿੰਦਰ ਸਿੰਘ ਨਾਲ ਪ੍ਰੈੱਸ ਕਾਨਫ਼ਰੰਸ ਕੀਤੀ। ਬਿਕਰਮ ਸਿੰਘ ਮਜੀਠੀਆ ਨੇ ਇਹ ਇਲਜ਼ਾਮ ਲਗਾਏ ਕਿ ਪ੍ਰਿਤਪਾਲ ਦੀ ਹਰਿਆਣਾ ਪੁਲਿਸ ਵੱਲੋਂ ਕੁੱਟਮਾਰ ਕੀਤੀ ਗਈ ਅਤੇ ਅਗਵਾ ਕੀਤਾ ਗਿਆ। ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਉੱਪਰ ਵੀ ਸਵਾਲ ਚੁੱਕੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਐੱਸ.ਐੱਸ.ਪੀ. ਅਤੇ ਡੀ.ਸੀ. ਜੋ ਮੌਕੇ 'ਤੇ ਮੌਜੂਦ ਸਨ ਸਾਰਾ ਕੁਝ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ।

### ਕਿਸਾਨ ਆਗੂਆਂ ਦਾ ਦਾਅਵਾ

ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਦਾ ਕਹਿਣਾ ਹੈ ਕਿ ਸਾਡੇ ਇੱਕ ਲੀਗਲ ਡੈਲੀਗੇਸ਼ਨ ਦੇ ਆਗੂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਆਰਡਰ ਪਾਸ ਕਰਵਾ ਕੇ ਉਸ ਨੂੰ ਪੀ. ਜੀ. ਆਈ. ਰੋਹਤਕ ਤੋਂ ਪੀ. ਜੀ. ਆਈ. ਚੰਡੀਗੜ੍ਹ ਲੈ ਆਏ ਹਨ।

ਬਲਦੇਵ ਸਿੰਘ ਸਿਰਸਾ ਦਾ ਕਹਿਣਾ ਹੈ ਕਿ ਪ੍ਰਿਤਪਾਲ ਨੂੰ 14 ਤੋਂ 15 ਪੁਲਿਸ ਵਾਲਿਆਂ ਨੇ ਡੰਡਿਆਂ ਨਾਲ ਕੁੱਟਿਆ। ਉਸ ਦੇ ਸਿਰ 'ਤੇ ਡੰਡਾ ਮਾਰਿਆ ਗਿਆ ਹੈ, ਉਸ ਦੀ ਲੱਤ 'ਤੇ ਫ਼ਰੈਕਚਰ ਹੈ। ਉਸ ਦੇ ਗਲ 'ਤੇ ਰੱਸੀ ਦੇ ਨਿਸ਼ਾਨ ਹਨ। ਕਿਸਾਨ ਆਗੂ ਸਿਰਸਾ ਨੇ ਕਿਹਾ ਕਿ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਅੱਤਵਾਦੀ ਸੀ, ਜਿਸ ਲਈ ਉਸ ਨਾਲ ਅਜਿਹਾ ਸਲੂਕ ਕੀਤਾ ਗਿਆ।

### ਪਰਿਵਾਰ ਦਾ ਦਾਅਵਾ

ਪ੍ਰਿਤਪਾਲ ਸਿੰਘ ਵਾਸੀ ਸੰਗਰੂਰ ਦੇ ਪਿਤਾ ਦਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਕੋਚਿੰਗ ਅਕੈਡਮੀ ਵਿੱਚ ਅਧਿਆਪਕ ਵਜੋਂ ਕੰਮ ਕਰਦਾ ਹੈ, ਜੋ ਬੱਚਿਆਂ ਨੂੰ ਪੜ੍ਹਾਉਂਦਾ ਹੈ। ਬੀਤੇ ਬੁੱਧਵਾਰ ਨੂੰ ਪ੍ਰਿਤਪਾਲ ਆਪਣੇ ਜੀਜੇ (ਜੋ ਸਰਕਾਰੀ ਡਾਕਟਰ ਹੈ ਤੇ ਐਂਬੂਲੈਂਸ ਡਿਊਟੀ 'ਤੇ ਹੈ) ਨੂੰ ਕੱਪੜੇ ਦੇਣ ਅਤੇ ਲੰਗਰ ਦੇਣ ਲਈ ਖਨੌਰੀ ਸਰਹੱਦ 'ਤੇ ਗਿਆ ਸੀ। (ਬਾਕੀ ਸਫ਼ਾ 31 'ਤੇ)

## ਕਿਸਾਨ ਜਾਣਗੇ ਹਾਈਕੋਰਟ



ਚੰਡੀਗੜ੍ਹ/ਏ.ਟੀ.ਨਿਊਜ਼ : ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਇਸ ਬਾਰੇ ਕਨੂੰਨੀ ਕਾਰਵਾਈ ਹੋਵੇ ਪਰ ਪੰਜਾਬ ਸਰਕਾਰ ਖੱਟੜ ਸਰਕਾਰ ਨਾਲ ਰਲੀ ਹੋਈ ਹੈ। ਹਾਲੇ ਤੱਕ ਐਫ਼.ਆਈ.ਆਰ. ਦਰਜ਼ ਨਹੀਂ ਕੀਤੀ। ਇਸ ਬਾਰੇ ਇਨਸਾਫ਼ ਲੈਣ ਲਈ ਕਿਸਾਨ ਹਾਈਕੋਰਟ ਜਾਣਗੇ।

## ਪ੍ਰਿਤਪਾਲ ਸਿੰਘ 'ਤੇ ਤਸ਼ੱਦਦ ਕਰਨ ਵਾਲੇ ਪੁਲਿਸ ਅਫ਼ਸਰਾਂ ਵਿਰੁੱਧ ਕਾਰਵਾਈ ਹੋਵੇ: ਕੈਪਟਨ



ਚੰਡੀਗੜ੍ਹ/ਏ.ਟੀ.ਨਿਊਜ਼ : ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਪ੍ਰਿਤਪਾਲ ਸਿੰਘ 'ਤੇ ਹਰਿਆਣਾ ਪੁਲਿਸ ਵੱਲੋਂ ਕੀਤੇ ਤਸ਼ੱਦਦ ਦੀ ਨਿੰਦਾ ਕੀਤੀ ਹੈ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿੱਚ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਕਿਸਾਨ ਸਿਰਫ਼ ਉਥੇ ਬੈਠੇ ਕਿਸਾਨਾਂ ਨੂੰ ਲੰਗਰ ਵਰਤਾ ਰਿਹਾ ਸੀ ਜਿਸ ਦੀ ਭਾਰੀ ਕੁੱਟਮਾਰ ਕੀਤੀ ਗਈ।

## ਮਾਂ ਵੱਲੋਂ ਅੰਮ੍ਰਿਤਪਾਲ ਨੂੰ ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰਨ ਦੀ ਮੰਗ

### ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ 'ਤੇ ਲਾਇਆ ਪੱਕਾ ਮੋਰਚਾ



ਅੰਮ੍ਰਿਤਸਰ/ਏ.ਟੀ.ਨਿਊਜ਼ : 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਤੇ ਖ਼ਾਲਿਸਤਾਨੀ ਸਮਰਥਕ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਸਬੰਧੀ ਸਰਕਾਰ ਨਾਲ ਪਹਿਲੀ ਗੱਲਬਾਤ ਅਸਫ਼ਲ ਰਹਿਣ ਮਗਰੋਂ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਕੋਲ ਹੈਰੀਟੇਜ ਸਟਰੀਟ 'ਤੇ ਪੱਕਾ ਮੋਰਚਾ ਲਗਾ ਦਿੱਤਾ ਹੈ।

ਬੀਤੇ ਦਿਨੀਂ ਬਲਵਿੰਦਰ ਕੌਰ ਆਪਣੇ ਪੁੱਤਰ ਅੰਮ੍ਰਿਤਪਾਲ ਸਿੰਘ ਅਤੇ 9 ਸਾਥੀਆਂ ਨੂੰ ਪੰਜਾਬ ਲਿਆਉਣ ਦੀ ਮੰਗ ਨੂੰ ਲੈ ਕੇ ਗ੍ਰਹਿ ਸਕੱਤਰ ਨੂੰ ਮਿਲਣ ਗਈ ਸੀ, ਪਰ ਸਰਕਾਰ ਨਾਲ ਉਨ੍ਹਾਂ ਦੀ ਪਹਿਲੀ ਗੱਲਬਾਤ ਅਸਫ਼ਲ ਰਹੀ। ਜ਼ਿਕਰਯੋਗ ਹੈ ਕਿ ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਵਾਉਣ ਦੀ ਮੰਗ ਨੂੰ ਲੈ ਕੇ ਉਸ ਦੇ ਮਾਤਾ-ਪਿਤਾ, ਨਜ਼ਰਬੰਦ ਸਿੱਖ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਅਤੇ ਸਿੱਖ ਸੰਗਠਨਾਂ ਦੇ ਨੇਤਾਵਾਂ ਦੀ ਸ੍ਰੀ ਹਰਿਮੰਦਰ ਸਾਹਿਬ ਕੋਲ ਹੈਰੀਟੇਜ ਸਟਰੀਟ 'ਤੇ ਭੁੱਖ ਹੜਤਾਲ ਜਾਰੀ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਜਾਰੀ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਾਨਕਸ਼ਾਹੀ ਸੰਮਤ 556 (ਸਾਲ 2024-25) ਦਾ ਕੈਲੰਡਰ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਾਰੀ ਕੀਤਾ। ਇਸ ਵਾਰ ਦਾ ਨਾਨਕਸ਼ਾਹੀ ਕੈਲੰਡਰ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਕੈਲੰਡਰ ਜਾਰੀ ਕਰਨ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ। ਉਨ੍ਹਾਂ ਸਿੱਖ ਸੰਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ-ਘਰ ਅਤੇ ਆਪੋ-ਆਪਣੇ ਘਰਾਂ ਵਿੱਚ ਲਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨਾਨਕਸ਼ਾਹੀ ਸੰਮਤ ਅਨੁਸਾਰ ਸਾਲ ਦੀ ਸ਼ੁਰੂਆਤ ਚੇਤ ਮਹੀਨੇ ਤੋਂ ਹੁੰਦੀ ਹੈ।

ਨਾਨਕਸ਼ਾਹੀ ਸੰਮਤ 556 ਦਾ ਕੈਲੰਡਰ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਦੇ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਹੈ ਅਤੇ ਇਹ ਸ਼ਤਾਬਦੀ ਦਿਹਾੜਾ ਸਿੱਖ ਕੌਮ ਵੱਲੋਂ ਸਤੰਬਰ ਮਹੀਨੇ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਮਨਾਇਆ ਜਾਵੇਗਾ। ਉਨ੍ਹਾਂ ਆਉਣ ਵਾਲੇ ਨਾਨਕਸ਼ਾਹੀ ਸੰਮਤ 556 ਦੀ ਸਿੱਖ ਸੰਗਤ ਨੂੰ ਵਧਾਈ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਤਵਿੰਦਰ ਸਿੰਘ ਟੌਹੜਾ, ਓਐੱਸਡੀ ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਤੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਮੌਜੂਦ ਸਨ।

## ਗੁ. ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਤੋਂ ਖੁੱਲ੍ਹਣਗੇ

ਗੋਪੇਸ਼ਵਰ (ਉਤਰਾਖੰਡ)/ ਏ.ਟੀ.ਨਿਊਜ਼ : ਉਤਰਾਖੰਡ ਦੇ ਹਿਮਾਲਿਆ ਵਿੱਚ ਸਥਿਤ ਸਿੱਖ ਤੀਰਥ ਅਸਥਾਨ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਤੋਂ ਸ਼ਰਧਾਲੂਆਂ ਲਈ ਖੋਲ੍ਹੇ ਜਾਣਗੇ। ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਕਿਵਾੜ 25 ਮਈ ਤੋਂ ਖੁੱਲ੍ਹਣਗੇ ਅਤੇ 10 ਅਕਤੂਬਰ ਨੂੰ ਬੰਦ ਹੋਣਗੇ। ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਉਸ ਅਨੁਸਾਰ ਹੀ ਯੋਜਨਾ ਬਣਾਉਣ।



### ਮਾਮਲਾ ਕੋਟਕਪੂਰਾ ਗੋਲੀ ਕਾਂਡ ਦਾ

## 'ਸਿਟ' ਵੱਲੋਂ ਅਦਾਲਤ 'ਚ ਪੰਜਵਾਂ ਸਪਲੀਮੈਂਟਰੀ ਚਲਾਨ ਪੇਸ਼

### ਸੈਣੀ ਅਤੇ ਸੁਖਬੀਰ ਸਿੰਘ ਬਾਦਲ ਮੁੱਖ ਸਾਜ਼ਿਸ਼ਕਰਤਾ

ਫਰੀਦਕੋਟ/ਏ.ਟੀ.ਨਿਊਜ਼ : ਬਰਗਾੜੀ ਬੇਅਦਬੀ ਦੇ ਵਿਰੋਧ ਵਿੱਚ ਕੋਟਕਪੂਰਾ ਵਿੱਚ ਪ੍ਰਦਰਸ਼ਨ ਕਰ ਰਹੇ ਸਿੱਖਾਂ 'ਤੇ ਪੁਲਿਸ ਵੱਲੋਂ ਚਲਾਈਆਂ ਗਈਆਂ ਗੋਲੀਆਂ ਦੇ ਮਾਮਲੇ ਵਿੱਚ ਪੰਜਵਾਂ ਸਪਲੀਮੈਂਟਰੀ ਚਲਾਨ ਫਰੀਦਕੋਟ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਸਿਟ ਨੇ ਅਦਾਲਤ ਵਿੱਚ 200 ਪੰਨਿਆਂ ਦਾ ਚਾਲਾਨ ਪੇਸ਼ ਕੀਤਾ ਹੈ।



ਚਾਲਾਨ ਵਿੱਚ ਸਿਟ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਤਤਕਾਲੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਤਤਕਾਲੀ ਆਈ.ਜੀ. ਪਰਮਰਾਜ ਉਮਰਾਨੰਗਲ, ਐਸ.ਐਸ.ਪੀ. ਮੋਗਾ ਚਰਨਜੀਤ ਸ਼ਰਮਾ, ਐਸ. ਐਸ. ਪੀ. ਫਰੀਦਕੋਟ ਸੁਖਮੰਦਰ ਮਾਨ ,ਡੀ.ਆਈ.ਜੀ. ਫਿਰੋਜ਼ਪੁਰ ਅਮਰ ਸਿੰਘ ਚਾਹਲ ਅਤੇ ਤਤਕਾਲੀ ਐਸ. ਐਚ. ਓ. ਸਿਟੀ ਕੋਟਕਪੂਰਾ ਗੁਰਦੀਪ ਸਿੰਘ ਨੂੰ ਮੁਲਜ਼ਮ ਬਣਾਇਆ ਗਿਆ ਸੀ।

### ਕਿਸ 'ਤੇ ਕੀ ਇਲਜ਼ਾਮ ਹਨ

ਤਤਕਾਲੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਅਤੇ ਸਾਬਕਾ ਡਿਪਟੀ ਸੀ.ਐੱਮ. ਸੁਖਬੀਰ ਸਿੰਘ ਬਾਦਲ ਨੂੰ ਮੁੱਖ ਸਾਜਿਸ਼ਕਰਤਾ ਬਣਾਇਆ ਗਿਆ ਹੈ। ਅਦਾਲਤ ਵਿੱਚ ਪੇਸ਼ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੁਖਬੀਰ ਬਾਦਲ ਅਤੇ ਸੁਮੇਧ ਸੈਣੀ ਨੇ ਡੇਰਾ ਪ੍ਰੇਮੀਆਂ ਨੂੰ ਖੁਸ਼ ਕਰਨ ਅਤੇ ਚੋਣਾਂ ਵਿੱਚ ਉਨ੍ਹਾਂ ਦੀਆਂ ਵੋਟਾਂ ਹਾਸਲ ਕਰਨ ਦੇ ਮਕਸਦ ਨਾਲ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਰਚੀ ਸੀ। ਜਦਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਸਾਜਿਸ਼ ਨੂੰ ਅੰਜਾਮ ਦੇਣ ਵਿੱਚ ਮਦਦ ਕਰਨ ਦਾ ਇਲਜ਼ਾਮ ਲੱਗਿਆ ਸੀ। ਤਤਕਾਲੀ ਆਈ ਜੀ ਉਮਰਾਨੰਗਲ, ਡੀ.ਆਈ.ਜੀ. ਫਿਰੋਜ਼ਪੁਰ ਅਮਰ ਸਿੰਘ ਚਾਹਲ ਅਤੇ ਐਸ.ਐਸ.ਪੀ. ਮੋਗਾ ਚਰਨਜੀਤ ਸ਼ਰਮਾ 'ਤੇ ਸਾਜਿਸ਼ ਨੂੰ ਅੰਜਾਮ ਦੇਣ ਦਾ ਇਲਜ਼ਾਮ ਸੀ।

(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

28 ਫਰਵਰੀ ਤੋਂ 5 ਮਾਰਚ, 2024

## ਭਗਤ ਰਵਿਦਾਸ ਜੀ ਨੂੰ ਯਾਦ ਕਰਦਿਆਂ

ਭਗਤ ਰਵਿਦਾਸ ਜੀ ਦਾ ਜਨਮ 14ਵੀਂ ਸਦੀ ਵਿੱਚ ਉੱਤਰਪ੍ਰਦੇਸ਼ ਦੇ ਬਨਾਰਸ ਸ਼ਹਿਰ ਵਿੱਚ ਹੋਇਆ ਹੈ। ਖੁਦ ਪਰਮਾਤਮਾ ਦੇ ਨਾਮ ਨਾਲ ਜੁੜਨਾ, ਹੋਰਨਾਂ ਲੋਕਾਂ ਨੂੰ ਸਿੱਧੇ ਰਸਤੇ 'ਤੇ ਪਾ ਕੇ ਪਰਮਾਤਮਾ ਨਾਲ ਜੋੜਨਾ, ਕਿਰਤ ਕਰਦਿਆਂ ਪਰਿਵਾਰ ਵਿੱਚ ਰਹਿੰਦਿਆਂ ਉਨ੍ਹਾਂ ਨੇ ਉੱਚਾ ਜੀਵਨ ਬਤੀਤ ਕੀਤਾ ਅਤੇ ਲੱਖਾਂ ਲੋਕਾਂ ਨੂੰ ਬਾਣੀ ਨਾਲ ਉਪਦੇਸ਼ ਦੇ ਕੇ ਤਾਰਿਆ। ਉਨ੍ਹਾਂ ਦਾ ਜਨਮ ਸਮਾਜ ਦੇ ਉਨ੍ਹਾਂ ਪਰਿਵਾਰਾਂ ਵਿੱਚ ਹੋਇਆ, ਜਿਨ੍ਹਾਂ ਲਈ ਆਮ ਸਮਾਜ ਦੇ ਮਿਲਵਰਤਣ ਦੇ ਦਰਵਾਜੇ ਤਾਂ ਬੰਦ ਸਨ ਹੀ, ਨਾਲ ਹੀ ਪਰਮਾਤਮਾ ਦਾ ਨਾਮ ਜਪਣ ਉੱਪਰ ਵੀ ਪਾਬੰਦੀ ਸੀ। ਪਰਿਵਾਰ ਦੀ ਗਰੀਬੀ, ਸਮਾਜਿਕ ਵਿਤਕਰੇ ਦੇ ਬਾਵਜੂਦ ਉਨ੍ਹਾਂ ਨੇ ਪਰਮਾਤਮਾ ਨੂੰ ਪਾਇਆ।

ਭਗਤ ਰਵਿਦਾਸ ਜੀ ਦੇ ਬਚਪਨ ਬਾਰੇ ਭਾਵੇਂ ਜਿਆਦਾ ਸਾਖੀਆਂ ਨਹੀਂ ਮਿਲਦੀਆਂ, ਪਰ ਭਗਤ ਰਵਿਦਾਸ ਜੀ ਦੀ ਭਗਤ ਰਾਮਾਨੰਦ ਜੀ ਨਾਲ ਭੇਟ ਅਤੇ ਉਨ੍ਹਾਂ ਦੀ ਸੰਗਤ ਕਰਨ ਦਾ ਜ਼ਿਕਰ ਮਿਲਦਾ ਹੈ। ਭਗਤ ਰਵਿਦਾਸ ਜੀ ਦੇ ਸਮਕਾਲੀ ਭਗਤ ਕਬੀਰ, ਭਗਤ ਸੈਣ, ਭਗਤ ਸਧਨਾ ਜੀ ਹੋਏ ਹਨ। ਭਗਤ ਰਵਿਦਾਸ ਜੀ ਨੇ ਸਾਰਿਆਂ ਭਗਤਾਂ ਨੂੰ ਸਤਿਕਾਰ ਦਿੱਤਾ, ਆਪਣੇ ਗੁਰ ਭਾਈ ਦੱਸਿਆ। ਦੂਸਰੇ ਭਗਤ ਭਾਵੇਂ ਉਹ ਕਿਸੇ ਵੀ ਖਿੱਤੇ ਜਾਂ ਧਰਮ ਨਾਲ ਸਬੰਧ ਰੱਖਦੇ ਸਨ, ਸਾਰੇ ਭਗਤ ਰਵਿਦਾਸ ਜੀ ਦਾ ਸਤਿਕਾਰ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਸਮਾਜਿਕ ਅਤੇ ਸੱਭਿਆਚਾਰਿਕ ਵਖਰੇਵਿਆਂ ਦੇ ਬਾਵਜੂਦ ਆਪਸੀ ਮਿਲਵਰਤਣ ਅਤੇ ਭਰੱਪਣ ਦਾ ਸੱਦਾ ਦਿੱਤਾ। ਉਹਨਾਂ ਦੀ ਬਾਣੀ ਅਤੇ ਉਹਨਾਂ ਦੇ ਅਨੁਭਵ ਰੂਹਾਨੀ ਤਲ ਤੇ ਬਾਕੀ ਭਗਤਾਂ ਅਤੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਨ੍ਹਾਂ ਦੀ ਅਵਸਥਾ ਨਾਲ ਮੇਲ ਖਾਂਦੇ ਸਨ। ਭਗਤ ਸਾਹਿਬਾਨ ਜੀ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ, ਜਿਹੜੀ ਬਾਣੀ ਗੁਰੂ ਨਾਨਕ ਸਾਹਿਬ ਜੀ ਨੇ ਖੁਦ ਭਗਤ ਸਾਹਿਬਾਨ ਤੋਂ ਪ੍ਰਾਪਤ ਕੀਤੀ ਸੀ।

ਸਾਖੀਆਂ ਵਿੱਚ ਭਗਤ ਜੀ ਬਾਰੇ ਕਿਧਰੇ ਇਹ ਜ਼ਿਕਰ ਨਹੀਂ ਮਿਲਦਾ ਕਿ ਉਨ੍ਹਾਂ ਨੇ ਕਿਰਤ ਛੱਡ ਕੇ ਕਿਤੇ ਬੈਠਕੇ ਭਗਤੀ ਜਾਂ ਸਿਮਰਨ ਕੀਤਾ ਹੋਵੇ। ਜਿਵੇਂ ਉਨ੍ਹਾਂ ਦੇ ਸਮਕਾਲੀ ਭਗਤ ਕਬੀਰ ਜੀ ਦੀ ਬਾਣੀ ਵਿੱਚੋਂ ਸਪਸ਼ਟ ਹੁੰਦਾ ਹੈ, ਭਗਤ ਰਵਿਦਾਸ ਜੀ ਵੀ ਆਪਣੀ ਕਿਰਤ ਕਰਦਿਆਂ ਆਪਣੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਧਿਆਉਂਦੇ ਰਹਿੰਦੇ ਸਨ। ਉਨ੍ਹਾਂ ਦੀ ਕਿਰਤ ਜੁੱਤੀਆਂ ਬਣਾਉਣ ਦੀ ਸੀ, ਜਿਸ ਵਿੱਚ ਉਨ੍ਹਾਂ ਨੇ ਸਦਾਚਾਰ, ਇਮਾਨਦਾਰੀ ਨੂੰ ਵੱਡੀ ਥਾਂ ਦਿੱਤੀ ਹੋਈ ਸੀ। ਇਸ ਕਿਰਤ ਵਿਚੋਂ ਭਾਵੇਂ ਉਹ ਗੁਜ਼ਾਰੇ ਜੋਗੀ ਆਮਦਨ ਬੜੀ ਮੁਸ਼ਕਿਲ ਨਾਲ ਇਕੱਠੀ ਕਰਦੇ ਸਨ, ਤਾਂ ਵੀ ਵੰਡ ਛਕਣ ਦੀ ਉਨ੍ਹਾਂ ਦੀ ਬਿਰਤੀ ਸੀ। ਆਪਣੀ ਕਿਰਤ ਵਿਚੋਂ ਪੈਦਾ ਹੋ ਰਹੀ ਆਮਦਨ ਨਾਲ ਉਹ ਸੰਤੁਸ਼ਟ ਅਤੇ ਖੇੜੇ ਵਿੱਚ ਸਨ। ਇਸ ਗੱਲ ਦੀ ਗਵਾਹੀ ਵਾਰ ਵਾਰ ਮਿਲਦੀ ਹੈ ਕਿ ਉਨ੍ਹਾਂ ਨੂੰ ਕਿੰਨੀ ਵਾਰ ਸਾਧੂਆਂ ਫ਼ਕੀਰਾਂ ਨੇ ਉਨ੍ਹਾਂ ਦਾ ਨਿੱਘਾ ਸੁਭਾਅ ਅਤੇ ਸੇਵਾ ਭਾਵਨਾ ਜਾਣ ਕੇ ਕਦੇ ਉਨ੍ਹਾਂ ਨੂੰ ਬਹੁਤ ਸਾਰਾ ਧਨ, ਕਦੇ ਵਡਮੁੱਲੇ ਪਦਾਰਥ ਅਰਪਣ ਕਰਨ ਦੀ ਕੋਸ਼ਿਸ ਕੀਤੀ, ਪਰ ਭਗਤ ਜੀ ਉਨ੍ਹਾਂ ਦੀ ਪੇਸ਼ਕਸ ਇਸ ਦਲੀਲ ਨਾਲ ਮਨ੍ਹਾਂ ਕਰ ਦਿੰਦੇ ਸਨ ਕਿ ਉਹ ਇਨ੍ਹਾਂ ਪਦਾਰਥਾਂ ਦੇ ਮੋਹ ਤੋਂ ਉੱਪਰ ਉਠ ਗਏ ਹਨ ਅਤੇ ਇੱਕ ਸੱਚਾ ਧਨ ਪ੍ਰਾਪਤ ਕਰਕੇ ਉਨ੍ਹਾਂ ਨੂੰ ਹੋਰ ਦੁਨਿਆਵੀ ਪਦਾਰਥਾਂ ਦੀ ਝਾਕ ਨਹੀਂ ਰਹੀ। ਉਹ ਲੋਕਾਂ ਵੱਲੋਂ ਮਾਇਆ ਦੇ ਵੱਸ ਪੈਕੇ ਨੱਚਣ ਦਾ ਬਕਮਾਲ ਦ੍ਰਿਸਟਾਂਤ ਦਿੰਦੇ ਹਨ। ਜਿਥੋਂ ਉਨ੍ਹਾਂ ਦੀ ਅਗੰਮੀ ਅਵਸਥਾ ਦੇ ਝਲਕਾਰੇ ਪ੍ਰਗਟ ਹੁੰਦੇ ਹਨ।

ਭਗਤ ਰਵਿਦਾਸ ਜੀ ਬਾਣੀ ਰਾਹੀਂ ਮਨੁੱਖਾਂ ਨੂੰ ਨਾਮ ਜਪਣ ਦੀ ਪ੍ਰੇਰਣਾ ਅਤੇ ਸਮਾਜਿਕ ਸੁਧਾਰਾਂ ਦਾ ਸੱਦਾ ਦਿੰਦੇ ਹਨ। ਉਨ੍ਹਾਂ ਦੇ ਵਿਚਾਰ ਉਸ ਜ਼ਮਾਨੇ ਦੇ ਹਿਸਾਬ ਨਾਲ ਬੇਹੱਦ ਇਨਕਲਾਬੀ ਸਨ, ਸਮਾਜ ਅੰਦਰ ਬਿਪਰ ਧਿਰਾਂ ਦੁਆਰਾ ਲੋਕਾਈ ਦੀ ਕੀਤੀ ਜਾਂਦੀ ਖੁਆਰੀ ਦੇ ਵਿਰੋਧ ਵਿੱਚ ਉਨ੍ਹਾਂ ਨੇ ਲੋਕਾਈ ਨੂੰ ਜਾਗਰੂਕ ਕੀਤਾ ਅਤੇ ਬਿਪਰਾਂ ਦੇ ਝੂਠ ਨੂੰ ਬੇਪਰਦ ਕੀਤਾ। ਉਨ੍ਹਾਂ ਨੇ ਸਭ ਲੋਕਾਈ ਨੂੰ ਇੱਕ ਬਰਾਬਰ ਸਮਝਣ ਅਤੇ ਸਭ ਦੇ ਇੱਕੋ ਜਿਹੇ ਅਖ਼ਤਿਆਰਾਂ ਦੀ ਗਵਾਹੀ ਭਰੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਇੱਕ ਅਜਿਹੇ ਸਮਾਜ ਦੀ ਸਿਰਜਣਾ ਦਾ ਸੁਪਨਾ ਪ੍ਰਗਟ ਕੀਤਾ, ਜਿੱਥੇ ਕੋਈ ਗਮ ਜਾਂ ਦੁੱਖ ਨਾ ਹੋਵੇ।

ਭਗਤ ਰਵਿਦਾਸ ਜੀ ਜਿਹੜੇ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ, ਬ੍ਰਾਹਮਣ ਨੇ ਉਨ੍ਹਾਂ ਪਰਿਵਾਰਾਂ ਨੂੰ ਇੱਕ ਜਾਤ ਵਿੱਚ ਬੰਨ੍ਹਿਆ ਹੋਇਆ ਸੀ, ਜਿਨ੍ਹਾਂ ਨੂੰ ਸਮਾਜ ਵਿੱਚ ਇੱਜ਼ਤਸਾਰ ਨਿਗ੍ਹਾ ਨਾਲ ਨਹੀਂ ਦੇਖਿਆ ਜਾਂਦਾ ਸੀ। ਉਨ੍ਹਾਂ ਨੂੰ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਇਜ਼ਤ ਨਾਲ ਵਿਚਰਦਿਆਂ ਬ੍ਰਾਹਮਣਾਂ ਦੀ ਈਰਖਾ ਅਤੇ ਵਿਰੋਧ ਸਹਿਣਾ ਪਿਆ। ਬ੍ਰਾਹਮਣਾਂ ਦਾ ਵਿਰੋਧ ਸੀ ਕਿ ਪਰਮਾਤਮਾ ਨੇ ਹਰ ਮਨੁੱਖ ਨੂੰ ਨਾ-ਬਰਾਬਰ ਅਤੇ ਇੱਕ ਦੂਜੇ ਤੋਂ ਉੱਚਾ ਨੀਵਾਂ ਬਣਾਕੇ ਉਸਦੇ ਚੰਗੇ ਮਾੜੇ ਕਰਮਾਂ ਅਨੁਸਾਰ ਉੱਚੀ ਨੀਵੀਂ ਜਾਤ ਵਿੱਚ ਜਨਮ ਦਿੱਤਾ ਹੈ। ਉਨ੍ਹਾਂ ਮੁਤਾਬਿਕ ਸ਼ੂਦਰ ਨੂੰ ਤਿੰਨੇ ਜਾਤਾਂ ਬ੍ਰਾਹਮਣ, ਵੈਸ਼ ਅਤੇ ਖੱਤਰੀ ਦਾ ਗੁਲਾਮ ਬਣਾਇਆ ਹੈ। ਉਸ ਨੂੰ ਕੋਈ ਵਿਦਿਆ ਦਾ ਹੱਕ ਨਹੀਂ, ਪੂਜਾ ਕਰਨ, ਨਾਮ ਜਪਣ ਦਾ ਵੀ ਕੋਈ ਹੱਕ ਨਹੀਂ ਹੈ। ਜਦਕਿ ਭਗਤ ਰਵਿਦਾਸ ਜੀ ਸਾਰੇ ਮਨੁੱਖਾਂ ਨੂੰ ਬਰਾਬਰ ਹੋਣ ਦਾ ਉਪਦੇਸ਼ ਦਿੰਦੇ ਹਨ, ਉਨ੍ਹਾਂ ਨੇ ਦੱਸਿਆ ਕਿ ਜਿਹੜਾ ਪਰਮਾਤਮਾ ਉਨ੍ਹਾਂ ਦੇ ਹਿਰਦੇ ਵਿੱਚ ਵਸਿਆ ਹੈ, ਉਸਨੇ ਕਿਸੇ ਨੂੰ ਉੱਚਾ ਨੀਵਾਂ ਨਹੀਂ ਬਣਾਇਆ ਜਦਕਿ ਬਿਪਰ ਝੂਠ ਬੋਲ ਰਿਹਾ ਹੈ। ਸੰਸਕ੍ਰਿਤ ਬੋਲੀ ਉੱਪਰ ਬਿਪਰਾਂ ਦਾ ਕਬਜ਼ਾ ਹੋਣ ਕਾਰਨ ਕੋਈ ਵੀ ਆਪਣੀ ਮਰਜ਼ੀ ਨਾਲ ਧਾਰਮਿਕ ਗ੍ਰੰਥਾਂ ਨੂੰ ਪੜ੍ਹ ਨਹੀਂ ਸੀ ਸਕਦਾ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਲੋਕ ਬੋਲੀ ਵਿੱਚ ਉਚਾਰਨ ਕੀਤੀ ਅਤੇ ਹਰ ਕਿਸੇ ਦੀ ਜ਼ੁਬਾਨ 'ਤੇ ਆ ਗਈ। ਉਨ੍ਹਾਂ ਨੇ ਬਿਪਰ ਸੰਸਕਾਰ ਉੱਪਰ ਐਲਾਨੀਆ ਫਤਿਹ ਪ੍ਰਾਪਤ ਕੀਤੀ, ਬਿਪਰ ਦੁਆਰਾ ਘੜੇ ਗਏ ਸਾਰੇ ਬਿਰਤਾਂਤ ਨੂੰ ਭੰਨ ਦਿੱਤਾ। ਉਹਨਾਂ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ ਤੋਂ ਇਹ ਗੱਲ ਝਲਕਦੀ ਹੈ, ਕਿ ਨਾ ਉਨ੍ਹਾਂ ਨੇ ਖੁਦ ਨੂੰ ਬ੍ਰਾਹਮਣਾਂ ਦੁਆਰਾ ਸ਼ੂਦਰ ਕਹੇ ਜਾਣ ਦੀ ਕੋਈ ਪ੍ਰਵਾਹ ਕੀਤੀ ਅਤੇ ਨਾ ਹੀ ਆਪਣੀ ਕਿਰਤ ਨੂੰ ਨੀਵਾਂ ਜਾਂ ਛੋਟਾ ਸਮਝਿਆ। ਉਨ੍ਹਾਂ ਦੀ ਬਾਣੀ ਤੋਂ ਉਹਨਾਂ ਦੇ ਚੜ੍ਹਦੀਕਲਾ ਨਾਲ ਵਿਚਰਨ ਅਤੇ ਬ੍ਰਾਹਮਣਾਂ ਦੀ ਢਹਿੰਦੀਕਲਾ ਦਾ ਪੱਖ ਉਜਾਗਰ ਹੁੰਦਾ ਹੈ।

ਭਗਤ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੋਂ ਸਾਨੂੰ ਸਿੱਖਣ ਦੀ ਲੋੜ ਹੈ। ਖੁਦ ਨੂੰ ਭਗਤ ਰਵਿਦਾਸ ਜੀ ਦੇ ਵਾਰਸ ਸਮਝਦਿਆਂ ਸਾਨੂੰ ਆਪਣੀ ਜਿੰਦਗੀ ਨੂੰ ਗੁਰਬਾਣੀ ਅਨੁਸਾਰ ਜੀਣ, ਨਾਮ ਜਪਣ ਅਤੇ ਕਿਰਤ ਕਰਨ, ਮੂਰਤੀਪੂਜਾ/ਤਸਵੀਰਪੂਜਾ ਤੋਂ ਬਚਣ, ਜਾਤ ਨੂੰ ਵਾਰ ਵਾਰ ਚਿਤਾਰਨ ਵਾਲੀਆਂ ਗੱਲਾਂ ਤੋਂ ਕਿਨਾਰਾ ਕਰਨ ਦੀ ਲੋੜ ਹੈ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਚੋਣਾਂ ਦੇ ਸਮਿਆਂ 'ਚ, ਸੱਭੋ ਕੁਝ ਜਾਇਜ਼



ਗੁਰਮੀਤ ਸਿੰਘ ਪਲਾਹੀ
9815802070



ਦੇਸ਼ 'ਚ ਚੋਣਾਂ ਦਾ ਮੌਸਮ ਆ ਢੁੱਕਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਿੱਤ ਨਵੇਂ ਐਲਾਨ ਹੀ ਨਹੀਂ ਕਰ ਰਹੇ, ਸਗੋਂ ਆਪਣੀ "ਦੋ ਇੰਜਨ" ਸਰਕਾਰ ਵਾਲੇ ਸੂਬਿਆਂ 'ਚ ਜਾ ਕੇ ਨਵੇਂ ਨਵੇਂ "ਵੱਡ ਅਕਾਰੀ, ਵੱਡ ਕਰੋੜੀ" ਪ੍ਰਾਜੈਕਟਾਂ ਦਾ ਉਦਘਾਟਨ ਕਰ ਰਹੇ ਹਨ ਜਾਂ ਨੀਂਹ ਪੱਥਰ ਰੱਖ ਰਹੇ ਹਨ।

ਅਯੁੱਧਿਆ ਵਿਖੇ ਰਾਮ ਮੰਦਰ 'ਚ ਪ੍ਰਧਾਨ ਮੰਤਰੀ ਵੱਲੋਂ ਸ੍ਰੀ ਰਾਮ ਪ੍ਰਾਣ ਪ੍ਰਤਿਸ਼ਠਾ ਕਰਵਾਈ ਗਈ ਹੈ। ਦੇਸ਼ ਦੀ ਨਾਰੀ ਨੂੰ ਸਮਰਪਿਤ ਬਜ਼ਟ ਦੇਸ਼ ਦੀ ਪਾਰਲੀਮੈਂਟ 'ਚ ਪੇਸ਼ ਕੀਤਾ ਗਿਆ ਹੈ। ਦੇਸ਼ ਦੀਆਂ ਨਾਰੀਆਂ ਨੂੰ ਹੁਣ ਪਹਿਲਾਂ ਨਾਲੋਂ ਵੱਧ ਮਾਣ-ਤਾਣ ਮਿਲੇਗਾ। "ਆਯੁਸ਼ਮਾਨ ਭਾਰਤ ਬੀਮਾ ਕਾਰਡ" ਦੀ ਸੁਵਿਧਾ ਤਹਿਤ ਮੁਫ਼ਤ ਇਲਾਜ ਦੇਸ਼ ਦੀਆਂ ਆਸ਼ਾ ਅਤੇ ਆਂਗਨਵਾੜੀ ਵਰਕਰਾਂ (ਜਿਹਨਾਂ ਨੂੰ ਕੁਝ ਸੈਂਕੜੇ ਮਾਸਿਕ ਤਨਖ਼ਾਹ ਹੀ ਮਿਲਦੀ ਹੈ) ਤੱਕ ਵਧਾ ਦਿੱਤਾ ਗਿਆ ਹੈ। ਰੇਲਵੇ 'ਚ ਸਹੂਲਤਾਂ, ਸਿਹਤ 'ਚ ਸਹੂਲਤਾਂ, ਸਿੱਖਿਆ ਬਜ਼ਟ 'ਚ ਕੁਝ ਵਾਧਾ, ਪਰ ਖੇਤੀਬਾੜੀ ਖੇਤਰ ਦਾ ਬਜ਼ਟ ਘਟਾ ਦਿੱਤਾ ਗਿਆ ਹੈ। ਦੇਸ਼ ਦੇ ਚੋਣ ਕਮਿਸ਼ਨ 'ਚ ਮੈਂਬਰਾਂ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਬਦਲ ਦਿੱਤੀ ਗਈ ਹੈ, ਸਰਕਾਰ ਕੋਲ ਹੁਣ ਇਹਨਾ ਮੈਂਬਰਾਂ ਦੀ ਨਿਯੁਕਤੀ ਦੇ ਵੱਧ ਅਧਿਕਾਰ ਹੋਣਗੇ। ਸਰਕਾਰ ਮੈਂਬਰਾਂ ਦੀ ਨਿਯੁਕਤੀ ਸਮੇਂ ਮਨਮਰਜ਼ੀ ਕਰ ਸਕੇਗੀ। ਦੇਸ਼ ਦੀ ਈ.ਡੀ. ਅਤੇ ਸੀ.ਬੀ.ਆਈ. ਹੋਰ ਤੇਜ ਹੋ ਗਈਆਂ ਹਨ।

ਦੇਸ਼ ਦੇ ਵਿਰੋਧੀ ਦਲ ਦੇ ਨੇਤਾਵਾਂ ਨੂੰ ਸ਼ਿਕੰਜੇ 'ਚ ਲਿਆ ਜਾ ਰਿਹਾ ਹੈ। ਝਾਰਖੰਡ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਲਗਾਤਾਰ ਸੰਮਨ ਮਿਲ ਰਹੇ ਹਨ। ਝਾਰਖੰਡ ਦੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਨਿਸ਼ਾਨੇ 'ਤੇ ਹਨ। ਹਰ ਕਿਸਮ ਦੇ ਦਾਅ ਪੇਚ ਦੇਸ਼ 'ਚ ਰਾਜ ਸ਼ਕਤੀ ਹਥਿਆਉਣ ਲਈ ਭਾਜਪਾ ਹਕੂਮਤ ਵਰਤ ਰਹੀ ਹੈ।

ਪੂਰੇ ਦੇਸ਼ 'ਚ ਗੋਦੀ ਮੀਡੀਆ ਅਤੇ ਸਰਕਾਰੀ ਮੀਡੀਆ ਹਾਕਮਾਂ ਦੀਆਂ ਦਸ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਬਾਂ ਭਾਰ ਹੈ। ਨਿਸ਼ਾਨਾ ਬੱਸ ਇਕੋ ਹੈ, ਦੇਸ਼ ਵਿੱਚ ਸਿਰਫ਼ ਇੱਕ ਪਾਰਟੀ ਰਾਜ ਦੀ ਸਥਾਪਨਾ ਹੋਵੇ। ਵਿਰੋਧੀਆਂ ਦਾ ਖੁਰਾ ਖੋਜ਼ ਮਿਟਾਉਣ ਲਈ ਭਰਪੂਰ ਯਤਨ ਹੋ ਰਹੇ ਹਨ। ਇੱਕ ਰਾਸ਼ਟਰ, ਇੱਕ ਬੋਲੀ, ਇੱਕ ਚੋਣ! ਬੱਸ ਸਭ ਕੁਝ ਇੱਕੋ ਇੱਕ!

ਚੁੱਪ ਦੇਸ਼ ਦੀ ਵਿਰੋਧੀ ਧਿਰ ਵੀ ਨਹੀਂ ਹੈ। ਗੱਠਜੋੜ ਦੀ ਨੀਤੀ ਅਪਨਾ ਕੇ "ਇੰਡੀਆ" ਸਿਰਜੀ ਗਈ ਹੈ। ਭਾਵੇਂ ਆਪਸੀ ਤਾਲਮੇਲ ਤੇ ਸਹਿਯੋਗ ਦੀ ਘਾਟ ਹੈ। ਫਿਰ ਵੀ ਜਿਥੇ ਜਿਥੇ ਵੀ ਇੰਡੀਆ ਗੱਠਜੋੜ 'ਚ ਸ਼ਾਮਲ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾਂ ਵੱਲੋਂ ਵੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਜਾ ਰਹੀਆਂ ਹਨ ਜਾਂ ਆਪਣੀਆਂ ਸਰਕਾਰਾਂ "ਕੇਂਦਰੀ ਹਾਕਮਾਂ" ਤੋਂ ਤੋੜੇ ਜਾਣ ਤੋਂ ਬਚਾਈਆਂ ਜਾ ਰਹੀਆਂ ਹਨ। ਕਾਂਗਰਸ ਦੇ ਰਾਹੁਲ ਗਾਂਧੀ ਭਾਰਤ ਯਾਤਰਾ 'ਤੇ ਨਿਕਲੇ ਹੋਏ ਹਨ। ਦੱਖਣੀ ਸੂਬਿਆਂ 'ਚ ਚੋਣਾਂ ਲਈ ਮਾਹੌਲ ਉੱਤਰੀ ਭਾਰਤ ਨਾਲੋਂ ਵੱਖਰਾ ਹੈ, ਇਥੇ ਧਰਮ ਪੱਖੀ ਸਿਆਸਤ ਦਾ ਬੋਲ ਬਾਲਾ ਨਹੀਂ ਹੈ। ਵਿਰੋਧੀ ਧਿਰ ਧਰਮ ਨਿਰਪੱਖਤਾ ਅਤੇ ਸੰਵਿਧਾਨਕ ਸੰਕਲਪ ਨੂੰ ਦਰਪੇਸ਼ ਵੰਗਾਰਾਂ ਨੂੰ ਲੋਕਾਂ ਸਾਹਵੇਂ ਪੇਸ਼ ਕਰਨ ਦੇ ਰਉਂ ਵਿੱਚ ਹੈ।

ਚੋਣਾਂ ਦੇ ਇਸ ਮੌਸਮ ਵਿੱਚ ਮੁੱਦਿਆਂ ਦੀ ਸਿਆਸਤ ਵਿੱਖਰੀ ਹੋਈ ਦਿਸਦੀ ਹੈ। ਆਪਣਿਆਂ ਨੂੰ ਰੇੜੀਆਂ ਵੰਡਣ ਅਤੇ ਲੋਕਾਂ ਨੂੰ ਧਰਮ ਦੇ ਨਾਂਅ ਉਤੇ ਵੰਡਣ ਲਈ ਹਾਕਮ, ਨੇਤਾ, ਤਿੱਖੀਆਂ ਸੁਰਾਂ 'ਚ ਬੋਲ ਅਲਾਪ ਰਹੇ ਹਨ। ਵੇਖੋ ਕਿਵੇਂ ਪ੍ਰਚਾਇਆ ਜਾ ਰਿਹਾ ਹੈ ਕਿ ਦੇਸ਼ ਦੇ 80 ਕਰੋੜ ਲੋਕਾਂ ਨੂੰ ਸਰਕਾਰ ਅਨਾਜ਼ ਮੁਫ਼ਤ ਦੇ ਰਹੀ ਹੈ (ਜਿਵੇਂ ਕੋਈ ਅਹਿਸਾਨ ਕੀਤਾ ਜਾ ਰਿਹਾ ਹੋਵੇ)। ਮੁਫ਼ਤ ਗੈਸ ਕੁਨੈਕਸ਼ਨ ਵੰਡੇ ਜਾ ਰਹੇ ਹਨ। ਆਯੁਸ਼ਮਾਨ ਭਾਰਤ ਕਾਰਡ ਰਾਹੀਂ ਮੁਫ਼ਤ ਸਿਹਤ ਸਹੂਲਤਾਂ ਹਨ। ਇਹ ਬਿਲਕੁਲ ਵੀ ਭੁਲਿਆ ਜਾ ਰਿਹਾ ਹੈ ਕਿ ਦੇਸ਼ ਦੀ 60 ਫੀਸਦੀ ਆਬਾਦੀ ਜੇਕਰ ਮੁਫ਼ਤ ਸਰਕਾਰੀ ਭੋਜਣ ਲੈਣ ਲਈ ਮਜ਼ਬੂਰ ਹੈ ਤਾਂ ਉਸਦੀ ਆਰਥਿਕ ਹਾਲਾਤ ਕਿਹੋ ਜਿਹੀ ਹੈ? ਆਜ਼ਾਦੀ ਦੇ 75 ਸਾਲ ਬੀਤਣ ਬਾਅਦ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਦੇ ਵਸਨੀਕਾਂ ਤੋਂ ਜੇਕਰ ਮੁਫ਼ਤ ਦਿੱਤੀਆਂ ਰਿਆਇਤਾਂ ਦੇ ਨਾਅ ਉਤੇ ਹੀ ਵੋਟ ਵਟੋਰਨੀ ਹੈ ਤਾਂ ਇਸ ਤੋਂ ਹੋਰ ਵੱਡਾ, ਲੋਕਤੰਤਰ ਦਾ ਕਿਹੜਾ ਜ਼ਨਾਜਾ ਨਿਕਲ ਸਕਦਾ ਹੈ?

ਚੋਣਾਂ ਦੇ ਇਸ ਮੌਸਮ 'ਚ ਦਰਸਾਉਣ ਦਾ ਇਹ ਵੱਡਾ ਯਤਨ ਹੋ ਰਿਹਾ ਹੈ ਕਿ ਦੇਸ਼ ਦੇ 20 ਤੋਂ 25 ਕਰੋੜ ਭਾਰਤੀ ਪਿਛਲੇ ਪੰਜ ਸਾਲਾਂ 'ਚ ਗਰੀਬੀ ਰੇਖਾ ਤੋਂ ਉਪਰ ਉੱਠ ਗਏ ਹਨ। ਪਰ ਭੁੱਖਮਰੀ 'ਚ ਉਹ ਗੁਆਂਢੀ ਮੁਲਕਾਂ ਇਥੋਂ ਤੱਕ ਕਿ ਬੰਗਲਾ ਦੇਸ਼, ਸ਼੍ਰੀ ਲੰਕਾ ਤੋਂ ਉਪਰਲਾ ਸਥਾਨ ਕਿਵੇਂ ਰੱਖਦੇ ਹਨ?

ਇੱਕ ਸੁਪਨਮਈ ਦ੍ਰਿਸ਼ ਦੇਸ਼ 'ਚ ਸਿਰਜਿਆ ਜਾ ਰਿਹਾ ਹੈ। ਦੇਸ਼ ਨੂੰ ਦੁਨੀਆਂ ਦੀ ਆਉਣ ਵਾਲੇ ਸਮੇਂ 'ਚ ਵੱਡੀ ਆਰਥਿਕਤਾ ਦਰਸਾਉਣ ਲਈ ਸਰਕਾਰ ਸਮੇਤ, ਗੋਦੀ ਮੀਡੀਆ ਪੱਬਾਂ ਭਾਰ ਹੈ। ਦੇਸ਼ ਦੇ ਧੰਨ-ਕੁਬੇਰ ਅਡਾਨੀ- ਅੰਬਾਨੀ, ਵੱਡੇ-ਵੱਡੇ ਅਮੀਰ ਐਕਟਰ ਜਿਵੇਂ ਆਯੁਧਿਆ ਸਮਾਗਮ 'ਚ ਸਰਕਾਰ

ਦੀ ਪਿੱਠ ਉਤੇ ਵੇਖੇ ਗਏ, ਉਹ "ਨਿੱਜੀਕਰਨ", ਨੂੰ ਪ੍ਰਣਾਏ ਭਾਰਤੀ

ਹਾਕਮਾਂ ਨੂੰ ਉਤਸ਼ਾਹਤ ਕਰ ਗਏ। ਇਹ ਸਭ ਕੁਝ ਦਾ ਵਿਸ਼ਾਲ ਚੋਣਾਂ ਦੇ ਸਮਿਆਂ 'ਚ ਦਿਖਾਵਾ, ਕੋਈ ਅਲੋਕਾਰਾ ਵਰਤਾਰਾ ਨਹੀਂ ਹੈ।

ਸਰਕਾਰਾਂ, ਜਦੋਂ ਚਾਹੁੰਦੀਆਂ ਹਨ, ਉਦੋਂ ਉਹ ਮਾਫੀਏ, ਭੂ-ਮਾਫੀਏ, ਕਬਜ਼ਾਧਾਰੀਆਂ, ਗੁੰਡਿਆਂ ਨੂੰ ਸਰਗਰਮ ਕਰ ਲੈਂਦੀਆਂ ਹਨ ਅਤੇ ਚੋਣਾਂ ਵਾਲਾ ਸਮਾਂ ਇਹਨਾਂ ਲੋਕਾਂ ਲਈ ਅਤਿ ਉੱਤਮ ਗਿਣਿਆ ਜਾਂਦਾ ਹੈ। ਚੋਣਾਂ 'ਚ ਇਹ

ਨੇਤਾਵਾਂ ਦੇ ਹਥਿਆਰ ਗਿਣੇ ਜਾਂਦੇ ਹਨ। ਹਾਕਮ ਧਿਰ ਅਤੇ ਵਿਰੋਧੀ ਧਿਰ ਦਾ

ਇਹ ਗਹਿਣਾ ਹਨ, ਜੋ ਕਦੇ ਵੀ ਇਹਨਾ ਤੋਂ ਨਹੀਂ ਨਿਖੜਦਾ।

ਇੱਕ ਰਿਪੋਰਟ ਭਾਰਤ 'ਚ ਨਜਾਇਜ਼ ਕਬਜ਼ਿਆਂ ਬਾਰੇ ਛਪੀ ਹੈ। ਇਹ ਕਿਸੇ ਬਾਹਰੀ ਏਜੰਸੀ ਵੱਲੋਂ ਨਹੀਂ ਸਗੋਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਦੇਸ਼ ਦੇ ਜੰਗਲ ਵਿਭਾਗ ਦੀ 32 ਲੱਖ 77 ਹਜ਼ਾਰ 591 ਏਕੜ ਜ਼ਮੀਨ ਕਬਜ਼ਾਧਾਰੀਆਂ ਨੇ ਹਥਿਆਈ ਹੋਈ ਹੈ।

ਭਾਰਤੀ ਸੈਨਾ ਦੀ 9375 ਏਕੜ ਅਤੇ ਰੇਲਵੇ ਦੀ 2012 ਏਕੜ ਜ਼ਮੀਨ ਉਤੇ

ਵੀ ਭੂ-ਮਾਫੀਏ, ਕਬਜ਼ਾਧਾਰੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਦੇਸ਼ ਦੀ

ਰਾਜਧਾਨੀ ਦਿੱਲੀ ਦੇ 964 ਸਰਕਾਰੀ ਪਾਰਕਾਂ ਦੀ ਲਗਭਗ 70 ਏਕੜ ਜ਼ਮੀਨ

ਵੀ ਇਹਨਾਂ ਲੋਕਾਂ ਦੇ ਕਬਜ਼ੇ ਹੇਠ ਹੈ।

ਇਹ ਜਾਣਦਿਆਂ ਹੋਇਆ ਵੀ ਕਿ ਨਜਾਇਜ਼ ਕਬਜਿਆਂ ਦੀ ਸਮੱਸਿਆ ਬਹੁਤ ਗੰਭੀਰ ਹੈ। ਹਰ ਦਿਨ ਸਰਕਾਰੀ ਜ਼ਮੀਨ ਉਤੇ ਭੂ-ਮਾਫੀਆ ਦਬੰਗ ਲੋਕ, ਘੁਸਪੈਠੀਏ ਕਬਜ਼ਾ ਕਰ ਰਹੇ ਹਨ, ਇਹ ਕਬਜ਼ੇ ਕਰਾਉਣ ਪਿੱਛੇ ਵੱਡੇ ਸਿਆਸਤਦਾਨਾਂ, ਸਿਆਸਤਦਾਨਾਂ ਦੇ ਪਿੱਛਲੱਗਾਂ , ਇਥੇ ਤੱਕ ਕਿ ਸਰਕਾਰੀ ਅਫ਼ਸਰਾਂ ਦਾ ਵੀ ਹੱਥ ਹੋਣਾ ਪਾਇਆ ਜਾਂਦਾ ਹੈ। ਇਹਨਾਂ ਵਿਰੁੱਧ ਸਰਕਾਰਾਂ ਕੁਝ ਨਹੀਂ ਕਰਦੀਆਂ, ਕਿਉਂਕਿ ਉਹ ਜਾਣਦੀਆਂ ਹਨ ਕਿ ਇਹ ਚੋਣਾਂ ਦੇ ਸਮਿਆਂ 'ਚ ਉਸਦੀ ਪੱਕੀ ਵੋਟ ਬੈਂਕ ਹੈ।

ਚੋਣਾਂ ਦੇ ਸਮਿਆਂ 'ਚ ਨੇਤਾਵਾਂ ਦੀ ਦਲਬਦਲੀ ਜਾਇਜ਼ ਗਿਣੀ ਜਾਂਦੀ ਹੈ।

ਵਿਧਾਇਕਾਂ ਦੀ ਖਰੀਦੋ-ਫ਼ਰੋਖਤ ਉਤੇ ਵੀ ਕੋਈ ਪ੍ਰਸ਼ਨ ਚਿੰਨ ਨਹੀਂ ਉੱਠਦਾ। ਮੌਜੂਦਾ ਉਦਾਹਰਨ ਬਿਹਾਰ ਦੀ ਹੈ। ਨੌਵੀਂ ਵੇਰ ਮੁੱਖ ਮੰਤਰੀ ਬਣਿਆ ਬਿਹਾਰੀ ਨੇਤਾ ਨਿਤੀਸ਼ ਕੁਮਾਰ, ਅਨੈਤਿਕਤਾ ਦੀਆਂ ਹੱਦਾਂ ਪਾਰ ਕਰਦਾ, ਕਦੇ ਭਾਜਪਾ ਅਤੇ ਕਦੇ ਵਿਰੋਧੀ ਧਿਰ ਨਾਲ ਖੜਕੇ ਮੁੱਖ ਮੰਤਰੀ ਦੀ ਕੁਰਸੀ ਚੜ੍ਹਦਾ ਵੇਖਿਆ ਜਾਂਦਾ ਹੈ। ਆਇਆ ਰਾਮ, ਗਿਆ ਰਾਮ ਦੀ ਇਸਤੋਂ ਵੱਡੀ ਹੋਰ ਜਿਹੜੀ ਤਸਵੀਰ ਹੋ ਸਕਦੀ ਹੈ ਉਸ ਤੋਂ ਬਿਨ੍ਹਾਂ?

ਉਂਜ ਕੇਂਦਰ 'ਚ ਰਾਜ ਕਰਦੇ ਹਾਕਮਾਂ ਜਦੋਂ ਦਾਅ ਲਗਦਾ ਹੈ, ਵਿਰੋਧੀਆਂ ਨੂੰ ਮਾਤ ਪਾਉਣ ਲਈ ਇਹ ਖੇਡ ਖੇਡਦੇ ਹਨ, ਜਿਹੜਾ "ਦਲ ਬਦਲੀ ਕਾਨੂੰਨ" ਨੂੰ ਵੀ ਛਿੱਕੇ ਟੰਗ ਦਿੰਦਾ ਹੈ। ਉਂਝ ਸਮਝਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਗਿਰਗਟ ਵਾਂਗਰ ਰੰਗ ਬਦਲਣ ਵਾਲੇ ਨੇਤਾ ਜਦੋਂ ਲੋਕ ਕਚਿਹਰੀ 'ਚ ਜਾਂਦੇ ਹਨ ਤਾਂ ਫਿਰ ਵੀ ਉਹ ਮੁੜ ਸਾਮ, ਦਾਮ, ਦੰਡ ਦੀ ਸਿਆਸਤ ਕਰਦਿਆਂ ਮੁੜ ਚੋਣਾਂ ਜਿੱਤ ਜਾਂਦੇ ਹਨ।

ਚੋਣਾਂ ਦੇ ਸਮਿਆਂ 'ਚ ਕਰੋੜ ਪਤੀਆਂ, ਬਹੁ ਬਲੀਆਂ ਦੀ ਤਾਂ ਜਿਵੇਂ ਚਾਂਦੀ ਹੋ ਜਾਂਦੀ ਹੈ, ਉਹ ਆਪਣੀ ਤਾਕਤ ਦੀ ਵਰਤੋਂ ਕਰਦਿਆਂ ਦੇਸ਼ ਦੇ ਪਵਿੱਤਰ ਸਦਨ "ਲੋਕ ਸਭਾ" ਦੀ ਦਹਿਲੀਜ਼ ਟੱਪਦੇ ਹਨ, ਸਤਿਕਾਰਯੋਗ ਬਣਦੇ ਹਨ, ਤੇ ਦੇਸ਼ ਦੇ ਲੋਕਾਂ ਉਤੇ ਉਸੇ ਬਹੁ-ਬਲ ਨਾਲ ਰਾਜ ਕਰਦੇ ਹਨ।

ਇਸ ਸਮੇਂ ਦੇਸ਼ ਦੀ ਲੋਕ ਸਭਾ ਅਤੇ ਰਾਜ ਸਭਾ 'ਚ ਬੈਠੇ ਸਤਿਕਾਰਯੋਗ ਮੈਂਬਰਾਨ ਜਾਣੀ ਮੈਂਬਰ ਪਾਰਲੀਮੈਂਟ ਦੀ ਪੜਚੋਲ ਕਰਨੀ ਤਾਂ ਬਣਦੀ ਹੀ ਹੈ। ਏ. ਡੀ. ਆਰ. ਦੀ ਰਿਪੋਰਟ ਕਹਿੰਦੀ ਹੈ ਕਿ ਦੇਸ਼ ਦੀ ਪਾਰਲੀਮੈਂਟ ਦੇ ਕੁਲ 763 ਮੈਂਬਰਾਂ ਵਿਚੋਂ 306 ਉਤੇ ਅਪਰਾਧਿਕ ਕੇਸ ਹਨ, ਜਿਹਨਾਂ ਵਿਚੋਂ 25 ਫ਼ੀਸਦੀ ਉਤੇ ਗੰਭੀਰ ਕੇਸ ਹਨ, ਜਿਹਨਾ 'ਚ ਕਤਲ, ਔਰਤਾਂ ਨਾਲ ਬਲਾਤਕਾਰ ਦੇ ਕੇਸ ਹਨ। ਇਹਨਾ ਵਿੱਚ 139 ਭਾਜਪਾ ਦੇ ਅਤੇ 49 ਕਾਂਗਰਸ ਦੇ ਐਮ.ਪੀ. ਹਨ।

ਹੈਰਾਨੀ ਤਾਂ ਹੋਣੀ ਹੀ ਨਹੀਂ ਚਾਹੀਦੀ ਕਿ ਇਹਨਾਂ ਵਿੱਚੋਂ 7 ਫ਼ੀਸਦੀ ਅਰਬਪਤੀ ਹਨ। ਇਸਤੋਂ ਵੀ ਅਗਲੀ ਗੱਲ ਇਹ ਕਿ 17ਵੀਂ ਲੋਕ ਸਭਾ ਦੇ ਜੋ 539 ਮੈਂਬਰ ਚੁਣੇ ਗਏ ਸਨ। ਉਹਨਾਂ ਵਿਚੋਂ ਇਸ ਰਿਪੋਰਟ ਅਨੁਸਾਰ 475 ਕਰੋੜਪਤੀ ਹਨ, ਜਿਹਨਾਂ ਵਿੱਚ ਭਾਜਪਾ ਦੇ 303 ਅਤੇ ਕਾਂਗਰਸ ਦੇ 52 ਕਰੋੜਪਤੀ ਮੈਂਬਰ ਹਨ।

ਦੇਸ਼ ਇਸ ਵੇਲੇ ਬੇਰੁਜ਼ਗਾਰੀ ਝੱਲ ਰਿਹਾ ਹੈ। ਦੇਸ਼ 'ਚ ਬੇਰੁਜ਼ਗਾਰੀ ਦਰ 7.95 ਹੈ। ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ। ਕੁਲ 125 ਦੇਸ਼ਾਂ ਵਿੱਚ ਭੁੱਖਮਰੀ 'ਚ ਭਾਰਤ ਦਾ ਸਥਾਨ 111ਵਾਂ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ।

(ਬਾਕੀ ਸਫ਼ਾ 31 'ਤੇ)

# ਵਿਸ਼ਵ ਵਪਾਰ ਵਾਰਤਾ ’ਚ ਭਾਰਤ ਲਈ ਕਿਸਾਨਾਂ ਦਾ ਮਸਲਾ ਹੱਲ ਕਰਾਉਣਾ ਸੌਖਾ ਨਹੀਂ



ਸੁਸ਼ਮਾ ਰਾਮਚੰਦਰਨ
ਪੱਤਰਕਾਰ



ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਦੀ ਅਗਲੀ ਮੰਤਰੀ ਪੱਧਰੀ ਕਾਨਫ਼ਰੰਸ (26-29 ਫ਼ਰਵਰੀ) ਅਬੂ ਧਾਬੀ ਵਿੱਚ ਹੋ ਰਹੀ ਹੈ ਜਿਸ ਵਿੱਚ ਭਾਰਤ ਨੂੰ ਆਪਣਾ ਏਜੰਡਾ ਅਗਾਂਹ ਵਧਾਉਣ ਲਈ ਕਾਫ਼ੀ ਜ਼ੋਰ ਲਾਉਣਾ ਪਵੇਗਾ। ਇਸ ਦਾ ਵਡੇਰਾ ਕਾਰਨ ਇਹ ਹੈ ਕਿ ਇਹ ਕਾਨਫ਼ਰੰਸ ਬਹੁ-ਧਿਰੀ ਵਪਾਰਕ ਸੰਸਥਾ ਦੀ ਫ਼ੈਸਲਾ ਕਰਨ ਵਾਲੇ ਸੰਮੇਲਨ ਦੀ ਤਰਜਮਾਨੀ ਕਰਦੀ ਹੈ ਅਤੇ ਪਿਛਲੇ ਕੁਝ ਸਾਲਾਂ ਤੋਂ ਇਹ ਵਿਕਸਤ ਮੁਲਕਾਂ ਦੇ ਅੜੀਅਲ ਰਵੱਈਏ ਕਰ ਕੇ ਬਹੁਤ ਸਾਰੇ ਮੁੱਦਿਆਂ ’ਤੇ ਪੇਸ਼ਕਦਮੀ ਕਰਨ ਵਿੱਚ ਅਸਮੱਰਥ ਰਹੀ ਹੈ। ਜਿਨ੍ਹਾਂ ਮੁੱਖ ਸਮੱਸਿਆਵਾਂ ਕਰ ਕੇ ਖੜੋਤ ਬਣੀ ਹੈ, ਉਨ੍ਹਾਂ ਵਿਚੋਂ ਇੱਕ ਇਸ ਦੇ ਦੋ-ਪਰਤੀ ਵਿਵਾਦ ਨਿਬੇੜੂ ਅਦਾਰੇ ਨਾਲ ਜੁੜੀ ਹੈ। ਅਮਰੀਕਾ ਵੱਲੋਂ ਇਸ ਦੀ ਅਪੀਲੀ ਸੰਸਥਾ ਵਿੱਚ ਨਿਯੁਕਤੀਆਂ ਰੋਕਣ ਕਰ ਕੇ ਚਾਰ ਸਾਲਾਂ ਤੋਂ ਇਹ ਪ੍ਰਬੰਧ ਨਕਾਰਾ ਹੋ ਕੇ ਰਹਿ ਗਿਆ ਹੈ। ਸੰਸਥਾ ਵਿੱਚ ਸੁਧਾਰਾਂ ਨੂੰ ਲੈ ਕੇ ਵੀ ਕਾਫ਼ੀ ਗੱਲਾਂ ਬਾਤਾਂ ਹੋ ਰਹੀਆਂ ਹਨ ਪਰ ਉਭਰਦੇ ਅਰਥਚਾਰਿਆਂ ਨੂੰ ਅਜੇ ਤੱਕ ਸੰਸਥਾ ਵਿੱਚ ਹੋਰ ਜਿਆਦਾ ਸਹਾਇਤਾ ਦੇਣ ਲਈ ਕੁਝ ਖ਼ਾਸ ਨਹੀਂ ਕੀਤਾ ਗਿਆ। ਮੂਲ ਰੂਪ ਵਿੱਚ ਇਸ ਦਾ ਮਕਸਦ ਇਹ ਸੀ ਕਿ ਘੱਟ ਵਿਕਸਤ ਅਤੇ ਵਿਕਸਤ ਮੁਲਕਾਂ ਲਈ ਇਕਸਾਰ ਪਿੜ ਮੁਹੱਈਆ ਕਰਵਾਇਆ ਜਾਵੇ।

ਭਾਰਤ ਦੇ ਹਿਤ ਤੋਂ ਅਜਿਹੇ ਕਈ ਮੁੱਦੇ ਹਨ, ਜਿਨ੍ਹਾਂ ਨੂੰ ਕਾਨਫ਼ਰੰਸ ਵਿੱਚ ਸੁਲਝਾਏ ਜਾਣ ਦੀ ਲੋੜ ਹੈ ਪਰ ਬਹੁਤਾ ਕੁਝ ਇਨ੍ਹਾਂ ’ਤੇ ਜ਼ੋਰ ਨਾਲ ਅਗਾਂਹ ਵਧਣ ਦੀ ਰਾਜਸੀ ਇੱਛਾ ਸ਼ਕਤੀ ਉਪਰ ਨਿਰਭਰ ਕਰੇਗਾ। ਯਕੀਨਨ ਇਸ ਨੂੰ 2022 ਵਿੱਚ ਹੋਈ ਪਿਛਲੀ ਮੰਤਰੀ ਪੱਧਰੀ ਮੀਟਿੰਗ ਨਾਲੋਂ ਜ਼ਿਆਦਾ ਪੁਰਜ਼ੋਰ ਤਰੀਕੇ ਨਾਲ ਆਪਣਾ ਸਟੈਂਡ ਰੱਖਣਾ ਪਵੇਗਾ। ਉਸ ਸਮੇਂ ਭਾਰਤ ਨੇ ਭਵਿੱਖ ਵਿੱਚ ਪੇਸ਼ ਆਉਣ ਵਾਲੀਆਂ ਮਹਾਮਾਰੀਆਂ ਲਈ ਵਰਤੀਆਂ ਜਾਣ ਵਾਲੀਆਂ ਵੈਕਸੀਨਾਂ ਤਿਆਰ ਕਰਨ, ਦਵਾਈਆਂ ਅਤੇ ਜਾਂਚ ਲਈ ਪੇਟੈਂਟ ਛੋਟ ਦੀ ਤਜਵੀਜ਼ ਦੀ ਪੁਰਜ਼ੋਰ ਪੈਰਵੀ ਨਹੀਂ ਕੀਤੀ ਸੀ। ਸਿਰਫ਼ ਵੈਕਸੀਨਾਂ ਲਈ ਅੰਸ਼ਕ ਛੋਟ ਦੀ ਸਹਿਮਤੀ ਬਣੀ ਸੀ, ਉਹ ਵੀ ਤਦ ਜਦੋਂ ਬਾਇਡਨ ਪ੍ਰਸ਼ਾਸਨ ਨੇ ਇਸ ਮੁੱਦੇ ’ਤੇ ਆਪਣਾ ਪੈਂਤੜਾ ਨਰਮ ਕੀਤਾ ਸੀ ਪਰ ਵਿਕਸਤ ਦੇਸ਼ਾਂ ਵਲੋਂ ਮਹਿੰਗੀਆਂ ਦਰਾਮਦਾਂ ਤੋਂ ਬਚਣ ਲਈ ਵਡੇਰੀਆਂ ਤਜਵੀਜ਼ਾਂ ਜੋ ਭਾਰਤ ਅਤੇ ਦੱਖਣੀ ਅਫ਼ਰੀਕਾ ਨੇ ਅਕਤੂਬਰ 2020 ਵਿੱਚ ਲਿਆਂਦੀਆਂ ਸਨ ਅਤੇ ਜਿਨ੍ਹਾਂ ਨੂੰ 108 ਦੇਸ਼ਾਂ ਦੀ ਹਮਾਇਤ ਮਿਲ ਗਈ ਸੀ, ਨੂੰ ਹੁਣ ਦਫ਼ਨ ਕਰ ਦਿੱਤਾ ਗਿਆ ਹੈ।

ਆਖਿਰ ਜੂਨ 2022 ਦੀ 12ਵੀਂ ਮੰਤਰੀ ਪੱਧਰੀ ਕਾਨਫ਼ਰੰਸ ਵਿੱਚ ਕੋਵਿਡ-19 ਲਈ ਪੰਜ ਸਾਲਾਂ ਵਾਸਤੇ ਪੇਟੈਂਟ ਛੋਟ ਦੇ ਦਿੱਤੀ ਗਈ। ਦਵਾਈਆਂ ਅਤੇ ਜਾਂਚ ਬਾਰੇ ਵਾਰਤਾਵਾਂ ਛੋਟ ਦੇ ਦਾਇਰੇ ਹੇਠ ਕੀਤੀਆਂ ਜਾਣਗੀਆਂ ਜਿਸ ਤੋਂ ਇਹ ਯਕੀਨੀ ਹੋ ਗਿਆ ਕਿ ਇਸ ਬਾਰੇ ਛੇਤੀ ਕੀਤਿਆਂ ਫ਼ੈਸਲਾ ਨਹੀਂ ਹੋ ਸਕੇਗਾ। ਸੰਕੇਤ ਹਨ ਕਿ ਮੇਜ਼ਬਾਨ ਯੂਏਈ ਅਤੇ ਭਾਰਤ ਵਿਚਕਾਰ ਗਹਿਰੇ ਹੋ ਰਹੇ ਦੁਵੱਲੇ ਸਬੰਧਾਂ ਦੇ ਮੱਦੇਨਜ਼ਰ ਭਾਰਤ ਅਬੂ ਧਾਬੀ ਵਿਚ ਹੋਣ ਵਾਲੀ ਕਾਨਫ਼ਰੰਸ ਵਿੱਚ ਆਪਣੀ ਗੱਲ ਬਹੁਤ ਜ਼ੋਰ ਨਾਲ ਨਹੀਂ ਰੱਖ ਸਕੇਗਾ। ਵਧਦੀ ਸਾਂਝ ਦੇ ਮੱਦੇਨਜ਼ਰ ਭਾਰਤ ਵਿਸ਼ਵ ਵਪਾਰ ਸੰਸਥਾ ਦੀ ਕਾਨਫ਼ਰੰਸ ਵਿੱਚ ਅੜੀਅਲ ਰਵੱਈਆ ਅਪਣਾਉਣਾ ਨਹੀਂ ਚਾਹੇਗਾ। ਫ਼ਿਰ ਵੀ ਭਾਰਤ ਨੂੰ ਕੁਝ ਅਹਿਮ ਮੁੱਦੇ ਰੱਖਣੇ ਪੈਣਗੇ ਜਿਨ੍ਹਾਂ ’ਚੋਂ ਸਭ ਤੋਂ ਪ੍ਰਮੁੱਖ ਹੈ ਖੁਰਾਕ ਸੁਰੱਖਿਆ ਲਈ ਅਨਾਜ ਖਰੀਦ ਕੇ ਜਨਤਕ ਭੰਡਾਰ ਭਰਨ ਲਈ ਲਈ ਛੋਟ ਵਾਸਤੇ ‘ਪੀਸ ਕਲਾਜ਼’। 2013 ਵਿੱਚ ਲੰਮੀ ਗੱਲਬਾਤ ਤੋਂ ਬਾਅਦ ਇਹ ਮੱਦ ਤੈਅ ਪਾਈ ਗਈ ਸੀ ਅਤੇ ਇਸ ਤਹਿਤ ਭਾਰਤੀ ਕਿਸਾਨਾਂ ਦੀ ਮਦਦ ਲਈ ਸਰਕਾਰੀ ਖਰੀਦ ਰਾਹੀਂ ਜਨਤਕ ਭੰਡਾਰਨ ਲਈ ਸਬਸਿਡੀ ਦੇਣ ਦੀ ਆਗਿਆ ਦਿੱਤੀ ਗਈ ਸੀ। ਬਾਲੀ ਵਿੱਚ ਹੋਣ ਵਾਲੀ ਮੰਤਰੀ ਪੱਧਰੀ ਕਾਨਫ਼ਰੰਸ ਵਿੱਚ ਇਹ ਸਫ਼ਲਤਾਪੂਰਬਕ ਤਰਕ ਦਿੱਤਾ ਗਿਆ ਸੀ ਕਿ ਅਨਾਜ ਦੇ ਜਨਤਕ ਭੰਡਾਰਨ ਨੇ ਕਰੀਬ 80 ਕਰੋੜ ਲੋਕਾਂ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਈ ਹੈ।

ਪੀਸ ਕਲਾਜ਼ ਵਿੱਚ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਦੇਸ਼ ਨੂੰ ਆਪਣੇ ਲੋਕਾਂ ਦੀ ਖੁਰਾਕ ਸੁਰੱਖਿਆ ਦੇ ਪ੍ਰੋਗਰਾਮ ਤੋਂ ਕਾਨੂੰਨਨ ਵਰਜਿਤ ਨਹੀਂ ਕੀਤਾ ਜਾਵੇਗਾ, ਭਾਵੇਂ ਇਸ ਨਾਲ ਖੇਤੀਬਾੜੀ ਬਾਰੇ ਵਿਸ਼ਵ ਵਪਾਰ ਸੰਸਥਾ ਦੇ ਸਮਝੌਤੇ ਤਹਿਤ ਸਬਸਿਡੀ ਦੇਣ ’ਤੇ ਲਾਈਆਂ ਰੋਕਾਂ ਦੀ ਉਲੰਘਣਾ ਹੁੰਦੀ ਹੋਵੇ। ਭਾਰਤ ਚਾਹੁੰਦਾ ਸੀ ਕਿ ਇਸ ਮੱਦ ਨੂੰ ਸਥਾਈ ਬਣਾ ਦਿੱਤਾ ਜਾਵੇ ਕਿਉਂਕਿ ਇਸ ਵਿੱਚ ਕਰੋੜਾਂ ਕਿਸਾਨਾਂ ਦੀ ਰੋਜ਼ੀ ਰੋਟੀ ਵੀ ਜੁੜੀ ਹੋਈ ਹੈ ਪਰ ਹਾਲੇ ਤੱਕ ਇਸ ਵਿੱਚ ਇੱਕ ਕਾਨਫ਼ਰੰਸ ਤੋਂ ਦੂਜੀ ਕਾਨਫ਼ਰੰਸ ਤੱਕ ਹੀ ਵਾਧਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਵਿਕਸਤ ਮੁਲਕਾਂ ਨੇ ਆਪਣੇ ਦੇਸ਼ਾਂ ਵਿੱਚ ਦਿੱਤੀਆਂ ਜਾਂਦੀਆਂ ਖੁਰਾਕ ਸਬਸਿਡੀਆਂ ਬਰਕਰਾਰ ਰੱਖਣ ’ਤੇ ਕਰੜਾ ਰੁਖ਼ ਅਪਣਾਇਆ ਹੋਇਆ ਹੈ।

ਇਸ ਮੁੱਦੇ ’ਤੇ ਅਜਿਹੇ ਸਮੇਂ ਚਰਚਾ ਕੀਤੀ ਜਾਵੇਗੀ ਜਦੋਂ ਭਾਰਤ ਵਿੱਚ ਅਨਾਜ ਦੀ ਸਰਕਾਰੀ ਖਰੀਦ ਸੰਵੇਦਨਸ਼ੀਲ ਮੁੱਦਾ ਹੈ। ਅੰਦੋਲਨ ਕਰ ਰਹੇ ਕਿਸਾਨ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਮੰਗ ਰਹੇ ਹਨ, ਵਿਸ਼ਵ ਵਪਾਰ ਸੰਸਥਾ ਐੱਮਐੱਸਪੀ ਨੂੰ ਬਹੁਤ ਵੱਡੀ ਸਬਸਿਡੀ ਤਸਲੀਮ ਕਰ ਰਹੀ ਹੈ। ਪੀਸ ਕਲਾਜ਼ ਨਾਲ ਇੰਨਾ ਕੁ ਤੈਅ ਹੋ ਗਿਆ ਹੈ ਕਿ ਦੂਜੇ ਮੁਲਕਾਂ ਵੱਲੋਂ ਇਸ ਨੂੰ ਵਿਵਾਦ ਦੇ ਰੂਪ ਵਿੱਚ ਨਹੀਂ ਉਠਾਇਆ ਜਾਵੇਗਾ ਪਰ ਜਦੋਂ ਤੱਕ ਇਹ ਸਥਾਈ ਵਿਵਸਥਾ ਨਹੀਂ ਬਣਦੀ ਤਾਂ ਸਰਕਾਰ ਦੇ ਸਿਰ ’ਤੇ ਇਸ ਦੀ ਤਲਵਾਰ ਲਟਕਦੀ ਰਹੇਗੀ।

ਭਾਰਤ ਦੇ ਏਜੰਡੇ ’ਤੇ ਦੂਜੀ ਵੱਡੀ ਆਈਟਮ ਇਹ ਯਕੀਨੀ ਬਣਾਉਣਾ ਹੈ ਕਿ ਗ਼ੈਰ-ਵਪਾਰਕ ਮੁੱਦੇ ਵਾਰਤਾ ਵਿੱਚ ਨਾ ਲਿਆਂਦੇ ਜਾਣ। ਇਹ ਜ਼ਿਆਦਾਤਰ ਕਿਰਤ ਅਤੇ ਵਾਤਾਵਰਨ ਨਾਲ ਜੁੜੇ ਮੁੱਦੇ ਹਨ, ਇਨ੍ਹਾਂ ਤੋਂ ਇਲਾਵਾ ਲਿੰਗ ਸਨਮਾਨ ਅਤੇ ਛੋਟੀ ਸਨਅਤ ਦੇ ਸਰੋਕਾਰਾਂ ਨਾਲ ਜੁੜੇ ਮੁੱਦੇ ਵੀ ਹਨ। ਪਾਏਦਾਰ ਵਿਕਾਸ ਦੀ ਆੜ ਹੇਠ ਵਪਾਰਕ ਰੋਕਾਂ ਨੂੰ ਗੱਲਬਾਤ ਦੀ ਮੇਜ਼ ’ਤੇ ਲਿਆਂਦਾ ਜਾਂਦਾ ਹੈ ਤਾਂ ਕਿ ਵਿਕਾਸਸ਼ੀਲ ਮੁਲਕਾਂ ਦੀ ਮੁਕਾਬਲੇਬਾਜ਼ੀ ਨੂੰ ਦਬਾਇਆ ਜਾ ਸਕੇ। ਯੂਰੋਪੀਅਨ ਸੰਘ ਨੇ ਜੰਗਲਾਂ ਦੀ ਕਟਾਈ ਦੀ ਰੋਕਥਾਮ ਤੋਂ ਇਲਾਵਾ ਕਾਰਬਨ ਬਾਰਡਰ ਐਡਜਸਟਮੈਂਟ ਮਕੈਨਿਜ਼ਮ ਕਾਨੂੰਨ ਬਣਾਇਆ ਹੈ। ਇਨ੍ਹਾਂ ਦੋਵਾਂ ਕਾਨੂੰਨਾਂ ਦਾ ਯੂਰੋਪੀਅਨ ਸੰਘ ਵਿੱਚ ਭਾਰਤ ਦੀਆਂ ਬਰਾਮਦਾਂ ’ਤੇ ਅਸਰ ਪੈ ਸਕਦਾ ਹੈ। ਸਟੀਲ ਅਤੇ ਐਲੂਮੀਨੀਅਮ ਜਿਹੇ ਕਾਰਬਨ ਗੈਸਾਂ ਦੀ ਨਿਕਾਸੀ ਵਾਲੇ ਖੇਤਰਾਂ ਉਪਰ ਕਾਰਬਨ ਟੈਕਸ ਲਾਉਣ ਦਾ ਪ੍ਰਬੰਧ ਹੈ ਅਤੇ ਕਈ ਤਰ੍ਹਾਂ ਦੇ ਉਤਪਾਦ ਇਸ ਦੀ ਜ਼ੱਦ ਹੇਠ ਆ ਜਾਣਗੇ।

ਵਣਜ ਮੰਤਰਾਲੇ ਦਾ ਸੰਕੇਤ ਹੈ ਕਿ ਉਹ ਗ਼ੈਰ-ਵਪਾਰਕ ਰੋਕਾਂ ਬਾਬਤ ਯੂਰੋਪੀਅਨ ਸੰਘ ਨਾਲ ਵਿਚਾਰ ਕਰੇਗੀ ਜਦਕਿ ਇਸ ਨੂੰ ਸੰਸਥਾ ਵਿੱਚ ਇਹ ਰੋਕਾਂ ਲਿਆਉਣ ਦਾ ਵਿਰੋਧ ਕਰ ਕੇ ਵਿਕਾਸਸ਼ੀਲ ਮੁਲਕਾਂ ਨੂੰ ਰਾਹ ਦਿਖਾਉਣ ਦੀ ਲੋੜ ਹੈ। ਗ਼ੈਰ-ਵਪਾਰਕ ਮੁੱਦੇ ਬਹੁ-ਧਿਰੀ ਮੰਚਾਂ ’ਤੇ ਲਿਆਉਣ ਖ਼ਿਲਾਫ਼ ਲੜਾਈ ਕਈ ਸਾਲਾਂ ਤੋਂ ਚੱਲ ਰਹੀ ਹੈ। ਵਿਕਸਤ ਮੁਲਕਾਂ ਨੇ ਵਪਾਰ ਸੰਸਥਾ ਬਣਨ ਤੋਂ ਤੁਰੰਤ ਬਾਅਦ ਹੀ ਕਿਰਤ ਮਿਆਰਾਂ ਨੂੰ ਵਪਾਰਕ ਵਾਰਤਾਵਾਂ ਵਿੱਚ ਉਠਾਉਣ ਦੀ ਚਾਰਾਜੋਈ ਸ਼ੁਰੂ ਕਰ ਦਿੱਤੀ ਸੀ ਤਾਂ ਕਿ ਵਿਕਾਸਸ਼ੀਲ ਮੁਲਕਾਂ ਲਈ ਗ਼ੈਰ-ਵਪਾਰਕ ਰੋਕਾਂ ਖੜੀਆਂ ਕੀਤੀਆਂ ਜਾ ਸਕਣ। ਕੁਝ ਸਾਲਾਂ ਤੋਂ ਇਨ੍ਹਾਂ ਗ਼ੈਰ-ਵਪਾਰਕ ਵਾਰਤਾਵਾਂ ਦੇ ਦਾਇਰੇ ਵਿੱਚ ਲਿੰਗ ਅਤੇ ਵਾਤਾਵਰਨ ਨਾਲ ਜੁੜੇ ਮੁੱਦੇ ਵੀ ਆ ਗਏ ਹਨ। ਇਹ ਸਿਲਸਿਲਾ ਲਗਾਤਾਰ ਜਾਰੀ ਹੈ, ਹੁਣ ਔਰਤਾਂ ਦੇ ਅਧਿਕਾਰਾਂ ਦਾ ਮੁੱਦਾ ਵੀ ਇਸ ਵਿੱਚ ਲਿਆਂਦਾ ਜਾ ਰਿਹਾ ਹੈ। ਭਾਰਤ ਨੂੰ ਹੋਰ ਵਿਕਾਸਸ਼ੀਲ ਮੁਲਕਾਂ ਨਾਲ ਮਿਲ ਕੇ ਅਜਿਹੇ ਮੁੱਦਿਆਂ ਨੂੰ ਬਹੁ-ਧਿਰੀ ਵਪਾਰਕ ਵਾਰਤਾਵਾਂ ਵਿੱਚ ਸ਼ਾਮਲ ਕਰਨ ਦਾ ਵਿਰੋਧ ਕਰਨਾ ਚਾਹੀਦਾ ਹੈ।

ਭਾਰਤ ਦੇ ਸਰੋਕਾਰ ਦਾ ਤੀਜਾ ਮੁੱਦਾ ਇਲੈਕਟ੍ਰੌਨਿਕ ਟ੍ਰਾਂਸਮਿਸ਼ਨਾਂ ਉਪਰ ਦਰਾਮਦੀ ਮਹਿਸੂਲ ’ਤੇ ਲਾਈ ਰੋਕ ਨਾਲ ਜੁੜਿਆ ਹੈ। ਇਹ ਦੋਰਪਾ ਨੀਤੀ ਹੈ ਪਰ ਹੁਣ ਰਿਪੋਰਟਾਂ ਮਿਲੀਆਂ ਹਨ ਕਿ ਭਾਰਤ ਇਸ ਰੋਕ ਨੂੰ ਵਾਪਸ ਲੈਣ ਦੇ ਹੱਕ ਵਿੱਚ ਹੈ ਤਾਂ ਕਿ ਦਰਾਮਦੀ ਮਾਲੀਆ ਵਧਾਇਆ ਜਾ ਸਕੇ। ਜੇ ਰੋਕ ਹਟਾ ਲਈ ਜਾਂਦੀ ਹੈ ਤਾਂ ਦੇਸ਼ ਦੀਆਂ ਇਲੈਕਟ੍ਰੌਨਿਕਸ ਬਰਾਮਦਾਂ ਵਿੱਚ ਵਾਧਾ ਹੋਣ ਦੇ ਮੱਦੇਨਜ਼ਰ ਹੋਰਨਾਂ ਦੇਸ਼ਾਂ ਦਾ ਟੈਰਿਫ਼ ਪ੍ਰਭਾਵਿਤ ਹੋ ਸਕਦਾ ਹੈ ਜਿਸ ਕਰ ਕੇ ਇਸ ਰਣਨੀਤੀ ਉਪਰ ਮੁੜ ਝਾਤ ਮਾਰਨ ਦੀ ਲੋੜ ਹੈ।

ਵਿਸ਼ਵ ਵਪਾਰ ਸੰਸਥਾ ਦੀ 13ਵੀਂ ਮੰਤਰੀ ਪੱਧਰੀ ਕਾਨਫ਼ਰੰਸ ਅਹਿਮ ਸਾਬਿਤ ਹੋ ਸਕਦੀ ਹੈ ਬਸ਼ਰਤੇ ਭਾਰਤ ਆਪਣੇ ਏਜੰਡੇ ਦੀਆਂ ਤਜਵੀਜ਼ਾਂ ਲਾਗੂ ਕਰਵਾਉਣ ਦੇ ਯੋਗ ਹੋ ਸਕੇ। ਬਹੁਤਾ ਕੁਝ ਸੰਸਥਾ ਦੀ ਸਿਹਤ ’ਤੇ ਨਿਰਭਰ ਕਰੇਗਾ ਜੋ ਹੁਣ ਆਪਣੀ ਚਮਕ ਦਮਕ ਗੁਆ ਚੁੱਕੀ ਹੈ ਅਤੇ ਬਹੁਤ ਸਾਰੇ ਦੇਸ਼ ਖੇਤਰੀ ਵਪਾਰਕ ਸਮਝੌਤਿਆਂ ਦੇ ਰਾਹ ਪੈ ਰਹੇ ਹਨ। ਵਿਵਾਦ ਨਿਬੇੜੂ ਪ੍ਰਬੰਧ ਸੁਰਜੀਤ ਕਰਨ ਲਈ ਇਸ ਨੂੰ ਹੋਰ ਜ਼ਿਆਦਾ ਇਮਦਾਦ ਦਰਕਾਰ ਹੈ। ਇਸ ਦੇ ਨਾਲ ਹੀ ਇਸ ਨੂੰ ਇਹ ਵੀ ਯਕੀਨੀ ਬਣਾਉਣਾ ਪਵੇਗਾ ਕਿ ਉਭਰਦੇ ਅਰਥਚਾਰਿਆਂ ਦੇ ਸਰੋਕਾਰਾਂ ਨੂੰ ਤਰਜੀਹ ਦੇਣ ਲਈ ਸੁਧਾਰ ਕੀਤੇ ਜਾਣ। ਭਾਰਤ ਨੂੰ ਮੋਹਰੀ ਭੂਮਿਕਾ ਨਿਭਾਉਣ ਦੀ ਲੋੜ ਹੈ ਪਰ ਇਸ ਲਈ ਰਾਜਸੀ ਇੱਛਾ ਸ਼ਕਤੀ ਅਤੇ ਵਪਾਰ ਕੂਟਨੀਤੀ ਦਾ ਅਸਰ ਰਸੂਖ ਦੀ ਜ਼ਰੂਰਤ ਹੈ।

# ਦੇਸ਼ ਪੰਜਾਬ ਲਈ ਪੰਜਾਬੀਆਂ ਦੀਆਂ ਜ਼ਿੰਮੇਵਾਰੀਆਂ



ਗਿਆਨੀ ਕੇਵਲ ਸਿੰਘ

ਪੰਜਾਬ ਸ਼ਬਦ ਆਪਣੇ ਅੰਦਰ ਆਪਣੀ ਬਹੁ-ਪੱਖੀ ਅਹਿਮੀਅਤ ਸਮੋਈ ਬੈਠਾ ਹੈ। ਪੰਜਾਬ ਦੀ ਮਹੱਤਤਾ ਨੂੰ ਰੂਹ ਦੇ ਤਲ ’ਤੇ ਜਾਨਣ ਤੇ ਮਾਨਣ ਵਾਲੇ ਅਸਲੀ ਵਾਰਸ ਸਮੇਂ ਦੇ ਗੇੜ ਨਾਲ ਰੁਖ਼ਸਤ ਹੁੰਦੇ ਗਏ। ਉਨ੍ਹਾਂ ਦੀ ਥਾਂ ’ਤੇ ਉਸ ਤਰ੍ਹਾਂ ਪੰਜਾਬ ਨੂੰ ਸਮਝਣ ਤੇ ਜੀਊਣ ਵਾਲੇ ਨਵੇਂ ਵਾਰਸ ਤਿਆਰ ਹੋਣੋ ਘੱਟਦੇ ਗਏ। ਨਵਿਆਂ ਨੂੰ ਪੰਜਾਬ ਦੀ ਸਮਝ ਨਾ ਹੋਣ ਕਰਕੇ ਉਨ੍ਹਾਂ ਦੀ ਰੂਹ ਅੰਦਰ ਪੰਜਾਬ ਉਤਰਨਾ ਜੇ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ ਤਾਂ ਲਗਾਤਾਰ ਘੱਟਦਾ ਜ਼ਰੂਰ ਗਿਆ।

ਪੰਜਾਬ ਦਾ ਪਿਛੋਕੜ, ਪੰਜਾਬ ਦਾ ਇਤਿਹਾਸ ਤੇ ਪੰਜਾਬ ਦਾ ਵਿਰਸਾ ਨਵੀਆਂ ਪੀੜੀਆਂ ਲਈ ਖਿੱਚ ਦਾ ਕੇਂਦਰ ਨਹੀਂ ਹੈ ਅਤੇ ਪਿਛਲੇ ਲੰਮੇ ਅਰਸੇ ਤੋਂ ਹਾਸ਼ੀਏ ’ਤੇ ਹੈ।

ਪੰਜਾਬ ਵੱਲ ਅੱਜ ਝਾਤ ਮਾਰ ਕੇ ਦੇਖੀਏ ਕਿ ਕਿੰਨਾ ਕੁ ਨਿੱਘ ਹੈ ਜਾਂ ਲਗਾਓ ਹੈ। ਪੰਜਾਬ ਦਾ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਰੂਪ ਅੱਜ ਕਿੱਥੇ ਪੁੱਜ ਗਿਆ ਹੈ। ਪੰਜਾਬ ਨੇ ਸੰਸਾਰ ਵਿੱਚ ਸਰਦਾਰੀ ਕੀਤੀ ਹੈ। ਪੰਜਾਬ ਦੇ ਜਾਇਆਂ ਨੇ ਸਦੀਆਂ ਪਹਿਲਾਂ ਤੋਂ ਸੰਸਾਰ ਅੰਦਰ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰਕੇ ਸੰਸਾਰ ਪਾਸੋਂ ਆਪਣੀ ਅਣਖ ਸਵੈ-ਮਾਣ ਦੇ ਸੋਹਲੇ ਗਵਾਏ ਹਨ।

_ਦਰਤ ਦੇ ਕਾਦਰ ਨੇ ਪੰਜਾਬ ਧਰਤੀ ਦਾ ਉਹ ਹਿੱਸਾ ਸਿਰਜਿਆ ਹੈ ਜਿਸ ਨੂੰ ਪ੍ਰਕਿਰਤੀ ਰਚਨਾ ਦਾ ਨਗੀਨਾ ਆਖ ਸਕਦੇ ਹਾਂ। ਇਸ ਧਰਤੀ ਵਰਗਾ ਪਾਉਣ ਪਾਣੀ ਆਬੋ ਹਵਾ ਦੁਨੀਆਂ ਦੇ ਕਿਸੇ ਕੋਨੇ ਵਿੱਚ ਨਹੀਂ ਹੈ। ਪੰਜਾਬ ਦੇ ਜਾਏ ਮਨੁੱਖ ਵਰਗਾ ਕੱਦ ਕਾਠ ਰੂਪ ਰੰਗ ਸਭ ਕੁਝ ਆਪਣਾ ਹੀ ਹੈ। ਪੰਜਾਬ ਦੇ ਇਤਿਹਾਸ ਵਰਗਾ ਇਤਿਹਾਸ ਵੀ ਸ਼ਾਇਦ ਦੁਨੀਆਂ ਦੀ ਧਰਤੀ ’ਤੇ ਕਿਸੇ ਖਾਸ ਹਿੱਸੇ ਦੇ ਵਾਸੀਆਂ ਨੇ ਨਹੀਂ ਸਿਰਜਿਆ। ਪੰਜਾਬ ਦੇ ਵੱਡ- ਵਡੇਰਿਆਂ ਨੇ ਪੰਜਾਬ ਨੂੰ ਸਿਰਮੌਰ ਬਣਾਉਣ ਲਈ ਕਿਵੇਂ ਕੀ ਕੀ ਸੰਘਰਸ਼ ਕੀਤਾ ਤੇ ਤਸ਼ੱਦਦ ਸਹਿਆ ਸਭ ਕੁਝ ਦੀ ਵੱਖਰੀ ਵੱਖਰੀ ਕਹਾਣੀ ਹੈ।

ਪੰਜਾਬ ਦੀ ਧਰਤੀ ਨੂੰ ਗੁਰੂਆਂ ਦੀ ਧਰਤੀ ਅਖਵਾਉਣ ਦਾ ਮਾਣ ਨਸੀਬ ਹੋਇਆ। ਗੁਰੂ ਸਾਹਿਬਾਨ ਨੇ ਇਸ ਧਰਤੀ ’ਤੇ ਸਚਿਆਰ ਮਨੁੱਖ ਦੀ ਸਿਰਜਣਾ ਦਾ ਸੰਕਲਪ ਅਕਾਲ ਪੁਰਖ ਦੇ ਹੁਕਮ ਰਜ਼ਾ ਵਿੱਚ ਲਿਆ। ਕੂੜੇ ਦੀ ਕੰਧ ਜੋ ਮਨੁੱਖ ਦੇ ਅੰਦਰ ਸਦੀਆਂ ਤੋਂ ਉਸਰੀ ਹੋਈ ਸੀ ਉਸ ਨੂੰ ਤੋੜਨ ਦੀ ਜੁਗਤਿ ਗੁਰੂ ਸਾਹਿਬਾਨ ਨੇ ਰੱਬੀ ਗਿਆਨ ਨਾਲ ਤਕਰੀਬਨ ਢਾਈ ਸਦੀਆਂ ਲਾ ਕੇ ਸੰਸਾਰ ਦੇ ਮਨੁੱਖ ਨੂੰ ਸਮਝਾਉਣ ਤੇ ਦ੍ਰਿੜ ਕਰਵਾਉਣ ਲਈ ਵੱਡਾ ਦਾਈਆ ਇਥੋਂ ਹੀ ਅਰੰਭਿਆ।

ਗੁਰੂ ਦ੍ਰਿਸ਼ਟੀ ਨੇ ਜਲਤੀ ਸਭ ਪ੍ਰਿਥਵੀ ਵੇਖੀ ਤੇ ਪਰਜਾ ਨੂੰ ਅਗਿਆਨੀ ਵੇਖਿਆ। ਅਧੋਗਤੀ ਦੀ ਸ਼ਿਕਾਰ ਇਸ ਦੁੱਖ ਦਾਈ ਰੂਪ ਨੂੰ ਬਦਲਣ ਦਾ ਬੀੜਾ ਅਕਾਲ ਪੁਰਖੀ ਹੁਕਮ ਵਿੱਚ ਚੁੱਕ ਕੇ ਜੋ ਕੁਝ ਤੇ ਜਿਵੇਂ ਕੀਤਾ ਸਭ ਕੁਝ ਇਤਿਹਾਸ ਦੇ ਅਮੀਰ ਪੰਨਿਆਂ ’ਤੇ ਪੰਜਾਬ ਦੇ ਜਾਇਆਂ ਦੀ ਵਿਰਾਸਤ ਹੈ। ਇਸੇ ਹੀ ਕਰਕੇ ਪੰਜਾਬ ਨੂੰ ਗੁਰੂਆਂ ਦਾ ਪੰਜਾਬ ਮਾਣ ਸਨਮਾਨ ਨਾਲ ਆਖਿਆ ਗਿਆ ਹੈ। ਅਵਤਾਰੀ ਤਥਾ ਪੈਗੰਬਰੀ ਦੁਨੀਆਂ ਵਿੱਚ ਗੁਰੂਆਂ ਦੀ ਘਾਲੀ ਘਾਲ ਬਿਲਕੁਲ ਵਿਲੱਖਣ ਹੈ।

ਪੰਜਾਬ ਦੇ ਵਿਰਸੇ ਮਾਣ ਵਿੱਚ ਗੁਰੂਆਂ ਵੱਲੋਂ ਅਕਾਲੀ ਹੁਕਮ ਨਾਲ ਜੋ ਖ਼ਾਲਸਾ ਪ੍ਰਗਟ ਕੀਤਾ ਗਿਆ ਉਸ ਨਾਲ ਸੰਸਾਰ ਦਾ ਸਭ ਸਨਮਾਨਿਤ ਪਾਤਰ ਹੋਣ ਦਾ ਰੁਤਬਾ ਵੀ ਮਿਲਿਆ। ਖਾਲਸਾ ਪੰਥ ਦੇ ਵਾਰਸਾਂ ਦਾ ਇਤਿਹਾਸ ਵੀ ਪੰਜਾਬ ਦੀ ਹੋਂਦ ਤੇ ਵਿਲੱਖਣਤਾ ਵਿੱਚ ਜੋ ਗਵਾਹੀ ਭਰਦਾ ਹੈ, ਉਸ ਨੂੰ ਕਦਾਚਿਤ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਜਾਇਆਂ ਨੇ ਹੱਕ ਸੱਚ ਲਈ ਹਮੇਸ਼ਾਂ ਛਾਤੀ ਤਾਣ ਕੇ ਵੱਖ ਵੱਖ ਸੰਘਰਸ਼ ਲੜੇ ਤੇ ਜਿੱਤੇ। ਦੁਨੀਆਂ ਨੂੰ ਦੱਸਿਆ ਆਪਣੇ ਵਿਰਸੇ ਦੀ ਮਹਾਨਤਾ ਤੇ ਮਾਨਤਾ ਬਾਰੇ। ਪੰਜਾਬੀ ਜਦੋਂ ਵਿਰਸੇ ਵਿਰਾਸਤ ਦੀਆਂ ਜੜ੍ਹਾਂ ਨਾਲ ਜੁੜੇ ਰਹੇ ਉਦੋਂ ਇਨ੍ਹਾਂ ਪੰਜਾਬ ਲਈ ਜੀਅ ਜਾਨ ਹੂਲ ਕੇ ਕੰਮ ਵੀ ਕੀਤਾ ਤੇ ਪੰਜਾਬ ਦੀ ਸ਼ਾਨ ਨੂੰ ਬਰਕਰਾਰ ਵੀ ਰੱਖਿਆ।

ਸਵਾਲ ਵਰਤਮਾਨ ਪੰਜਾਬ ’ਤੇ ਆਣ ਟਿਕਦਾ ਹੈ। ਅੱਜ ਪੰਜਾਬ ਦਾ ਕੀ ਹਾਲ ਹੈ? ਜੇ ਮਾੜਾ ਜਾਂ ਨਾਉਮੀਦਾ ਹੈ ਤਾਂ ਕਿਉਂ?

ਪੰਜਾਬ ਦੇ ਅਸਲੀ ਪੁੱਤਰਾਂ ਦਾ ਸਬੂਤ ਦੇਣ ਦਾ ਮੌਕਾ 1947 ਵਿੱਚ ਤੇ ਬਾਅਦ ਵਿੱਚ ਆਇਆ ਤਾਂ ਪੰਜਾਬੀਓ! ਪੰਜਾਬੀ ਦਾ ਇੱਕ ਸਤਿਕਾਰਤ ਤੇ ਵੱਡਾ ਹਿੱਸਾ ਪੰਜਾਬੀ ਭਾਸ਼ਾ ਨੂੰ ਮਾਂ ਬੋਲੀ ਮੰਨਣ ਤੋਂ ਹੀ ਮੁਕਰ ਕੇ ਅਕਿਜ਼ਘਣ ਹੋ ਬੈਠਾ! ਕੀ ਸੀ ਇਹ ਤੇ ਕਿਉਂ ਸੀ? ਅੱਜ ਤੱਕ ਅਣਸੁਲਝਿਆ ਸਵਾਲ ਸਭ ਪੰਜਾਬੀਆਂ ਨੂੰ ਕੰਬਣੀ ਛੇੜਦਾ ਹੈ! ਭਾਰਤੀ ਆਜ਼ਾਦੀ ਦੇ ਮਹਾਂਰਥੀ ਆਜ਼ਾਦੀ ਤੋਂ ਖਾਲੀ ਹੱਥ ਕਰ ਦਿੱਤੇ ਗਏ। ਲੋਹੜਾ ਰੱਬ ਦਾ ਆਪਣੇ ਹਮਦਰਦ ਅਖਵਾਉਣ ਵਾਲਿਆਂ ਪੰਜਾਬ ਨਾਲ ਧੋਖਾ ਕਰਕੇ ਨਵੀਂ ਬਰਬਾਦੀ ਦਾ ਦਰ ਖੋਲ੍ਹ ਦਿੱਤਾ। ਨਵੇਂ ਭਾਰਤੀ ਹਾਕਮਾਂ ਨੇ ਪੰਜਾਬ ਨਾਲ ਕੀ ਕੀ ਤੇ ਕਿਵੇਂ ਕਿਵੇਂ ਧੋਖੇ ਤੇ ਧੋਖਾ ਕੀਤਾ। ਹਾਕਮਾਂ ਨੇ ਸੰਘੀ ਢਾਂਚੇ ਦੀ ਸੰਘੀ ਘੁੱਟਣ ਵਾਸਤੇ ਪੰਜਾਬੀਆਂ ਨੂੰ ਕੋਹ-ਕੋਹ ਮਾਰਿਆ। ਜਿਨ੍ਹਾਂ ਬੇਖੌਫ ਖ਼ੂਨੀ ਧਾਰਾ ਵਗਾਈਆਂ ਅਤੇ ਫਾਂਸੀ ਦੇ ਰੱਸੇ ਚੁੰਮੇ, ਉਨ੍ਹਾਂ ਦੇ ਵਾਰਸਾਂ ਨੂੰ ਮੁੜ ਦੋਹਰੀ ਤੇਹਰੀ ਅਜੀਬੋ ਗਰੀਬ ਗੁਲਾਮੀ ਦੀਆਂ ਨਵੀਆਂ ਜ਼ੰਜੀਰਾਂ ਵਿੱਚ ਜਕੜ ਕੇ ਭਵਿੱਖ ਦੀ ਆਜ਼ਾਦੀ ਦੇ ਸਭ ਦਰਵਾਜ਼ੇ ਹੀ ਬੰਦ ਕਰ ਸੁੱਟੇ।

ਸਮੇਂ ਸਮੇਂ ਬਣੇ ਅਖੌਤੀ ਆਗੂਆਂ ਨੇ ਹੀ ਪੰਜਾਬ ਨੂੰ ਹਾਕਮਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨ ਤੋਂ ਵਰਜਿਆ। ਜ਼ੁਰਅਤ ਨਾਲ ਲਾਮਬੰਦੀ ਦੀ ਪਿਰਤ ਵਿੱਚ ਰੋੜੇ ਅਟਕਾ ਦਿੱਤੇ।

ਸੱਤਾ ਦੇ ਲਾਲਚ ਨੇ ਐਸਾ ਜਨਮ ਲੈ ਲਿਆ। ਪੰਜਾਬ ਨੂੰ ਪੰਜਾਬ ਰੱਖਣ ਦਾ ਸਮੇਂ ਸਮੇਂ ਅਹਿਦ ਕਰਨ ਵਾਲੇ ਕਾਤਲਾਂ ਦੀ ਬਗਲ ਦਾ ਸ਼ਿੰਗਾਰ ਹੋਣ ਲੱਗੇ। ਜੋ ਕੁਝ ਹੁਣ ਤੱਕ ਪੰਜਾਬੀਆਂ ਨਾਲ ਖਾਸ ਕਰਕੇ ਗੁਰੂ ਨਾਨਕ ਸਾਹਿਬ ਜੀ ਦੀ ਉਮਤ ਨਾਲ ਹੋਇਆ ਹੈ ਇਹ ਕੀ ਸੀ ਕਿਉਂ ਸੀ? ਕਿਨੇ ਸੋਚਣਾ ਸੀ ਤੇ ਸਮੇਂ ਦੀਆਂ ਭਾਰਤੀ ਅਖੌਤੀ ਲੋਕਤੰਤਰ ਦੀਆਂ ਦਾਵੇਦਾਰ ਸਰਕਾਰਾਂ ਪਾਸੋਂ ਜੁਆਬ ਲੈਣੇ ਸਨ? ਉਹ ਕਿਉਂ ਨਹੀਂ ਹੁਣ ਤੱਕ ਐਸਾ ਕਰ ਸਕੇ? ਅੱਜ ਦੇ ਪੰਜਾਬੀ ਜਰੂਰ ਸੋਚਣ। ਇਨ੍ਹਾਂ ਸਵਾਲਾਂ ਦੇ ਸਾਹਮਣੇ ਅੱਜ ਪੰਜਾਬ ਦਾ ਕੋਈ ਵਰਗ ਵੀ ਪੱਕੇ ਪੈਰੀ ਟਿਕਣ ਦੀ ਹਿੰਮਤ ਨਹੀਂ ਦਿਖਾ ਰਿਹਾ। ਕਿੱਧਰੇ ਵੀ ਇਨ੍ਹਾਂ ਸਵਾਲਾਂ ਨੂੰ ਕਿਸੇ ਹਿੱਸੇ ਵੱਲੋਂ ਸੱਚੇ ਮਨੋ ਵੀਚਾਰ ਦਾ ਨਿਰੰਤਰ ਹਿੱਸਾ ਬਣਾਉਣ ਦੀ ਆਵਾਜ਼ ਨਹੀਂ ਸੁਣਾਈ ਦੇਂਦੀ। ਇਹ ਗੱਲ ਵੀ ਆਪਣੇ ਆਪ ਵਿੱਚ ਸਵਾਲ ਹੈ?

(ਬਾਕੀ ਸਫ਼ਾ 31 ’ਤੇ)

# ਸਿੱਖ ਨਸਲਕੁਸ਼ੀ ਦੀ ਜੜ੍ਹ ਬਿਰਤਾਂਤਕ ਹਿੰਸਾ ਵਿੱਚ



ਪ੍ਰਭਸ਼ਰਨਬੀਰ ਸਿੰਘ

1903 ਵਿੱਚ ਰੂਸੀ ਬੋਲੀ ਵਿੱਚ ਇੱਕ ਕਿਤਾਬ ਪ੍ਰਕਾਸ਼ਿਤ ਹੋਈ। ਇਸ ਕਿਤਾਬ ਦਾ ਨਾਂ ਸੀ 'ਦੀ ਪ੍ਰੋਟੋਕੋਲ ਆਫ਼ ਦੀ ਈਲਡਰਸ ਆਫ਼ ਜਿਆਨ' ਇਹ ਕਿਤਾਬ ਯਹੂਦੀਆਂ ਨੂੰ ਨਿਸ਼ਾਨਾ ਬਣਾ ਕੇ ਲਿਖੀ ਗਈ ਸੀ। ਇਸ ਦਾ ਮਕਸਦ ਇਹ ਸਾਬਤ ਕਰਨਾ ਸੀ ਕਿ ਪੱਛਮੀ ਮੁਲਕਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਯਹੂਦੀ ਹਨ ਅਤੇ ਯਹੂਦੀ ਸਾਰੀ ਦੁਨੀਆਂ ਉੱਤੇ ਕਬਜ਼ਾ ਕਰਨ ਦੀ ਸਾਜਿਸ਼ ਰਚ ਰਹੇ ਹਨ। ਫੇਰ ਇਸ ਕਿਤਾਬ ਦੇ ਅੰਗਰੇਜ਼ੀ ਸਮੇਤ ਹੋਰਨਾਂ ਬੋਲੀਆਂ ਵਿੱਚ ਉਲਥੇ ਕਰਵਾਏ ਗਏ। ਫੋਰਡ ਮੋਟਰ ਕੰਪਨੀ ਦੇ ਬਾਨੀ ਹੇਨਰੀ ਫੋਰਡ ਨੇ ਇਸ ਕਿਤਾਬ ਦੀਆਂ ਪੰਜ ਲੱਖ ਕਾਪੀਆਂ ਆਪਣੇ ਖਰਚੇ ਉੱਤੇ ਛਪਵਾ ਕੇ ਮੁਫ਼ਤ ਵੰਡੀਆਂ। ਸਿੱਟਾ ਇਹ ਨਿਕਲਿਆ ਕਿ ਯੂਰਪ ਵਿੱਚ ਯਹੂਦੀਆਂ ਪ੍ਰਤੀ ਨਫਰਤ ਹੋਰ ਵੀ ਵਧ ਗਈ। ਇਸੇ ਨਫਰਤ ਦੀ ਲਹਿਰ 'ਤੇ ਸਵਾਰ ਹੋ ਕੇ ਹਿਟਲਰ ਨੇ ਜਰਮਨੀ ਦੀ ਸੱਤਾ ਉੱਤੇ ਕਬਜ਼ਾ ਕੀਤਾ। ਉਸ ਤੋਂ ਬਾਅਦ ਜੋ ਯਹੂਦੀਆਂ ਨਾਲ ਹੋਇਆ ਉਹ ਸਾਨੂੰ ਸਭ ਨੂੰ ਪਤਾ ਹੀ ਹੈ।

ਨਸਲਕੁਸ਼ੀਆਂ ਖਲਾਅ ਵਿਚੋਂ ਪੈਦਾ ਨਹੀਂ ਹੁੰਦੀਆਂ। ਹਰ ਨਸਲਕੁਸ਼ੀ ਦੀ ਜੜ੍ਹ ਬਿਰਤਾਂਤਕ ਹਿੰਸਾ ਵਿੱਚ ਹੁੰਦੀ ਹੈ। ਪਹਿਲਾਂ ਬਿਰਤਾਂਤ ਸਿਰਜਿਆ ਜਾਂਦਾ ਹੈ ਫੇਰ ਨਸਲਕੁਸ਼ੀ ਹੁੰਦੀ ਹੈ। ਬਿਨਾਂ ਬਿਰਤਾਂਤ ਤੋਂ ਕਦੇ ਨਸਲਕੁਸ਼ੀ ਹੋ ਹੀ ਨਹੀਂ ਸਕਦੀ। 1984 ਤੋਂ ਪਹਿਲਾਂ ਵੀ ਸਿੱਖਾਂ ਦੇ ਬਰਖ਼ਿਲਾਫ਼ ਇੱਕ ਬਿਰਤਾਂਤ ਸਿਰਜਿਆ ਗਿਆ। ਇਸ ਬਿਰਤਾਂਤ ਦੀ ਉਸਾਰੀ ਭਾਰਤ ਸਰਕਾਰ ਅਤੇ ਖੱਬੇਪੱਖੀਆਂ ਨੇ ਮਿਲ ਕੇ ਕੀਤੀ। ਖੱਬੇਪੱਖੀਆਂ ਤੋਂ ਬਿਨਾਂ ਭਾਰਤ ਸਰਕਾਰ ਇਹ ਬਿਰਤਾਂਤ ਸਿਰਜ ਨਹੀਂ ਸੀ ਸਕਦੀ। ਇਸ ਬਿਰਤਾਂਤ ਦਾ ਮੁੱਖ ਆਧਾਰ ਇਸ ਗੱਲ ਨੂੰ ਬਣਾਇਆ ਗਿਆ ਕਿ ਭਾਰਤ ਅੰਦਰ ਸਿੱਖਾਂ ਖ਼ਿਲਾਫ਼ ਕੋਈ ਸਾਜਿਸ਼ ਨਹੀਂ ਹੋ ਰਹੀ, ਸਿੱਖ ਐਂਵੇ ਹੀ ਰੌਲਾ ਪਾ ਰਹੇ ਹਨ ਕਿਉਂਕਿ ਖੱਬੇਪੱਖੀਆਂ ਦਾ ਪੰਜਾਬ ਦੇ ਬੌਧਿਕ ਅਤੇ ਸਾਹਿਤਿਕ ਹਲਕਿਆਂ ਉੱਤੇ ਦਬਦਬਾ ਸੀ, ਇਸ ਲਈ ਸਿੱਖਾਂ ਤੋਂ ਇਸ ਦਾ ਝੂਠੇ ਬਿਰਤਾਂਤ ਦਾ ਢੁਕਵਾਂ ਜੁਆਬ ਨਹੀਂ ਦਿੱਤਾ ਗਿਆ। ਨਤੀਜਾ ਇਹ ਨਿਕਲਿਆ ਕਿ ਸਰਕਾਰ ਨੇ ਸਿੱਖਾਂ ਦੇ ਪਾਵਨ ਅਸਥਾਨਾਂ ਉੱਤੇ ਹਮਲੇ ਕੀਤੇ, ਦਿੱਲੀ ਦੀਆਂ ਸੜਕਾਂ ਉੱਤੇ ਸਿੱਖਾਂ ਦੇ ਗਲ਼ਾਂ ਵਿੱਚ ਟਾਇਰ ਪਾ ਕੇ ਸਾੜੇ ਗਏ, ਸਰੂਆਂ ਵਰਗੇ ਜੁਆਨ ਪੁੱਤ ਘਰਾਂ ਵਿਚੋਂ ਚੁੱਕ ਚੁੱਕ ਕੇ ਖਪਾ ਦਿੱਤੇ। ਇਹ ਸਭ ਕੁਝ ਕਰਕੇ ਵੀ ਸਰਕਾਰ ਨੇ ਆਪਣੇ ਆਪ ਨੂੰ ਸ਼ਾਂਤੀ ਦਾ ਮਸੀਹਾ ਗਰਦਾਨ ਲਿਆ। ਕੋਈ ਵੀ ਸਰਕਾਰ ਅੱਜ ਤੱਕ ਅਜਿਹਾ ਮਾਅਰਕਾ ਨਹੀਂ ਮਾਰ ਸਕੀ। ਇਹ ਪੰਜਾਬ ਦੇ ਖੱਬੇਪੱਖੀਆਂ ਦੀ ਹੀ ਦੇਣ ਸੀ ਕਿ ਉਹਨਾਂ ਦੇ ਬਿਰਤਾਂਤ ਨੇ ਸਰਕਾਰ ਨੂੰ ਇਸ ਕਾਬਲ ਬਣਾਇਆ। ਸਿਰਫ਼ ਏਨਾ ਹੀ ਨਹੀਂ, ਸਰਕਾਰ ਨੇ ਸਿੱਖਾਂ ਦੀ ਨਸਲਕੁਸ਼ੀ ਉੱਤੇ ਹੀ ਬੱਸ ਨਹੀਂ ਕੀਤੀ, ਇਸ ਤੋਂ ਵੀ ਅੱਗੇ ਜਾਂਦਿਆਂ ਸਿੱਖਾਂ ਨੂੰ ਇਸ ਸਭ ਲਈ ਜਿੰਮੇਵਾਰ ਵੀ ਠਹਿਰਾ ਦਿੱਤਾ ਤੇ ਬੱਸ ਅਜੇ ਵੀ ਨਹੀਂ ਕੀਤੀ। ਹੁਣ ਅਗਲੀ ਨਸਲਕੁਸ਼ੀ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਨਸਲਕੁਸ਼ੀ ਤੋਂ ਪਹਿਲਾਂ ਇਹ ਜਰੂਰੀ ਹੈ ਕਿ ਸਿੱਖਾਂ ਨੂੰ ਜਾਤੀਵਾਦੀ, ਫਿਰਕਾਪ੍ਰਸਤ ਅਤੇ ਬਲਾਤਕਾਰੀ ਸਿੱਧ ਕੀਤਾ ਜਾਵੇ। ਸਰਕਾਰ ਦੇ ਇਸ ਕੰਮ ਵਿੱਚ ਖੱਬੇਪੱਖੀ ਤੇ ਸੈਕੂਲਰ ਲਾਣਾ ਆਪਣਾ ਪੂਰਾ ਯੋਗਦਾਨ ਪਾ ਰਿਹਾ ਹੈ। ਹਾਲ ਹੀ ਵਿੱਚ ਰਿਲੀਜ਼ ਹੋਏ ਅਮੇਜਨ ਪ੍ਰਾਈਮ ਦੇ ਨਾਟਕ ਪਤਾਲ ਲੋਕ ਵਿੱਚ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੱਲ ਇਹ ਨਹੀਂ ਕਿ ਸਿੱਖਾਂ ਵਿੱਚ ਜਾਤ ਪਾਤ ਹੈ ਜਾਂ ਨਹੀਂ। ਜਾਤ ਪਾਤ ਤਾਂ ਦੱਖਣੀ ਏਸ਼ੀਆ ਦੇ ਸਾਰੇ ਖਿੱਤਿਆਂ ਅਤੇ ਕੌਮਾਂ ਵਿੱਚ ਹੈ ਪਰ ਇਹਨਾਂ ਨੂੰ ਸਿਰਫ ਸਿਖਾਂ ਵਿਚ ਹੀ ਦਿਸਦਾ ਹੈ। ਤੁਸੀਂ ਕਦੇ ਸੁਣਿਆ ਹੈ ਕਿ ਪੰਜਾਬ ਦੀ ਕਿਸੇ ਖੱਬੇਪੱਖੀ ਧਿਰ ਨੇ ਪੰਜਾਬ ਦੇ ਬਾਹਮਣਾਂ ਵਿਚਲੇ ਜਾਤੀਵਾਦ ਵਿਰੁੱਧ ਕੋਈ ਜਨਤਕ ਲਹਿਰ ਚਲਾਈ ਹੋਵੇ ? ਨਹੀਂ ਚਲਾਈ, ਕਿਉਂਕਿ ਇਸ ਕੰਮ ਵਿੱਚ ਸਿੱਖਾਂ ਨੂੰ ਭੰਡਣ ਲਈ ਦੋਵੇਂ ਇਕੱਠੇ ਹਨ।

ਸਿੱਖਾਂ ਦੀ ਤ੍ਰਾਸਦੀ ਇਹ ਹੈ ਕਿ ਸਿੱਖਾਂ ਨੂੰ ਮਾਰਨ ਲਈ ਕੱਟੜ ਹਿੰਦੂਵਾਦੀ ਅਤੇ ਖੱਬੇਪੱਖੀ ਦੋਵੇਂ ਇਕੱਠੇ ਹੋ ਜਾਂਦੇ ਹਨ। ਬੀ ਜੇ ਪੀ ਹਿੰਦੂਤਵ ਦਾ ਸਿੱਧਾ ਰੂਪ ਹੈ ਅਤੇ ਕਾਂਗਰਸ ਤੇ ਹੋਰ ਸੈਕੂਲਰ ਧਿਰਾਂ ਲੁਕਵਾਂ ਰੂਪ ਹਨ। ਕਾਂਗਰਸ ਤੇ ਖੱਬੇਪੱਖੀ ਗੁਪਤ ਰੂਪ ਵਿੱਚ ਹਿੰਦੂਤਵ ਦੇ ਏਜੰਡੇ ਨੂੰ ਹੀ ਅੱਗੇ ਵਧਾਉਂਦੇ ਹਨ। ਇਹਨਾਂ ਦਾ ਹਿੰਦੂਤਵ ਮੋਹਨ ਦਾਸ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਵਾਲਾ ਹੈ। ਪੰਜਾਬ ਦੇ ਬੌਧਿਕ ਅਤੇ ਸਾਹਿਤਿਕ ਹਲਕਿਆਂ ਉੱਤੇ ਇਹਨਾਂ ਦੀ ਵੱਡੀ ਅਜਾਰੇਦਾਰੀ ਅਤੇ ਸਿੱਖਾਂ ਦੀ ਲਗਪਗ ਗੈਰਹਾਜ਼ਰੀ ਕਾਰਨ ਇਹਨਾਂ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ।

ਵੱਡਾ ਸੁਆਲ ਇਹ ਹੈ ਕਿ ਇਹਨਾਂ ਹਾਲਾਤਾਂ ਵਿੱਚ ਕੀਤਾ ਕੀ ਜਾ ਸਕਦਾ ਹੈ ?

ਇਹ ਸਮਝਣ ਦੀ ਲੋੜ ਹੈ ਕਿ ਬਿਰਤਾਂਤ ਵੀ ਇੱਕ ਹਥਿਆਰ ਹੈ। ਅੱਜ ਇਸ ਹਥਿਆਰ ਦੀ ਵਰਤੋਂ ਬਿਨਾਂ ਕੋਈ ਵੀ ਲੜਾਈ ਨਹੀਂ ਜਿੱਤੀ ਜਾ ਸਕਦੀ। ਫੌਜੀ ਤਾਕਤ ਵਿੱਚ ਭਾਵੇਂ ਫ਼ਲਸਤੀਨੀ ਇਸਰਾਇਲ ਦਾ ਮੁਕਾਬਲਾ ਨਹੀਂ ਕਰ ਸਕਦੇ, ਪਰ ਬਿਰਤਾਂਤ ਦੀ ਲੜਾਈ ਉਹਨਾਂ ਨੇ ਤਸੱਲੀ ਨਾਲ ਜਿੱਤੀ ਹੈ। ਇਸੇ ਲਈ ਜਦੋਂ ਸੰਯੁਕਤ ਰਾਸ਼ਟਰ ਵਿੱਚ ਫਲਸਤੀਨ ਦੇ ਮਸਲੇ ਉੱਤੇ ਵੋਟ ਪੈਂਦੀ ਹੈ ਤਾਂ 137 ਮੁਲਕ ਉਸਦੇ ਹੱਕ ਵਿੱਚ ਭੁਗਤਦੇ ਹਨ। ਇਸ ਬਿਰਤਾਂਤਕ ਜਿੱਤ ਦਾ ਅਸਲ ਕਾਰਨ ਮੁਸਲਮਾਨ ਵਿਦਵਾਨਾਂ ਦੀ ਬੌਧਿਕ ਕਾਬਲੀਅਤ ਹੈ। ਇਸ ਕਾਬਲੀਅਤ ਬਿਨਾਂ ਫਲਸਤੀਨ ਦਾ ਸੱਚ ਦੁਨੀਆਂ ਦੇ ਸਾਹਮਣੇ ਨਹੀਂ ਸੀ ਆਉਣਾ ਅਤੇ ਇਜ਼ਰਾਇਲ ਨੇ ਉਹਨਾਂ ਨੂੰ ਮਾਰਨਾ ਵੀ ਸੀ ਤੇ ਦੋਸ਼ੀ ਵੀ ਸਾਬਤ ਕਰਨਾ ਸੀ। ਪੰਜਾਬ ਵਿੱਚ ਇਹੀ ਹੋਇਆ ਹੈ।

ਦੂਜੀ ਮਿਸਾਲ ਕਸ਼ਮੀਰ ਦੀ ਲਈ ਜਾ ਸਕਦੀ ਹੈ। ਭਾਵੇਂ ਅੱਜ ਕਸ਼ਮੀਰ ਫੌਜੀ ਤੌਰ 'ਤੇ ਲਿਤਾੜਿਆ ਜਾ ਰਿਹੈ ਪਰ ਬਿਰਤਾਂਤ ਦੀ ਲੜਾਈ ਅਜੇ ਤੱਕ ਕਸ਼ਮੀਰੀਆਂ ਨੇ ਹੀ ਜਿੱਤੀ ਹੈ। ਕੱਲ ਦਾ ਪਤਾ ਨਹੀਂ। ਕਾਰਨ ਉਹੋ ਹੀ ਹੈ। ਕਸ਼ਮੀਰੀਆਂ ਦਾ ਪੱਛਮੀ ਤਰੀਕੇ ਦੀਆਂ ਸਿੱਖਿਆ ਸੰਸਥਾਵਾਂ ਵਿਚੋਂ ਸਿੱਖਿਅਤ ਵਰਗ ਕਸ਼ਮੀਰ ਦੀ ਆਜ਼ਾਦੀ ਦੀ ਹਮਾਇਤ ਕਰਦਾ ਹੈ ਪਰ ਪੰਜਾਬ ਦਾ ਸਿੱਖਿਅਤ ਵਰਗ ਪੰਜਾਬ ਦੇ ਹਮੇਸ਼ਾ ਉਲਟ ਹੀ ਚਲਦਾ ਹੈ। ਇਹ ਸੋਚਣ ਵਾਲੀ ਗੱਲ ਹੈ ਕਿ ਜੇ ਪੱਛਮੀ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹ ਕੇ ਵੀ ਮੁਸਲਮਾਨ ਵਿਦਿਆਰਥੀ ਪੱਛਮੀ ਸਾਮਰਾਜਵਾਦ ਦਾ ਵਿਰੋਧ ਕਰਦੇ ਹਨ, ਇਜ਼ਰਾਇਲ ਦੇ ਵਿਰੋਧ ਵਿੱਚ ਖੜ੍ਹਦੇ ਹਨ ਤਾਂ ਸਿੱਖ ਅਜਿਹਾ ਕਿਉਂ ਨਹੀਂ ਕਰ ਸਕਦੇ। ਇਸ ਘੁੰਡੀ ਨੂੰ ਸਮਝਣ ਨਾਲ ਸਾਡੇ ਭਵਿੱਖ ਦੀ ਤੰਦ ਜੁੜੀ ਹੋਈ ਹੈ।

ਗੱਲ ਇਹ ਹੈ ਕਿ ਮਸਲਾ ਪੱਛਮੀ ਵਿੱਦਿਆ ਦਾ ਨਹੀਂ, ਮਸਲਾ ਉਸ ਵਿੱਦਿਆ ਨੂੰ ਪ੍ਰਾਪਤ ਕਰਨ ਵਾਲਿਆਂ ਦੀ ਪ੍ਰਪੱਕਤਾ ਦਾ ਹੈ। ਜੇ ਤਲਵਾਰ ਨੂੰ ਤਲਵਾਰ ਨਾਲ ਹੀ ਕੱਟਿਆ ਜਾ ਸਕਦੈ ਤਾਂ ਬਿਰਤਾਂਤ ਨੂੰ ਵੀ ਬਿਰਤਾਂਤ ਨਾਲ ਹੀ ਕੱਟਿਆ ਜਾ ਸਕਦੈ। ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਇਥੇ ਕਿਰਪਾਨ ਚਲਾਉਣ ਵਾਲਿਆਂ ਨੇ ਕਦੇ ਢਿੱਲ ਨਹੀਂ ਦਿਖਾਈ ਪਰ ਬਿਰਤਾਂਤ ਸਿਰਜਣਾ ਦਾ ਅਮਲ ਅਜੇ ਬਹੁਤ ਪਿਛੇ ਹੈ। ਕਿਰਪਾਨ ਤੇ ਬਿਰਤਾਂਤ ਨਾ ਇੱਕ ਦੂਜੇ ਦੇ ਵਿਰੋਧੀ ਹਨ ਅਤੇ ਨਾ ਹੀ ਉਹ ਇੱਕ ਦੂਜੇ ਦੀ ਥਾਂ ਲੈ ਸਕਦੇ ਹਨ। ਉਹ ਇੱਕ ਦੂਜੇ ਦੇ ਪੂਰਕ ਹਨ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜ਼ਫ਼ਰਨਾਮੇ ਦੀ ਸਿਰਜਣਾ ਕੀਤੇ ਜਾਣਾ ਵੀ ਇਸੇ ਰਮਜ਼ ਦੀ ਦੱਸ ਪਾਉਂਦਾ ਹੈ।

ਇਹ ਵੇਲਾ ਬਿਰਤਾਂਤਕ ਸ਼ਕਤੀ ਦੀ ਸਿਰਜਣਾ ਦਾ ਵੇਲਾ ਹੈ। ਇਸ ਸ਼ਕਤੀ ਤੋਂ ਬਿਨਾਂ ਸਾਡੇ ਸੰਘਰਸ਼ ਹਮੇਸ਼ਾ ਹਾਰਦੇ ਰਹਿਣਗੇ। ਇਹ ਸ਼ਕਤੀ ਪੈਦਾ ਕਰਨ ਲਈ ਕੀ ਕੀਤਾ ਜਾਵੇ?

ਪ੍ਰੋ ਪੂਰਨ ਸਿੰਘ ਅਨੁਸਾਰ ਇਹ ਸ਼ਕਤੀ ਕਲਾਧਾਰੀ ਹੋਇਆਂ ਹੀ ਪੈਦਾ ਹੋ ਸਕਦੀ ਹੈ। ਹਰ ਕਿਸੇ ਅੰਦਰ ਵਾਹਿਗੁਰੂ ਨੇ ਕੋਈ ਨਾ ਕੋਈ ਕਲਾ ਬਖਸ਼ਿਸ਼ ਕੀਤੀ ਹੈ। ਲੋੜ ਉਸ ਕਲਾ ਨੂੰ ਪਛਾਣ ਕੇ ਤਰਾਸ਼ਣ ਦੀ ਹੀ ਹੁੰਦੀ ਹੈ। ਕਿਸੇ ਅੰਦਰ ਗਾਉਣ ਦੀ ਕਲਾ ਹੈ, ਕਿਸੇ ਅੰਦਰ ਗੀਤ ਲਿਖਣ ਦੀ, ਕੋਈ ਚੰਗਾ ਬੁਲਾਰਾ ਹੋ ਸਕਦੈ ਤੇ ਕੋਈ ਹੋਰ ਚੰਗਾ ਪ੍ਰਬੰਧਕ। ਕਿਸੇ ਨੂੰ ਫ਼ਿਲਮ ਬਣਾਉਣੀ ਆਉਂਦੀ ਹੈ ਤੇ ਕਿਸੇ ਹੋਰ ਕੋਲ ਉਸ ਫ਼ਿਲਮ ਦੇ ਵਿਸ਼ੇ ਅਨੁਸਾਰ ਸੰਗੀਤ ਪੈਦਾ ਕਰਨ ਦੀ ਕਲਾ ਹੁੰਦੀ ਹੈ। ਆਪਣੀ ਆਪਣੀ ਕਲਾ ਦੇ ਖੇਤਰ ਵਿੱਚ ਉੱਤਮਤਾ ਹਾਸਲ ਕਰਕੇ ਹੀ ਕੋਈ ਯੋਗਦਾਨ ਪਾਇਆ ਜਾ ਸਕਦੈ। ਜਿੰਨੀ ਸਾਡੀ ਕਲਾ ਵਿੱਚ ਨਿਪੁੰਨਤਾ ਹੋਵੇਗੀ, ਓਨਾ ਹੀ ਵੱਡਾ ਅਸੀਂ ਕੁਝ ਪੇਸ਼ ਕਰ ਸਕਾਂਗੇ।

ਪਰ ਅਜਿਹੀ ਕਲਾ ਪ੍ਰਾਪਤ ਕਰਨ ਲਈ ਜਿੰਦਗੀ ਗਾਲਣੀ ਪੈਂਦੀ ਹੈ। ਇਹ ਦਿਨਾਂ ਵਿੱਚ ਨਹੀਂ ਆਉਂਦੀ। ਵਰ੍ਹਿਆਂ ਦੇ ਵਰ੍ਹੇ ਲੱਗ ਜਾਂਦੇ ਹਨ। ਸੀਰੀਅਨ ਫਿਲਮ ਨਿਰਦੇਸ਼ਕ ਮੁਸਤਫ਼ਾ ਅਕੜ ਨੇ ਲੀਬੀਆ ਦੀ ਜੰਗ-ਏ-ਆਜ਼ਾਦੀ ਬਾਰੇ 1981 ਵਿੱਚ ਇੱਕ ਫ਼ਿਲਮ ਬਣਾਈ 'ਲਾਇਨ ਆਫ਼ ਦੀ ਡੀਜਸਰਟ' । ਅੱਜ ਤੱਕ ਇਸ ਫ਼ਿਲਮ ਨੂੰ ਲੀਬੀਆ ਦੀ ਜੰਗ-ਏ-ਆਜ਼ਾਦੀ ਦਾ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾਂਦਾ ਹੈ। ਜਦੋਂ ਬੰਦਾ ਫ਼ਿਲਮ ਵੇਖ ਕੇ ਹਟਦੈ ਤਾਂ ਉਸਦਾ ਮਨ ਉਸ ਜੰਗ ਦੇ ਆਗੂ ਉਮਰ ਮੁਖਤਾਰ ਲਈ ਕਿਸੇ ਡੂੰਘੇ ਸਤਿਕਾਰ ਨਾਲ ਭਰ ਜਾਂਦੈ। ਇਸ ਤਰਾਂ ਦੀਆਂ ਹੋਰ ਵੀ ਬਹੁਤ ਫ਼ਿਲਮਾਂ ਦੇ ਨਾਂ ਲਏ ਜਾ ਸਕਦੇ ਹਨ। ਇਹਨਾਂ ਸਾਰੀਆਂ ਫ਼ਿਲਮਾਂ ਵਿੱਚ ਸਾਂਝੀ ਗੱਲ ਇਹੋ ਹੈ ਕਿ ਇਹਨਾਂ ਨੂੰ ਬਣਾਉਣ ਵਾਲਿਆਂ ਨੇ ਪਹਿਲਾਂ ਆਪਣੀ ਜਿੰਦਗੀ ਦਾ ਵੱਡਾ ਹਿੱਸਾ ਇਸ ਕਲਾ ਨੂੰ ਸਿੱਖਣ ਲਈ ਅਰਪਣ ਕੀਤਾ ਤੇ ਫੇਰ ਜਾ ਕੇ ਫਿਲਮ ਬਣਾਈ।

ਪਰ ਸਾਡੇ ਉਲਟ ਹੈ। ਜੇ ਬੰਦੇ ਨੂੰ ਸੁੱਤੇ ਪਏ ਨੂੰ ਖਿਆਲ ਆ ਜਾਵੇ ਕਿ ਉਸਨੇ ਫ਼ਿਲਮ ਬਣਾਉਣੀ ਹੈ, ਜਾਂ ਗਾਇਕ ਬਣਨਾ ਹੈ ਜਾਂ ਪੱਤਰਕਾਰੀ ਕਰਨੀ ਹੈ ਤਾਂ ਉਹ ਅਗਲੇ ਹੀ ਦਿਨ ਉਸ ਕੰਮ ਵਿੱਚ ਜੁਟ ਜਾਂਦਾ ਹੈ। ਕੁਝ ਵੀ ਸਿੱਖਣ ਦੀ ਖੇਚਲ ਨਹੀਂ ਕਰਦਾ। ਇਸ ਅਮਲ ਵਿਚੋਂ ਜੋ ਕੁਝ ਸਾਹਮਣੇ ਆਉਂਦਾ ਹੈ ਉਸਦਾ ਹਾਲ ਸਾਡੇ ਸਾਰਿਆਂ ਦੇ ਸਾਹਮਣੇ ਹੀ ਹੈ।

ਇਹ ਲੜਾਈ ਬਹੁਤ ਲੰਮੀ ਹੈ। ਇੱਕ ਵਾਰ ਮੈਂ ਡਾ. ਗੁਰਭਗਤ ਸਿੰਘ ਨੂੰ ਮਿਲਣ ਗਿਆ ਤਾਂ ਉਹਨਾਂ ਨੇ ਮੈਨੂੰ ਦੋ ਗੱਲਾਂ ਕਹੀਆਂ ਸਨ, ਜੋ ਮੈਨੂੰ ਕਦੇ ਵੀ ਨਹੀਂ ਭੁੱਲੀਆਂ।

ਪਹਿਲੀ ਇਹ ਕਿ ਅਜਿਹੇ ਸੰਘਰਸ਼ ਲਈ ਸਾਰੀ ਉਮਰ ਦੀ ਪ੍ਰਤੀਬੱਧਤਾ ਚਾਹੀਦੀ ਹੁੰਦੀ ਹੈ। ਜਦੋਂ ਕੋਈ ਸੰਘਰਸ਼ ਇੱਕ ਵਾਰ ਟੁੱਟ ਜਾਵੇ ਤਾਂ ਉਸਨੂੰ ਦੁਬਾਰਾ ਖੜ੍ਹਾ ਕਰਨ ਲਈ ਬਹੁਤ ਲੰਮੇ ਅਮਲ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਲਈ ਕਾਹਲੀ ਤੋਂ ਨਹੀਂ, ਤਹੱਮਲ ਤੋਂ ਕੰਮ ਲਿਆ ਜਾਵੇ।

ਦੂਜੀ ਗੱਲ ਉਹਨਾਂ ਇਹ ਦੱਸੀ ਕਿ ਜੇ ਇਸ ਰਾਹ ਤੁਰਨਾ ਹੈ ਕਿ ਸਿਰ 'ਤੇ ਖ਼ੱਫਣ ਬੰਨ੍ਹ ਕੇ ਤੁਰੋ। ਜੇ ਇੱਕ ਵਾਰੀ ਤੁਰ ਪਏ ਤਾਂ ਪਿਛੇ ਹਟਣ, ਡਰਨ, ਜਾਂ ਝੁਕਣ ਦਾ ਸੁਆਲ ਵੀ ਪੈਦਾ ਵੀ ਨਹੀਂ ਹੋਣਾ ਚਾਹੀਦਾ।

(ਬਾਕੀ ਸਫ਼ਾ 31 'ਤੇ)

# ਕਈ ਮਸਲਿਆਂ ਦਾ ਹੱਲ ਹੈ ਹਾਈਡ੍ਰੋਜਨ ਈਂਧਨ

ਸਿਰਜਣ ਪਾਲ ਸਿੰਘ

ਦੁਨੀਆਂ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿੱਚ 14 ਭਾਰਤ ਵਿੱਚ ਹਨ। ਅਸੀਂ ਸਾਰੇ ਸਰਦੀਆਂ ਦੀ ਦਸਤਕ ਦੇ ਨਾਲ ਰਾਸ਼ਟਰੀ ਰਾਜਧਾਨੀ ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿੱਚ ਪ੍ਰਦੂਸ਼ਣ ਬਾਰੇ ਖ਼ਬਰਾਂ ਸੁਣਦੇ ਹਾਂ। ਇਸ ਦੌਰਾਨ ਸ਼ਹਿਰਾਂ ਦਾ ਏਅਰ ਕੁਆਲਿਟੀ ਇੰਡੈਕਸ ਅਰਥਾਤ ਏਕਿਊਆਈ ਖ਼ਤਰਨਾਕ ਪੱਧਰ ਨੂੰ ਲੰਘ ਜਾਂਦਾ ਹੈ। ਫਿਰ ਬਹਿਸ ਸ਼ੁਰੂ ਹੁੰਦੀ ਹੈ। ਇਕ-ਦੂਜੇ 'ਤੇ ਦੋਸ਼ ਲਗਾਏ ਜਾਣ ਲੱਗਦੇ ਹਨ। ਇਸ ਸਭ ਵਿੱਚ ਸਿਆਸੀ ਪਾਰਟੀਆਂ ਬਹੁਤ ਵਧ-ਚੜ੍ਹ ਕੇ ਹਿੱਸਾ ਲੈਂਦੀਆਂ ਹਨ। ਹਰ ਇੱਕ ਪਾਰਟੀ ਦੂਜੀ ਨੂੰ ਦੋਸ਼ ਦੇਣ ਲੱਗਦੀ ਹੈ।ਇਸ ਬਹਿਸ ਦੌਰਾਨ ਕੁਝ ਖ਼ਾਸ ਤੱਥਾਂ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਜਿਵੇਂ ਕਿ ਭਾਰਤ ਵਿਚ ਹਵਾ ਪ੍ਰਦੂਸ਼ਣ ਨਾਲ ਹਰ ਸਾਲ ਲਗਪਗ 23 ਲੱਖ ਲੋਕਾਂ ਦੀ ਮੌਤ ਹੁੰਦੀ ਹੈ। ਇਹ ਗਿਣਤੀ ਕੋਵਿਡ-19 ਕਾਰਨ ਹੋਈਆਂ ਕੁੱਲ ਮੌਤਾਂ ਦਾ ਚਾਰ ਗੁਣਾ ਹੈ। ਕੀ ਇਸ ਸਥਿਤੀ ਦਾ ਕੋਈ ਠੋਸ ਹੱਲ ਹੈ ਜੋ ਜੀਵਨ ਦੀ ਸਰਲਤਾ ਦੇ ਸਾਧਨਾਂ ਨਾਲ ਸਮਝੌਤਾ ਕੀਤੇ ਬਿਨਾਂ ਵਾਤਾਵਰਨ ਨੂੰ ਵੀ ਨੁਕਸਾਨ ਨਾ ਪਹੁੰਚਾਏ। ਹਾਈਡ੍ਰੋਜਨ ਈਂਧਨ ਦੇ ਰੂਪ ਵਿੱਚ ਅਜਿਹਾ ਇਕ ਹੱਲ ਸਾਡੀ ਪਹੁੰਚ ਵਿੱਚ ਦਿਸ ਰਿਹਾ ਹੈ। ਹਾਈਡ੍ਰੋਜਨ ਬ੍ਰਹਿਮੰਡ ਵਿੱਚ ਸਭ ਤੋਂ ਹਲਕਾ ਤੱਤ ਹੈ। ਕਾਫ਼ੀ ਮਾਤਰਾ ਵਿੱਚ ਉਪਲਬਧ ਹੋਣ ਦੇ ਬਾਵਜੂਦ ਪ੍ਰਾਪਤੀ ਦੇ ਪੱਧਰ 'ਤੇ ਇਹ ਕੁਝ ਦੁਰਲਭ ਵੀ ਹੈ। ਅਜਿਹਾ ਇਸ ਲਈ ਕਿਉਂਕਿ ਜ਼ਿਆਦਾਤਰ ਹਾਈਡ੍ਰੋਜਨ ਪਾਣੀ ਦੇ ਇੱਕ ਮੁੱਖ ਭਾਗ ਦੇ ਰੂਪ ਵਿੱਚ ਮੌਜੂਦ ਹੈ। ਹਰੇਕ ਪਾਣੀ ਦੇ ਅਣੂ ਵਿੱਚ ਆਕਸੀਜਨ ਦੇ ਇੱਕ ਪਰਮਾਣੂ ਦੇ ਨਾਲ ਹਾਈਡ੍ਰੋਜਨ ਦੇ ਦੋ ਪਰਮਾਣੂ ਹੁੰਦੇ ਹਨ। ਜੇ ਪਾਣੀ ਨੂੰ ਇਲੈਕਟ੍ਰੋਲਿਸਿਸ ਨਾਮਕ ਇੱਕ ਰਸਾਇਣਕ ਪ੍ਰਕਿਰਿਆ 'ਚੋਂ ਗੁਜ਼ਾਰਿਆ ਜਾਂਦਾ ਹੈ ਜਿਸ ਵਿੱਚ ਉਸ ਵਿੱਚ ਕਰੰਟ ਪ੍ਰਵਾਹਿਤ ਕੀਤਾ ਜਾਂਦਾ ਹੈ, ਤਦ ਪਾਣੀ ਦਾ ਅਣੂ ਟੁੱਟ ਜਾਂਦਾ ਹੈ ਅਤੇ ਹਾਈਡ੍ਰੋਜਨ ਈਂਧਨ ਦਾ ਉਤਪਾਦਨ ਸੰਭਵ ਹੋ ਸਕਦਾ ਹੈ। ਹਾਈਡ੍ਰੋਜਨ ਇੱਕ ਸਿਫ਼ਰ-ਨਿਕਾਸੀ ਈਂਧਨ ਹੈ। ਅਰਥਾਤ ਉਸ ਨੂੰ ਸਾੜਨ ਨਾਲ ਕੋਈ ਪ੍ਰਦੂਸ਼ਣ ਨਹੀਂ ਹੁੰਦਾ। ਊਰਜਾ ਉਤਪੰਨ ਕਰਨ ਲਈ ਇਸ ਨੂੰ ਆਕਸੀਜਨ ਦੇ ਨਾਲ ਜਲਾਇਆ ਜਾਂਦਾ ਹੈ। ਅਜਿਹਾ ਕਰਨ ਵਿੱਚ ਸਿਰਫ਼ ਜਲ ਵਾਸ਼ਪ ਇੰਜਨ ਤੋਂ ਬਾਹਰ ਨਿਕਲਦਾ ਹੈ ਹਾਈਡ੍ਰੋਜਨ ਈਂਧਨ ਨੂੰ ਵਿਆਪਕ ਪੱਧਰ 'ਤੇ ਇਸਤੇਮਾਲ



ਵਿੱਚ ਲਿਆਉਣ ਤੋਂ ਪਹਿਲਾਂ ਸਾਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਹਾਈਡ੍ਰੋਜਨ ਈਂਧਨ ਨੂੰ ਉਤਪੰਨ ਕਰਨ ਲਈ ਇਸਤੇਮਾਲ ਕੀਤੀ ਜਾਣ ਵਾਲੀ ਬਿਜਲੀ ਸੂਰਜੀ ਤੇ ਪੌਣ ਊਰਜਾ ਵਰਗੇ ਗਰੀਨ ਨਵਿਆਉਣਯੋਗ ਸਰੋਤਾਂ ਤੋਂ ਹੋਵੇ। ਇਸ ਤਰ੍ਹਾਂ ਦੇ ਹਾਈਡ੍ਰੋਜਨ ਨੂੰ ਗਰੀਨ ਹਾਈਡ੍ਰੋਜਨ ਕਿਹਾ ਜਾਂਦਾ ਹੈ। ਇਸ ਪ੍ਰਕਿਰਿਆ ਤਹਿਤ ਕਾਰਬਨ ਡਾਈਆਕਸਾਈਡ ਜਾਂ ਕੋਈ ਹੋਰ ਹਾਨੀਕਾਰਕ ਕਣ ਨਹੀਂ ਬਣਦਾ। ਨਾਲ ਹੀ ਹਵਾ ਦੀ ਗੁਣਵੱਤਾ ਯਾਨੀ ਏਕਿਊਆਈ ਨੂੰ ਨੁਕਸਾਨ ਨਹੀਂ ਪਹੁੰਚਦਾ। ਭਾਰਤੀ ਉਦਯੋਗ ਜਗਤ ਵਿੱਚ ਵੀ ਗਰੀਨ ਹਾਈਡ੍ਰੋਜਨ ਨੂੰ ਵਿਆਪਕ ਪੱਧਰ 'ਤੇ ਅਪਣਾਇਆ ਜਾ ਰਿਹਾ ਹੈ। ਰਿਲਾਇੰਸ ਵਰਗੀ ਦਿੱਗਜ ਕੰਪਨੀ ਇਸ ਵਿੱਚ ਅਰਬਾਂ ਰੁਪਏ ਦਾ ਨਿਵੇਸ਼ ਕਰ ਰਹੀ ਹੈ।

ਟਾਟਾ ਅਤੇ ਮਹਿੰਦਰਾ ਦੇ ਨਾਲ-ਨਾਲ ਟਿਓਟਾ ਅਤੇ ਕਮਿੰਸ ਵਰਗੀਆਂ ਕੰਪਨੀਆਂ ਕਾਰਾਂ ਅਤੇ ਟਰੱਕਾਂ ਲਈ ਹਾਈਡ੍ਰੋਜਨ ਇੰਜਨ ਵਿਕਸਤ ਕਰਨ 'ਤੇ ਤੇਜ਼ੀ ਨਾਲ ਅੱਗੇ ਵਧ ਰਹੀਆਂ ਹਨ। ਇਹ ਸਿਲਸਿਲਾ ਇਸੇ ਤਰ੍ਹਾਂ ਕਾਇਮ ਰਿਹਾ ਤਾਂ ਤੁਸੀਂ ਸੰਨ 2030 ਤੱਕ ਰੋਜ਼ਾਨਾ ਇੱਕ ਹਾਈਡ੍ਰੋਜਨ ਬੱਸ, ਇੱਕ ਹਾਈਡ੍ਰੋਜਨ ਟਰੇਨ ਦੀ ਸਵਾਰੀ ਕਰਨ ਅਤੇ ਇੱਕ ਹਾਈਡ੍ਰੋਜਨ ਈਂਧਨ ਕਾਰ ਦੇ ਮਾਲਕ ਹੋਣ ਦੀ ਉਮੀਦ ਕਰ ਸਕਦੇ ਹੋ। ਇਸ ਤੋਂ ਨਿਕਲਣ ਵਾਲਾ ਪਾਣੀ ਵੀ ਇੰਨਾ ਸਾਫ਼ ਹੋਵੇਗਾ ਕਿ ਉਸ ਦਾ ਸੇਵਨ ਤੱਕ ਕੀਤਾ ਜਾ ਸਕਦਾ ਹੈ। ਬੀਤੇ ਸਾਲ ਨਵੀਂ ਦਿੱਲੀ ਵਿਚ ਹੋਈ ਜੀ-20 ਸਿਖ਼ਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਈਡ੍ਰੋਜਨ ਈਂਧਨ ਦੇ ਰਾਹ 'ਤੇ ਚੱਲਣ ਦਾ ਦ੍ਰਿਸ਼ਟੀਕੋਣ ਪੇਸ਼ ਕੀਤਾ ਸੀ। ਭਾਰਤੀ ਕੰਪਨੀਆਂ ਇਸ ਪ੍ਰਕਿਰਿਆ ਨੂੰ ਸਫਲ ਬਣਾਉਣ ਵਿੱਚ ਵਿਸ਼ਵ ਦੀ ਅਗਵਾਈ ਵੀ ਕਰ ਰਹੀਆਂ ਹਨ। ਕੁਦਰਤੀ ਗੈਸ ਤੋਂ ਵੀ ਹਾਈਡ੍ਰੋਜਨ ਈਂਧਨ ਬਣਾਇਆ ਜਾ ਸਕਦਾ ਹੈ। ਸੰਯੁਕਤ ਅਰਬ ਅਮੀਰਾਤ ਅਤੇ ਸਾਊਦੀ ਅਰਬ ਵਰਗੇ ਪੈਟਰੋਲੀਅਮ ਖ਼ੁਸ਼ਹਾਲ ਦੇਸ਼ ਵੀ ਹੁਣ ਇਹੀ ਬਦਲ ਅਪਣਾ ਰਹੇ ਹਨ। ਹਾਲਾਂਕਿ ਇਸ ਪ੍ਰਕਿਰਿਆ ਵਿੱਚ ਹਾਨੀਕਾਰਕ ਕਾਰਬਨ ਡਾਈਆਕਸਾਈਡ ਨਿਕਲਦੀ ਹੈ। ਇਸੇ ਲਈ ਇਸ ਨੂੰ 'ਗ੍ਰੇ ਹਾਈਡ੍ਰੋਜਨ' ਕਿਹਾ ਜਾਂਦਾ ਹੈ।

ਭਾਵੇਂ ਹੀ ਕਾਰਬਨ ਡਾਈਆਕਸਾਈਡ ਨੂੰ ਕਿਸੇ ਟੈਕਨਾਲੋਜੀ ਨਾਲ ਵਾਯੂਮੰਡਲ ਵਿੱਚ ਜਾਣ ਤੋਂ ਕੁਝ ਹੱਦ ਤੱਕ ਰੋਕਿਆ ਜਾਵੇ ਤਦ ਵੀ ਇਹ ਪੂਰੀ ਤਰ੍ਹਾਂ ਸਵੱਛ ਪ੍ਰਕਿਰਿਆ ਨਹੀਂ ਹੈ। ਅਜਿਹੇ ਕਿਸੇ ਤਕਨੀਕੀ ਦਖ਼ਲ ਦੀ ਸਥਿਤੀ ਵਿੱਚ ਇਸ ਨੂੰ ਬਲਿਊ ਹਾਈਡ੍ਰੋਜਨ ਈਂਧਨ ਕਿਹਾ ਜਾਂਦਾ ਹੈ। ਕਾਰਬਨ ਨਿਕਾਸੀ ਇਸ ਸਮੇਂ ਵਿਸ਼ਵ ਦੀ ਮੁੱਖ ਸਮੱਸਿਆ ਹੈ। ਵਿਸ਼ਵ ਦੀ 24 ਪ੍ਰਤੀਸ਼ਤ ਕਾਰਬਨ ਨਿਕਾਸੀ ਲਈ ਟਰਾਂਸਪੋਰਟ ਖੇਤਰ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਦਿੱਲੀ ਵਰਗੇ ਸ਼ਹਿਰ ਵਿੱਚ ਤਾਂ ਇਹ ਅੰਕੜਾ 30 ਪ੍ਰਤੀਸ਼ਤ ਤੋਂ ਉੱਪਰ ਹੈ। ਗਰੀਨ ਹਾਈਡ੍ਰੋਜਨ ਵਾਹਨਾਂ ਨਾਲ ਅਸੀਂ ਇਸ ਪ੍ਰਦੂਸ਼ਣ ਨੂੰ ਸਿਫ਼ਰ ਕਰ ਦਿਆਂਗੇ। ਸਿਰਫ਼ ਇਸੇ ਨਾਲ ਦਿੱਲੀ ਦੀ ਹਵਾ ਪ੍ਰਦੂਸ਼ਣ ਦੇ ਗੰਭੀਰ ਪੱਧਰ ਤੋਂ ਦਰਮਿਆਨੇ ਪੱਧਰ 'ਤੇ ਆ ਜਾਵੇਗੀ। ਸਿਰਫ਼ ਇਸ ਪਹਿਲ ਨਾਲ ਸਾਲਾਨਾ 23 ਲੱਖ ਲੋਕਾਂ ਦੀ ਜਾਨ ਬਚਾਉਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਹਰੇਕ ਭਾਰਤੀ ਦੀ ਔਸਤ ਉਮਰ ਲਗਪਗ 5.8 ਸਾਲ ਵਧ ਜਾਵੇਗੀ। ਇਸ ਦੇ ਆਰਥਿਕ ਫ਼ਾਇਦੇ ਵੀ ਘੱਟ ਮਹੱਤਵਪੂਰਨ ਨਹੀਂ ਹਨ। ਤੇਲ ਅਤੇ ਗੈਸ ਦੀ ਦਰਾਮਦ ਸਾਡੀ ਆਰਥਿਕਤਾ 'ਤੇ ਇਕ ਵੱਡਾ ਬੋਝ ਹੈ। ਭਾਰਤ ਨੇ ਸੰਨ 2022 ਵਿੱਚ ਪੈਟਰੋਲੀਅਮ ਦਰਾਮਦ ਲਈ 12 ਲੱਖ ਕਰੋੜ ਰੁਪਏ ਦਾ ਭੁਗਤਾਨ ਕੀਤਾ।

ਇਹ ਸਿੱਖਿਆ 'ਤੇ ਕੀਤੇ ਗਏ ਖ਼ਰਚੇ ਦਾ 18 ਗੁਣਾ ਜਾਂ ਸਿਹਤ ਦੇਖਭਾਲ 'ਤੇ ਸਾਡੇ ਕੁੱਲ ਖ਼ਰਚੇ ਦਾ 14 ਗੁਣਾ ਹੈ। ਕਲਪਨਾ ਕਰੋ ਕਿ ਜੋ ਧਨ ਅਸੀਂ ਤੇਲ ਨਾਲ ਖ਼ੁਸ਼ਹਾਲ ਦੇਸ਼ਾਂ ਨੂੰ ਦੇਣ ਲਈ ਮਜਬੂਰ ਹਾਂ ਉਸ ਨੂੰ ਅਸੀਂ ਆਪਣੇ ਵਿਕਾਸ 'ਤੇ ਨਿਵੇਸ਼ ਕਰੀਏ ਤਾਂ ਇਸ ਦਾ ਪ੍ਰਭਾਵ ਕਿੰਨਾ ਵਿਆਪਕ ਹੋਵੇਗਾ।

(ਬਾਕੀ ਸਫ਼ਾ 31 'ਤੇ)

# ਮਹਿੰਗਾਈ ਰੋਕਣ ਲਈ ਕੀ ਯਤਨ ਹੋਣ ?



ਡਾ. ਸ. ਸ. ਛੀਨਾ

ਇੱਕ ਅੰਦਾਜ਼ੇ ਅਨੁਸਾਰ 1960 ਤੋਂ ਲੈ ਕੇ ਹੁਣ ਤੱਕ ਵਸਤੂਆਂ ਤੇ ਸੇਵਾਵਾਂ ਦੀ ਮਹਿੰਗਾਈ ਵਿੱਚ 90 ਗੁਣਾ ਦਾ ਵਾਧਾ ਹੋ ਚੁੱਕਾ ਹੈ। ਜਿਹੜੀ ਵਸਤੂ ਉਸ ਵਕਤ ਇੱਕ ਰੁਪਏ ਵਿੱਚ ਖ਼ਰੀਦੀ ਜਾਂਦੀ ਸੀ, ਉਹ ਹੁਣ 90 ਰੁਪਏ ਦੀ ਖ਼ਰੀਦੀ ਜਾਂਦੀ ਹੈ। ਦੂਸਰੇ ਸ਼ਬਦਾਂ ਵਿੱਚ ਪੈਸੇ ਦੀ ਕੀਮਤ 90 ਗੁਣਾ ਘਟ ਗਈ ਹੈ ਭਾਵੇਂ ਕਿ ਪੈਸੇ ਦੀ ਕੀਮਤ ਕਦੇ ਵੀ ਸਿਫ਼ਰ ਤਾਂ ਨਹੀਂ ਹੋ ਸਕਦੀ ਪਰ ਇਹ ਸੱਚਾਈ ਤਾਂ ਸਾਹਮਣੇ ਹੈ ਕਿ ਹੁਣ 50 ਪੈਸੇ ਅਤੇ ਉਸ ਤੋਂ ਛੋਟੇ ਸਿੱਕੇ ਨਜ਼ਰ ਹੀ ਨਹੀਂ ਆਉਂਦੇ ਜਿਨ੍ਹਾਂ ਦੀ 1960 ਤੋਂ ਪਹਿਲਾਂ ਵੱਡੀ ਮਹੱਤਤਾ ਸੀ ਅਤੇ ਬੱਸਾਂ ਤੇ ਰੇਲਾਂ ਦੇ ਕਿਰਾਏ ਕੁਝ ਪੈਸਿਆਂ ਵਿੱਚ ਹੀ ਸਨ। ਇਸ ਮਹਿੰਗਾਈ ਨਾਲ ਆਮ ਆਦਮੀ ਅਤੇ ਖ਼ਾਸ ਕਰਕੇ ਉਜਰਤ ਕਮਾਉਣ ਵਾਲਾ ਵਿਅਕਤੀ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ ਕਿਉਂ ਜੋ ਮਹਿੰਗਾਈ ਪਹਿਲਾਂ ਵਧਦੀ ਹੈ ਅਤੇ ਉਜਰਤਾਂ ਬਾਅਦ ਵਿੱਚ ਵਧਦੀਆਂ ਹਨ। ਪਿਛਲੇ 9 ਸਾਲਾਂ ਵਿੱਚ ਹੀ ਕਣਕ ਦੀ ਕੀਮਤ 53 ਫ਼ੀਸਦੀ, ਦਾਲਾਂ 56%, ਬਾਸਮਤੀ, ਘਿਉ 70 ਫ਼ੀਸਦੀ, ਸਬਜ਼ੀਆਂ 45 ਪ੍ਰਤੀਸ਼ਤ, ਸੂਰਜਮੁਖੀ ਦਾ ਤੇਲ 41% ਅਤੇ ਇਸ ਤਰ੍ਹਾਂ ਹੀ ਹੋਰ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ ਜਿਹੜੀਆਂ ਆਮ ਵਿਅਕਤੀ ਵੱਲੋਂ ਵਰਤੀਆਂ ਜਾਂਦੀਆਂ ਹਨ। ਭਾਵੇਂ ਕੀਮਤਾਂ ’ਚ ਵਾਧਾ ਤਾਂ ਦੁਨੀਆ ਭਰ ਵਿਚ ਹੋਇਆ ਹੈ ਪਰ ਦੁਨੀਆ ਦੇ ਵਿਕਸਤ ਦੇਸ਼ਾਂ ’ਚ ਇਹ ਘੱਟ ਰ਼ਫਤਾਰ ਨਾਲ ਹੋਇਆ ਹੈ ਜਦਕਿ ਵਿਕਾਸਸ਼ੀਲ ਦੇਸ਼ਾਂ ਖ਼ਾਸ ਕਰਕੇ ਉਨ੍ਹਾਂ ਵਿਚ ਜਿੱਥੇ ਵੱਡੀ ਆਮਦਨ ਨਾਬਰਾਬਰੀ ਹੈ, ਉੱਥੇ ਇਹ ਜ਼ਿਆਦਾ ਰਫ਼ਤਾਰ ਨਾਲ ਹੋਇਆ ਹੈ। ਭਾਰਤ ਵਿੱਚ ਇਸ ਦੀ ਦਰ ਹਰ ਸਾਲ 6 ਫ਼ੀਸਦੀ ਤੋਂ ਉੱਪਰ ਰਹੀ ਹੈ ਜਦਕਿ ਇਸ ਦੇ ਹਿਸਾਬ ਨਾਲ ਆਮਦਨ ’ਚ ਹਰ ਸਾਲ 6% ਦਾ ਵਾਧਾ ਨਹੀਂ ਹੋਇਆ। ਆਮਦਨ ਦੀ ਨਾਬਰਾਬਰੀ ਵੀ ਇਨ੍ਹਾਂ ਸਾਲਾਂ ’ਚ ਤੇਜ਼ੀ ਨਾਲ ਵਧੀ ਹੈ। ਇੱਕ ਅੰਦਾਜ਼ੇ ਅਨੁਸਾਰ ਹੇਠਾਂ ਦੀ ਆਮਦਨ ਵਾਲੇ 20 ਫ਼ੀਸਦੀ ਲੋਕਾਂ ਦੀ ਆਮਦਨ 2016 ਤੋਂ 2021 ਵਿਚਾਲੇ 20 ਫ਼ੀਸਦੀ ਘਟੀ ਹੈ ਜਦਕਿ ਉੱਪਰਲੀ ਆਮਦਨ ਵਾਲੇ 20% ਲੋਕਾਂ ਦੀ ਆਮਦਨ 20 ਪ੍ਰਤੀਸ਼ਤ ਦੀ ਦਰ ਨਾਲ ਵਧੀ ਹੈ। ਇਸ ਵਧਦੀ ਮਹਿੰਗਾਈ ਜਾਂ ਮੁਦਰਾ ਸਫੀਤੀ ਨੂੰ ਰੋਕਣਾ ਸਰਕਾਰ ਸਾਹਮਣੇ ਵੱਡੀ ਚੁਣੌਤੀ ਬਣੀ ਹੋਈ ਹੈ। ਵੀਹਵੀਂ ਸਦੀ ਵਿੱਚ ਕੀਮਤਾਂ ਦੇ ਵਧਣ ਅਤੇ ਕੀਮਤਾਂ ਦੇ ਘਟਣ ਦੀਆਂ ਦੋ ਇਤਿਹਾਸਕ ਘਟਨਾਵਾਂ ਵਰਣਨਯੋਗ ਹਨ। ਸੰਨ 1927 ਤੋਂ ਬਾਅਦ ਦੁਨੀਆ ਭਰ ਦੇ ਦੇਸ਼ਾਂ ਵਿੱਚ ਕੀਮਤਾਂ ਘਟਣੀਆਂ ਸ਼ੁਰੂ ਹੋ ਗਈਆਂ। ਇਹ ਸਭ ਤੋਂ ਪਹਿਲਾਂ ਉਸ ਵੇਲੇ ਦੇ ਦੁਨੀਆ ਦੇ ਸਭ ਤੋਂ ਵਿਕਸਤ ਦੇਸ਼ ਇੰਗਲੈਂਡ ’ਚ ਘਟੀਆਂ ਤੇ ਫਿਰ ਹੋਰ ਦੇਸ਼ਾਂ ’ਚ। ਇਹ ਪਹਿਲਾਂ ਉਦਯੋਗਿਕ ਵਸਤੂਆਂ ਦੀਆਂ ਘਟਣੀਆਂ ਸ਼ੁਰੂ ਹੋਈਆਂ ਅਤੇ ਫਿਰ ਖੇਤੀਬਾੜੀ ਤੇ ਹੋਰ ਵਸਤੂਆਂ ਦੀਆਂ। ਇਸ ਦਾ ਮਾੜਾ ਪ੍ਰਭਾਵ ਇਹ ਪਿਆ ਕਿ ਕੀਮਤਾਂ ਘਟਣ ਨਾਲ ਉਤਪਾਦਕ ਇਕਾਈਆਂ ਦੇ ਲਾਭ ਘਟਣ ਲੱਗ ਪਏ ਤੇ ਉਨ੍ਹਾਂ ਨੇ ਆਪਣੇ ਕਾਰਖਾਨੇ ਬੰਦ ਕਰ ਦਿੱਤੇ ਜਿਸ ਨਾਲ ਬੇਰੁਜ਼ਗਾਰੀ ਦੁਨੀਆਂ ਭਰ ’ਚ ਫੈਲ ਗਈ।




ਦੂਸਰੀ ਸੰਸਾਰ ਜੰਗ ਤੋਂ ਬਾਅਦ ਕੀਮਤਾਂ ਵਿੱਚ ਵੱਡੇ ਵਾਧੇ ਹੋਣ ਲੱਗ ਪਏ। ਜਰਮਨੀ ਵਿੱਚ ਕੀਮਤਾਂ ਇਸ ਹੱਦ ਤੱਕ ਵਧ ਗਈਆਂ ਕਿ ਇਹ ਮਿਸਾਲ ਦਿੱਤੀ ਜਾਂਦੀ ਸੀ ਕਿ ਲੋਕ ਥੈਲਿਆਂ ਵਿੱਚ ਪੈਸੇ ਲੈ ਕੇ ਜਾਂਦੇ ਹਨ ਅਤੇ ਜੇਬਾਂ ਵਿੱਚ ਵਸਤੂਆਂ ਪਾ ਕੇ ਲਿਆਉਂਦੇ ਹਨ। ਕੀਮਤਾਂ ਘਟਣੀਆਂ ਵੀ ਠੀਕ ਨਹੀਂ ਕਿਉਂ ਜੋ ਬੇਰੁਜ਼ਗਾਰੀ ਪੈਦਾ ਕਰਦੀਆਂ ਹਨ ਤੇ ਕੀਮਤਾਂ ਵਧਣੀਆਂ ਵੀ ਠੀਕ ਨਹੀਂ ਜੋ ਆਮ ਵਿਅਕਤੀ ਲਈ ਮੁਸ਼ਕਲਾਂ ਪੈਦਾ ਕਰਦੀਆਂ ਹਨ। ਇਹ ਸਥਿਰ ਰਹਿਣੀਆਂ ਹੀ ਠੀਕ ਹਨ। ਉਨ੍ਹਾਂ ਦੋਵਾਂ ਮੌਕਿਆਂ ’ਤੇ ਸਿਰਫ਼ ਸੋਵੀਅਤ ਯੂਨੀਅਨ ਹੀ ਇੱਕ ਉਹ ਦੇਸ਼ ਸੀ ਜਿੱਥੇ ਨਾ ਕੀਮਤਾਂ ਘਟੀਆਂ ਸਨ ਕਿਉਂ ਜੋ ਉਨ੍ਹਾਂ ’ਤੇ ਸਰਕਾਰ ਦਾ ਕੰਟਰੋਲ ਸੀ ਅਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਨਾ ਕੀਮਤਾਂ ਵਧੀਆਂ ਸਨ। ਜਰਮਨੀ ’ਚ ਉਦਯੋਗਿਕ ਵਸਤੂਆਂ ਦੀਆਂ ਕੀਮਤਾਂ ’ਤੇ ਕਾਬੂ ਪਾਉਣ ਲਈ ਏਕਾਧਿਕਾਰ ਮੁਕਾਬਲੇ ਨੂੰ ਖ਼ਤਮ ਕਰ ਕੇ ਵਸਤੂਆਂ ਦੀ ਉਤਪਾਦਨ ਲਾਗਤ ਨੂੰ ਘਟਾਉਣ ਦੀ ਗੱਲ ਦੱਸੀ ਜਾਂਦੀ ਹੈ। ਉਸ ਵੇਲੇ ਕੰਪਨੀਆਂ ਵੱਲੋਂ ਵਿਕਰੀ ਵਧਾਉਣ ਲਈ ਕੀਤੀ ਜਾਣ ਵਾਲੀ ਮਸ਼ਹੂਰੀ ਦੀ ਲਾਗਤ ਨੂੰ ਖ਼ਤਮ ਕੀਤਾ ਗਿਆ। ਕਈ ਵਸਤੂਆਂ ਨੂੰ ਲੋਕਾਂ ’ਚ ਪ੍ਰਚਲਿਤ ਕਰਨ ਲਈ ਉਸ ਵਸਤੂ ਦੀ ਲਾਗਤ ਤੋਂ ਕਈ ਗੁਣਾ ਜ਼ਿਆਦਾ ਮਸ਼ਹੂਰੀ ਦੀ ਲਾਗਤ ਆਉਂਦੀ ਹੈ ਜਿਸ ਤਰ੍ਹਾਂ ਸਾਬਣ, ਚਾਹ, ਟੁੱਥ ਪੇਸਟ, ਪਾਲਿਸ਼ ਆਦਿ ਅਨੇਕਾਂ ਵਸਤੂਆਂ ਦੇ ਅਖ਼ਬਾਰਾਂ, ਰਸਾਲਿਆਂ, ਟੀਵੀ, ਸਿਨੇਮਾ ਆਦਿ ’ਚ ਦਿੱਤੇ ਜਾਂਦੇ ਇਸ਼ਤਿਹਾਰਾਂ ਨਾਲ ਕੀਤੀਆਂ ਜਾਣ ਵਾਲੀਆਂ ਮਸ਼ਹੂਰੀਆਂ ’ਤੇ ਵੱਡਾ ਖ਼ਰਚ ਆਉਂਦਾ ਹੈ। ਉਸ ਵੇਲੇ ਜਰਮਨੀ ’ਚ ਏਕਾਧਿਕਾਰ ਮੁਕਾਬਲੇ ਨੂੰ ਖ਼ਤਮ ਕੀਤਾ ਗਿਆ ਜਿਸ ਨਾਲ ਗ਼ੈਰ ਜ਼ਰੂਰੀ ਮੁਕਾਬਲਾ ਖ਼ਤਮ ਹੋ ਗਿਆ। ਇੱਕ ਤਾਂ ਮਸ਼ਹੂਰੀ ਦੀ ਲਾਗਤ ਖ਼ਤਮ ਕੀਤੀ ਗਈ ਤੇ ਦੂਸਰਾ, ਵਸਤੂਆਂ ਨੂੰ ਜਦੋਂ ਇਕ ਹੀ ਏਕਾਧਿਕਾਰ ਕੰਪਨੀ ਖ਼ਰੀਦਦੀ ਸੀ ਤਾਂ ਉਹ ਕਾਫ਼ੀ ਸਸਤੀਆਂ ਮਿਲ ਜਾਂਦੀਆਂ ਸਨ।

ਜਦੋਂ ਇਕ ਵਸਤੂ ਦੀ ਕੀਮਤ ਵਧਦੀ ਹੈ ਤਾਂ ਕੀਮਤਾਂ ਵਿੱਚ ਇਕਸਾਰਤਾ ਰੱਖਣ ਲਈ ਦੂਸਰੀਆਂ ਵਸਤੂਆਂ ਦੀਆਂ ਕੀਮਤਾਂ ਵੀ ਵਧ ਜਾਂਦੀਆਂ ਹਨ। ਜਦੋਂ ਇੱਕ ਵਸਤੂ ਦੀ ਕੀਮਤ ਘਟਦੀ ਹੈ ਤਾਂ ਦੂਸਰੀਆਂ ਵਸਤੂਆਂ ’ਤੇ ਵੀ ਇਸ ਦੇ ਪ੍ਰਭਾਵ ਪੈਂਦੇ ਹਨ। ਭਾਰਤ ਵਿੱਚ ਕੀਮਤਾਂ ਵਧਣ ਲਈ ਇਕ ਬਹੁਤ ਵੱਡਾ ਕਾਰਨ ਪੈਟਰੋਲ ਅਤੇ ਡੀਜ਼ਲ ਦੀ ਕੀਤੀ ਜਾ ਰਹੀ ਦਰਾਮਦ ਹੈ। ਜਦੋਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਉਸ ਨਾਲ ਢੁਆਈ ਤੇ ਆਵਾਜਾਈ ਦੀ ਲਾਗਤ ਵਧ ਜਾਂਦੀ ਹੈ ਤੇ ਵਸਤੂਆਂ ਦੀਆਂ ਕੀਮਤਾਂ ਵਧਾਉਣਾ ਜ਼ਰੂਰੀ ਹੋ ਜਾਂਦਾ ਹੈ। ਭਾਰਤ ਵਿੱਚ 85 ਕੁ ਫ਼ੀਸਦੀ ਤੇਲ ਦੀਆਂ ਲੋੜਾਂ ਦਰਾਮਦ ਕਰ ਕੇ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸ ਵਿੱਚ ਜ਼ਿਆਦਾਤਰ ਤੇਲ ਦੀ ਕੀਮਤ ਡਾਲਰਾਂ ਵਿੱਚ ਦੇਣੀ ਪੈਂਦੀ ਹੈ। ਸੰਨ 1950 ਵਿੱਚ ਡਾਲਰ ਦੀ ਕੀਮਤ 4 ਰੁਪਏ ਪ੍ਰਤੀ ਡਾਲਰ ਸੀ ਜਿਹੜੀ ਹੁਣ 83 ਰੁਪਏ ਤੋਂ ਉੱਪਰ ਹੈ। ਜਦੋਂ ਵੀ ਡਾਲਰਾਂ ਦੀ ਕੀਮਤ ਵਿਚ ਵਾਧਾ ਹੁੰਦਾ ਹੈ ਤਾਂ ਉਸ ਨਾਲ ਪੈਟਰੋਲ ਮਹਿੰਗਾ ਹੋ ਜਾਂਦਾ ਹੈ ਕਿਉਂ ਜੋ ਹੁਣ ਰੁਪਏ ਦੀ ਸ਼ਕਲ ਵਿੱਚ ਇੱਕ ਡਾਲਰ ਲਈ ਜ਼ਿਆਦਾ ਰੁਪਏ ਦੇਣੇ ਪੈਂਦੇ ਹਨ। ਡਾਲਰਾਂ ਦੀ ਕੀਮਤ ਵਿੱਚ ਕਮੀ ਹੋਣ ਨਾਲ ਕੀਮਤਾਂ ਘਟ ਸਕਦੀਆਂ ਹਨ ਪਰ ਜਿੰਨਾ ਚਿਰ ਭਾਰਤ ’ਚ ਹੋਣ ਵਾਲੀ ਤੇਲ ਜਾਂ ਹੋਰ ਵਸਤੂਆਂ ਦੀ ਦਰਾਮਦ ਨਹੀਂ ਘਟਦੀ, ਓਨਾ ਚਿਰ ਡਾਲਰਾਂ ਦੀਆਂ ਕੀਮਤਾਂ ਨਹੀਂ ਘਟ ਸਕਦੀਆਂ ਹਨ। ਇੱਥੇ ਇਹ ਵਰਣਨਯੋਗ ਹੈ ਕਿ 1937 ਵਿੱਚ ਇੱਕ ਰੁਪਏ ਦੇ 4 ਡਾਲਰ ਆ ਜਾਂਦੇ ਸਨ ਕਿਉਂ ਜੋ ਉਸ ਵਕਤ ਭਾਰਤ ਬਰਾਮਦ ਜ਼ਿਆਦਾ ਕਰਦਾ ਸੀ ਅਤੇ ਦਰਾਮਦ ਘੱਟ ਪਰ 1950 ਵਿੱਚ ਇਸ ਦੇ ਇਕਦਮ ਉਲਟ ਹੋ ਗਿਆ ਕਿ ਇੱਕ ਡਾਲਰ ਲਈ 4 ਰੁਪਏ ਦੇਣੇ ਪੈਂਦੇ ਸਨ ਅਤੇ ਫਿਰ ਡਾਲਰ ਦੀ ਕੀਮਤ ਹਰ ਸਾਲ ਵਧਦੀ ਹੀ ਗਈ।ਜਦੋਂ ਵੀ ਰਾਜਨੀਤਕ ਪਾਰਟੀਆਂ ਚੋਣਾਂ ਦੇ ਸਮੇਂ ਮੁਫ਼ਤ ਤੋਹਫੇ ਦੇਣ ਦੇ ਵਾਅਦੇ ਕਰਦੀਆਂ ਹਨ ਤੇ ਚੋਣ ਜਿੱਤਣ ਤੋਂ ਬਾਅਦ ਉਹ ਤੋਹਫ਼ੇ ਦੇਣੇ ਸ਼ੁਰੂ ਕਰ ਦਿੰਦੀਆਂ ਹਨ ਜਿਵੇਂ ਔਰਤਾਂ ਲਈ ਮੁਫ਼ਤ ਸਫ਼ਰ, ਮੁਫ਼ਤ ਬਿਜਲੀ ਅਤੇ ਹੋਰ ਰਿਆਇਤਾਂ ਤਾਂ ਉਹ ਕਿਸੇ ਮੁੱਖ ਮੰਤਰੀ ਨੇ ਆਪਣੇ ਕੋਲੋਂ ਤਾਂ ਦੇਣੇ ਨਹੀਂ ਹੁੰਦੇ ਉਹ ਤਾਂ ਫਿਰ ਜਨਤਾ ਕੋਲੋਂ ਹੀ ਟੈਕਸਾਂ ਦੇ ਰੂਪ ਵਿੱਚ ਇਕੱਠੇ ਕਰਨੇ ਪੈਂਦੇ ਹਨ। ਇਹ ਟੈਕਸ ਅਪ੍ਰਤੱਖ ਟੈਕਸ ਹੁੰਦੇ ਹਨ ਜਿਵੇਂ ਵਿਕਰੀ ਕਰ। ਇਹ ਟੈਕਸ ਹਰੇਕ ਨੂੰ ਦੇਣੇ ਪੈਂਦੇ ਹਨ ਤੇ ਉਹ ਕੀਮਤ ਵਿੱਚ ਸ਼ਾਮਲ ਹੋ ਜਾਂਦੇ ਹਨ। ਅੱਜ-ਕੱਲ ਪੈਟਰੋਲ ਅਤੇ ਹੋਰ ਤੇਲ ’ਤੇ ਤਕਰੀਬਨ 60 ਫ਼ੀਸਦੀ ਦੇ ਬਰਾਬਰ ਟੈਕਸ ਹੈ ਜਦਕਿ ਬਾਕੀ ਕੀਮਤ ਹੈ। ਇਹ ਟੈਕਸ ਕੇਂਦਰ ਅਤੇ ਪ੍ਰਾਂਤਾਂ, ਦੋਵੇਂ ਸਰਕਾਰਾਂ ਲਾਉਂਦੀਆਂ ਹਨ। ਜੇ ਟੈਕਸ ਵਿੱਚ ਕਟੌਤੀ ਕੀਤੀ ਜਾਵੇ ਤਾਂ ਉਹ ਵੀ ਕੀਮਤ ਘਟਾਉਣ ਵਿਚ ਸਹਾਇਕ ਹੋ ਸਕਦੀ ਹੈ। ਭਾਵੇਂ ਜਦ ਇੱਕ ਵਾਰ ਕੀਮਤਾਂ ਵਧ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਘਟਾਉਣਾ ਮੁਸ਼ਕਲ ਬਣ ਜਾਂਦਾ ਹੈ ਪਰ ਇਹ ਅਸੰਭਵ ਨਹੀਂ ਸਗੋਂ ਘਟਾਈਆਂ ਜਾ ਸਕਦੀਆਂ ਹਨ। 1976 ਦਾ ਸਾਲ ਜਿਹੜਾ ਭਾਵੇਂ ਅਪਾਤ ਸਥਿਤੀ ਦਾ ਸਾਲ ਸੀ, ਉਸ ਨਾਲ ਕੁੱਲ ਕੀਮਤਾਂ ’ਚ 7.63% ਦੀ ਕਮੀ ਆਈ ਸੀ। ਜੇ ਉਹੋ ਜਿਹੇ ਉਪਾਅ ਕਰ ਲਏ ਜਾਣ ਤਾਂ ਅਪਾਤ ਸਥਿਤੀ ਤੋਂ ਬਿਨਾਂ ਵੀ ਕੀਮਤਾਂ ਘਟਾਈਆਂ ਜਾ ਸਕਦੀਆਂ ਹਨ। ਜਦੋਂ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ ਉਦੋਂ ਵੀ 1978 ’ਚ ਕੀਮਤਾਂ ’ਚ ਵਾਧਾ 2.66% ਹੋਇਆ ਸੀ ਜਦਕਿ 1974 ’ਚ ਇਹ 28.60% ਸੀ। ਮਹਿੰਗਾਈ ਰੋਕਣ ਦੇ ਯਤਨਾਂ ਨਾਲ ਮਹਿੰਗਾਈ ’ਚ ਕਮੀ ਕੀਤੀ ਜਾ ਸਕਦੀ ਹੈ। ਮਹਿੰਗਾਈ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਸੋ, ਇਸ ਨੂੰ ਰੋਕਣ ਦੇ ਯਤਨ ਲਗਾਤਾਰ ਹੋਣੇ ਚਾਹੀਦੇ ਹਨ। ਵਸਤੂਆਂ ਦੇ ਉਤਪਾਦਨ ਨੂੰ ਵਧਾਇਆ ਜਾਣਾ ਚਾਹੀਦਾ ਹੈ ਤੇ ਇਨ੍ਹਾਂ ’ਚ ਵਾਧੇ ਲਈ ਹਰ ਤਰ੍ਹਾਂ ਦੇ ਯਤਨ ਜਾਰੀ ਰਹਿਣੇ ਚਾਹੀਦੇ ਹਨ। ਦਰਾਮਦ ਘਟਾਉਣੀ ਚਾਹੀਦੀ ਹੈ ਤਾਂ ਕਿ ਵਿਦੇਸ਼ੀ ਮੁਦਰਾ ਦੀ ਕੀਮਤ ਘਟੇ। ਵਸਤੂਆਂ ਤੇ ਸੇਵਾਵਾਂ ਦੀ ਵੰਡ ’ਤੇ ਨਜ਼ਰ ਰੱਖੀ ਜਾਣੀ ਚਾਹੀਦੀ ਹੈ ਤਾਂ ਕਿ ਕਦੇ ਵੀ ਆਰਜ਼ੀ ਥੁੜ੍ਹ ਪੈਦਾ ਨਾ ਹੋਵੇ ਜਿਹੜੀ ਮਹਿੰਗਾਈ ਪੈਦਾ ਕਰ ਦੇਵੇ, ਜਿਹੜੀ ਫਿਰ ਹੋਰ ਵਸਤੂਆਂ ਦੀਆਂ ਕੀਮਤਾਂ ਦੇ ਵਧਣ ਦਾ ਕਾਰਨ ਬਣੇ। ਮਹਿੰਗਾਈ ਰੋਕਣ ਲਈ ਇੱਕ ਵਿਭਾਗ ਕਾਰਜਸ਼ੀਲ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਸਾਰੇ ਤੱਤ ਜਿਹੜੇ ਮਹਿੰਗਾਈ ਪੈਦਾ ਕਰਦੇ ਹਨ, ਉਨ੍ਹਾਂ ’ਤੇ ਨਜ਼ਰ ਰੱਖੀ ਜਾਵੇ ਤੇ ਉਨ੍ਹਾਂ ਨੂੰ ਰੋਕਿਆ ਜਾਵੇ।

# ਸੜਕ ਹਾਦਸੇ ਰੋਕਣ ਲਈ ਬਣਨ ਸਾਰਥਿਕ ਕਾਨੂੰਨ



ਰਾਜਿੰਦਰ ਕੌਰ ਚੋਹਕਾ

ਹਰ ਸਾਲ ਦੇਸ਼ ਭਰ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦਿਨੋਂ-ਦਿਨ ਵੱਧ ਰਹੀਆਂ ਹਨ। ਸੜਕ ਆਵਾਜਾਈ ਅਤੇ ਰਾਜ ਮਾਰਗ ਮੰਤਰਾਲੇ

ਦੀ ਸਾਲ 2022 ਦੀ ਇੱਕ ਰੀਪੋਰਟ ਦੇ ਅਨੁਸਾਰ ਭਾਰਤ ਵਿੱਚ ਕੁੱਝ 4,61,312 ਸੜਕ ਹਾਦਸਿਆਂ ਦੇ ਮਾਮਲੇ ਸਥਾਨਕ ਪੁਲਿਸ ਥਾਣਿਆਂ ਵਿੱਚ ਦਰਜ਼ ਹੋਏ ਸਨ ਤੇ ਇਨ੍ਹਾਂ ਸੜਕੀ ਦੁਰਘਟਨਾਵਾਂ ਵਿੱਚ 1,68,491 ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਸਨ।ਸਾਲ 2021 ਦੀ ਤੁਲਨਾ ਮੁਤਾਬਿਕ ਸੜਕ ਹਾਦਸਿਆਂ ’ਚ 11.9-ਫ਼ੀਸਦੀ ਇਨ੍ਹਾਂ ਵਿਚੋਂ ਮੌਤ ਦਰ 9.3-ਫ਼ੀਸਦੀ ਤੇ ਸਥਾਈ ਅਪੰਗਤਾ 15.3-ਫ਼ੀਸਦੀ ਦੀ ਦਰ ਅੱਗੇ ਨਾਲੋਂ ਵੱਧੀ ਹੈ । ਇਨ੍ਹਾਂ ਹਾਦਸਿਆਂ ਵਿੱਚ ਮਰਨ ਵਾਲੇ 83.3-ਫ਼ੀਸਦੀ ਆਪਣੇ ਪਰਿਵਾਰਾਂ ਨੂੰ ਪਾਲਣ ਪੋਸ਼ਣ ਵਾਲੇ ਤੇ ਕੰਮ ਕਰਨ ਵਾਲੇ ਲੋਕ ਸਨ। ਇਸ ਤੋਂ ਬਿਨ੍ਹਾਂ ਜੋ ਕੇਸ ਦਰਜ਼ ਨਹੀਂ ਹੁੰਦੇ ਜਾਂ ਜਿਨ੍ਹਾਂ ਦਾ ਫੈਸਲਾ ਬਾਹਰੋ-ਬਾਹਰ ਹੀ ਹੋ ਜਾਂਦਾ ਹੈ, ਉਹ ਕਿਸੇ ਵੀ ਖਾਤੇ ਵਿੱਚ ਨਹੀਂ ਆਉਂਦੇ ਹਨ।

ਸੰਯੁਕਤ ਰਾਸ਼ਟਰ ਦੇ 2015 ਦੇ ਸੰਸਾਰ ਐਲਾਨਨਾਮੇ ਵਿੱਚ, ਜਿਸ ਉੱਪਰ ਭਾਰਤ ਨੇ ਵੀ ਦਸਤਖਤ ਕੀਤੇ ਸਨ; ਕਿ ਸਾਲ 2030 ਤੱਕ ਸਾਰੇ ਦੇਸ਼ਾਂ ਵਿੱਚ ਸੜਕ ਹਾਦਸਿਆਂ ਨੂੰ ਘੱਟ ਕਰਕੇ ਇਸ ਵਿੱਚ ਹੋਣ ਵਾਲੀਆਂ ਮੌਤਾਂ 50-ਫ਼ੀਸਦੀ ਘਟਾਉਣ ਦਾ ਟੀਚਾ ਮਿੱਥਿਆ ਗਿਆ ਸੀ। ਇਸ ਵਿੱਚ ਸਿਰਫ਼ ਦੁਨੀਆਂ ਦੇ 108 ਦੇਸ਼ਾਂ ਨੇ ਹੁਣ ਤੱਕ ਸੜਕ ਹਾਦਸਿਆਂ ਵਿੱਚ ਸਿਰਫ਼ 10-ਫੀਸਦੀ ਤੱਕ ਹੀ ਘੱਟ ਕਰਨ ਦੇ ਯਤਨ ਕੀਤੇ ਹਨ। ਜਦ ਕਿ ਇਨ੍ਹਾਂ ਵਿੱਚ ਸ਼ਾਮਲ 10 ਦੇਸ਼ਾਂ ਨੇ ਹੁਣ ਤੱਕ 50-ਫ਼ੀਸਦੀ ਦਰ ਹੀ ਘਟਾਉਣ ਦਾ ਟੀਚਾ ਪ੍ਰਾਪਤ ਕੀਤਾ ਹੈ। ਇਸ ਦੇ ਉਲਟ ਜਦ ਕਿ ਭਾਰਤ ਵਿੱਚ ਸੜਕ ਹਾਦਸੇ ਹਰ ਸਾਲ ਹੀ 10-ਫ਼ੀਸਦੀ ਦੀ ਦਰ ਨਾਲ ਵੱਧ ਰਹੇ ਹਨ।

ਉਦਾਰੀਵਾਦੀ ਨੀਤੀਆਂ ਦੇ ਚਲਦੇ ਹੋਏ ਕ਼ਫਾਇਤ ਕਰਨ ਦੇ ਦੌਰ ਅੰਦਰ ਤੇਜ਼ ਰ਼ਫਤਾਰ ਪੂੰਜੀਵਾਦੀ ਲਾਲਸਾ ਨੇ ਮਨੁੱਖੀ ਸੁਰੱਖਿਆ ਅਤੇ ਕਿਰਤੀ ਦੀ ਹਿਫ਼ਾਜਤ ਕਰਨ ਤੋਂ ਸਦਾ ਪਾਸਾ ਵੱਟਦੇ ਹੋਏ ਲੋਕਾਂ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸ ਲਈ ਹਾਕਮ ਜਮਾਤਾਂ ਵੀ ਪੂਰੀ ਤਰ੍ਹਾਂ ਇਸ ਨਾਲ ਇੱਕ-ਮਿੱਕ ਹਨ।ਅੱਜ ਦੀ ਤੇਜ਼ ਪੂੰਜੀਵਾਦੀ ਰ਼ਫਤਾਰ ਅੰਦਰ ਭਾਰਤ ਦੇਸ਼ ਸੜਕ ਹਾਦਸਿਆਂ ਦੇ ਮਾਮਲੇ ਵਿੱਚ ਦੁਨੀਆਂ ਭਰ ਵਿੱਚ ਤੀਜੇ ਥਾਂ ’ਤੇ ਹੈ। ਗੱਲ ਕੀ ? ਹਰ ਸਾਲ ਸੜਕਾਂ ਉੱਪਰ ਗੱਡੀਆਂ, ਕਾਰਾਂ ਤੇ ਭਾਰੀ ਟਰੱਕਾਂ ’ਚ ਵਾਧਾ ਦਿਨੋਂ-ਦਿਨ ਤੇਜ਼ੀ ਨਾਲ ਤਾਂ ਵੱਧ ਰਿਹਾ ਹੈ, ਜਦ ਕਿ ਸੜਕਾਂ ਦੀ ਚੌੜਾਈ ਉਹੀ ਪੁਰਾਣੀ ਹੈ। ਜੀਰੋ ਫਿਟਨੈਸ ’ਤੇ ਜੁਗਾੜ ਨਾਲ ਚਲਾਉਣ ਵਾਲੇ ਵਾਹਨ ਦੇਸ਼ ਭਰ ਵਿੱਚ ਚੁਣੌਤੀ ਭਰੇ ਬਣ ਰਹੇ ਹਨ।“ਵਾਹਨ ਉਦਯੋਗ” ਦੀ ਇੱਕ ਰੀਪੋਰਟ ਮੁਤਾਬਿਕ 2030 ਤੱਕ ਭਾਰਤ ਦੀਆਂ ਸੜਕਾਂ ਉੱਪਰ ਚੱਲਣ ਵਾਲੀਆਂ ਗੱਡੀਆਂ ਦੀ ਗਿਣਤੀ ਅੱਜ ਦੇ ਮੁਕਾਬਲੇ ਦੁੱਗਣੀ ਹੋ ਚੁੱਕੀ ਹੋਵੇਗੀ। ਜਦ ਕਿ ਸੜਕਾਂ ਦਾ ਪੁਨਰ ਗਠਨ ਸੇਫਟੀ ਤੇ ਬਚਾਓ ਸਹੂਲਤਾਂ, ਚੌੜਾਈ ਅਤੇ ਵਹੀਕਲਾਂ ਦੀ ਫਿਟਨੈਸ ਉਸ ਦਰ ਨਾਲ ਨਹੀਂ ਵਧੇਗੀ। ਸੜਕ ਨਿਯਮ, ਵਹੀਕਲ ਚਾਲਕ ਦੀ ਸਿਖਲਾਈ ਅਤੇ ਸੜਕਾਂ ’ਤੇ ਸੜਕ ਪ੍ਰਬੰਧ ਪਹਿਲਾਂ ਨਾਲੋਂ ਵੀ ਨਾਕਾਮ ਸਾਬਿਤ ਹੋ ਰਹੇ ਹਨ ?

ਭਾਰਤ ਵਿੱਚ ਜਿਸ ਢੰਗ ਦੇ ਨਾਲ ਤੇਜ਼ੀ ਨਾਲ ਸੜਕਾਂ ਦਾ ਵਿਕਾਸ ਤਾਂ ਹੋ ਰਿਹਾ ਹੈ ਅਤੇ ਤੇਜ਼ੀ ਨਾਲ ਉਸਾਰੀ ਵੀ ਹੋ ਰਹੀ ਹੈ, ਪਰ ਉਸ ਦੇ ਮੁਤਾਬਿਕ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜਦ ਕਿ ਸੜਕਾਂ ਦੇ ਨਿਰਮਾਣ ਵਿੱਚ ਸਰਕਾਰ ਦੀ ਪਹਿਲ ਕਦਮੀ ਸਿਰਫ਼ ਸਮੇਂ ਨੂੰ ਘੱਟ ਕਰਨ ਦੀ ਹੀ ਹੁੰਦੀ ਰਹੀ ਹੈ। ਸੜਕ ਸੁਰੱਖਿਆ ਦੇ ਲੇਖੇ-ਜੋਖੇ ਵਿੱਚ ਵੀ ਸਿਰਫ਼ ਸੜਕ ਦੇ ਬਣਾਉਣ ਸਬੰਧੀ ਵੀ ਗੁਣਵੰਤਾ ਨੂੰ ਸਰੋ-ਸਰੀ ਹੀ ਪਰਖਿਆ ਜਾਂਦਾ ਹੈ। ਜਦ ਕਿ ਵਿਸ਼ਵ ਸੜਕ ਗੁਣਵੰਤਾ ਦੇ ਮਾਪਦੰਡ ਦੇ ਮੁਤਾਬਿਕ ਪਹਿਲੀ ਪਹਿਲ ਸੜਕ ਹਾਦਸਿਆਂ ਦੀਆਂ ਸੰਭਾਵਨਾਵਾਂ ਨੂੰ ਘੱਟ ਕਰਦੇ ਹੋਏ ਮੌਤਾਂ ਦੀ ਦਰ ਨੂੰ ਸਿਫ਼ਰ ਤੱਕ ਲਿਆਉਣਾ ਹੁੰਦਾ ਹੈ। ਸਿਰਫ਼ ਸਿਫ਼ਰ (ਜ਼ੀਰੋ) ਹਾਦਸਾ ਡੀਜ਼ਾਈਨ ਦੇ ਆਧਾਰ ’ਤੇ ਹੀ ਮਾਰਗ ਨਿਰਮਾਣ ਦੀ ਮਨਜ਼ੂਰੀ ਦਾ ਵਿਧਾਨ ਵੀ ਦੇਸ਼ ਵਿੱਚ ਲਾਜਮੀ ਹੋਣਾ ਚਾਹੀਦਾ ਹੈ। ਸੜਕਾਂ ਦੇ ਬਣਾਉਣ ਸਮੇਂ ‘ਮੋੜਾਂ-ਘੋੜਾਂ’ ਨੂੰ ਘੱਟ ਕਰਨਾ ਚਾਹੀਦਾ ਹੈ। ਲੰਬੀਆਂ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ ਪਰ ! ਜੇਕਰ ਦੇਖਿਆ ਜਾਵੇ ਤਾਂ ਇਸ ਦੇ ਬਾਵਜੂਦ ਵੀ ਦੇਸ਼ ਦੇ ਰਾਜ-ਮਾਰਗਾਂ ’ਤੇ ਰਾਸ਼ਟਰੀ ਰਾਹਾਂ ’ਤੇ ਥਾਂ-ਥਾਂ ’ਤੇ ਮੋੜ-ਘੋੜ ਵਾਲੀਆਂ ਸੜਕਾਂ ’ਤੇ ਉੱਚੀਆਂ ਨੀਵੀਆਂ ਸੜਕਾਂ ਹੀ ਦਿਖਾਈ ਦਿੰਦੀਆਂ ਹਨ। ਵੱਡੇ ਤੋਂ ਵੱਡੇ ਕੌਮੀ ਰਸਤਿਆਂ, ਸੜਕਾਂ ਦੇ ਨੇੜੇ ਆਉਂਦੀਆਂ ਸੰਘਣੀਆਂ ਬਸਤੀਆਂ ਵੀ ਇਨ੍ਹਾਂ ਦੁਰਘਟਨਾਵਾਂ ਦਾ ਇੱਕ ਵੱਡਾ ਕਾਰਨ ਹੈ। ਦੇਸ਼ ਵਿੱਚ ਸੜਕ ਹਾਦਸਿਆਂ ਨਾਲ ਮਰਨ ਵਾਲਿਆਂ ’ਚ ਜ਼ਿਆਦਾ ਗਿਣਤੀ ਪੈਦਲ ਚੱਲਣ ਵਾਲੇ ਅਤੇ ਦੋ ਪਹੀਆ ਵਾਹਨ ਚਾਲਕਾਂ ਦੀ ਹੁੰਦੀ ਹੈ। ਹਾਦਸਿਆਂ ਦੇ ਅੰਕੜਿਆਂ ਮੁਤਾਬਿਕ 40.7-ਫ਼ੀਸਦੀ ਗਿਣਤੀ ਦੋ ਪਹੀਆਂ ਚਾਲਕਾਂ ਦੀ ਸੀ ਅਤੇ 16.9-ਫ਼ੀਸਦੀ ਪੈਦਲ ਚੱਲਣ ਵਾਲੇ ਲੋਕਾਂ ਦੀ ਹੈ ! ਜੋ ਇਨ੍ਹਾਂ ਭਾਰੀ ਟਰੱਕਾਂ ਦੀ ਲਪੇਟ ’ਚ ਆਉਂਦੇ ਹਨ। ਸੜਕ ਦੀ ਨਿਗਰਾਨੀ ਲਈ ਜਨਸੰਖਿਆ ਦੇ ਆਧਾਰ ’ਤੇ ਦੇਸ਼ ਭਰ ਵਿੱਚ ਰਾਜ-ਮਾਰਗ(ਆਵਾਜਾਈ ਰਸਤੇ) ਉੱਪਰ ਪੁਲਿਸ ਦੀ ਡਿਊਟੀ ’ਤੇ ਜ਼ਖਮੀਆਂ ਦੀ ਦੇਖ-ਭਾਲ ਲਈ ਡਾਕਟਰੀ ਸਹਾਇਤਾ ਅਤੇ ਗੰਭੀਰ ਜ਼ਖਮੀਆਂ ਲਈ ਐਂਬੂਲੈਂਸਾਂ ਦਾ ਹੋਣਾ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਪਰ ! ਦੇਖਣ ਵਿੱਚ ਆ ਰਿਹਾ ਹੈ ਕਿ ਕੇਵਲ ਖਾਨਾ-ਪੂਰਤੀ ਹੀ ਪੂਰੀ ਕੀਤੀ ਜਾ ਰਹੀ ਹੈ ਅਤੇ ਕੀਤੀ ਜਾਂਦੀ ਹੈ। ਕੌਮੀ ਰਸਤਿਆਂ ’ਤੇ ਪੁਲਿਸ ਦੀ ਗਸ਼ਤ, ਟੋਲ ਪਲਾਜ਼ੇ ਵੀ ਹਨ, ਪਰ ! ਗੱਡੀਆਂ ਨੂੰ ਲੰਘਾਉਣ ਦੀਆਂ ਵਿਵਸਥਾਵਾਂ ਵੀ ਪੂਰੀਆ ਨਹੀਂ ਹਨ। ਪਰ ! ਦੂਸਰੇ ਪਾਸੇ ਨਾਗਰਿਕਾਂ ਨੂੰ ਪੂਰੀ ਸੁਰੱਖਿਆ ਵੀ ਨਹੀਂ ਮਿਲ ਰਹੀ ਹੈ। ਸਗੋਂ ਸੜਕਾਂ ’ਤੇ ਚੱਲਣ ਵਾਲੀਆਂ ਗੱਡੀਆਂ ਵੱਲੋਂ ਲਾਪਰਵਾਹੀ ਅਤੇ ਸੜਕ ਨਿਯਮਾਂ ਨੂੰ ਛਿੱਕੇ ’ਤੇ ਟੰਗ ਕੇ ਉਲੰਘਣਾਵਾਂ ਵੀ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਖਾਮੀਆਂ(ਤਰੁੱਟੀਆਂ) ਕਾਰਨ ਹੀ ਸੜਕ ਹਾਦਸੇ ਨਿੱਤ-ਦਿਨ ਵੱਧ ਰਹੇ ਹਨ।

ਦੇਸ਼ ਭਰ ਵਿੱਚ ਸੜਕ ਹਾਦਸਿਆਂ ਵਿੱਚ 40-ਫ਼ੀਸਦੀ ਮੌਤਾਂ ਦਾ ਮੁੱਖ ਕਾਰਨ ਜ਼ਖਮੀਆਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲਣਾ ਵੀ ਹੈ। ਦੂਸਰਾ ਹਾਦਸਿਆਂ ਵਾਲੀ ਜਗ੍ਹਾ ਤੋਂ ਹਸਪਤਾਲਾਂ ਜਾਂ ਮੁੱਢਲੀ ਸਹਾਇਤਾ ਦਾ ਵੀ ਦੂਰ ਹੋਣਾ ਵੀ ਹੈ। ਗੱਡੀ ਦੇ ਚਾਲਕ ਵੱਲੋਂ ਟੱਕਰ ਮਾਰਨ ਤੋਂ ਬਾਅਦ ਦੋਸ਼ੀ ਵੱਲੋਂ ਐਕਸੀਡੈਂਟ ਵਿੱਚ ਹੋਏ ਜ਼ਖਮੀ ਨੂੰ ਛੱਡ ਕੇ ਦੌੜ ਜਾਣਾ ਵੀ ਇੱਕ ਕਾਰਨ ਹੈ। ਤੀਸਰਾ ਕਾਰਨ ਦੋਸ਼ੀ ਵੱਲੋਂ ਦੌੜ ਜਾਣ ਤੋਂ ਬਾਅਦ ਲੋਕਾਂ ਦੇ ਝੁਰਮਟ ਵੱਲੋਂ ਜ਼ਖ਼ਮੀ ਨੂੰ ਸਮੇਂ ਸਿਰ ਹਸਪਤਾਲ ਲੈ ਕੇ ਜਾਣ ਦੀ ਬਜਾਏ ਉਸ ਦੀ ਵੀ.ਡੀ.ਓ. ਬਣਾਉਣ ਵਿੱਚ ਹੀ ਮਗਨ ਰਹਿਣਾ ਹੁੰਦਾ। ਜਿਸ ਨਾਲ ਐਕਸੀਡੈਂਟ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਸਮੇਂ ਸਿਰ ਇਲਾਜ਼ ਲਈ ਸਹਾਇਤਾ ਨਾ ਮਿਲਣ ਕਰਕੇ ਉਹ ਦਮ ਤੋੜ ਜਾਂਦਾ ਹੈ। ਭਾਵੇਂ ਸੜਕ ਹਾਦਸਿਆਂ ਵਿੱਚ ਪੁਲਿਸ ਵੱਲੋਂ ਭਾਰਤੀ ਦੰਡ ਸਹਿਤਾ ਦੀ ਧਾਰਾ 279,337 ਤੇ 338 ਦੇ ਤਹਿਤ ਮਾਮਲਾ ਤਾਂ ਦਰਜ਼ ਕਰ ਲਿਆ ਜਾਂਦਾ ਹੈ, ਪਰ ਦੋਸ਼ੀ ਨੂੰ ਥਾਣੇ ਵਿੱਚ ਹੀ ਝੱਟ-ਪੱਟ ਪੁਲਿਸ ਵੱਲੋਂ ਜ਼ਮਾਨਤ ਦੇ ਦਿੱਤੀ ਜਾਂਦੀ ਹੈ। ਭਾਵੇਂ ! ਮਾਮਲਾ ਅਦਾਲਤ ਵਿੱਚ ਵੀ ਚਲਾ ਜਾਵੇ ਤਾਂ ਦੋਸ਼ੀ ਨੂੰ ਛੇ ਮਹੀਨੇ ਦੀ ਸਜ਼ਾ ਜਾਂ ਜੁਰਮਾਨਾ ਲਾ ਕੇ ਛੱਡ ਦਿੱਤਾ ਜਾਂਦਾ ਹੈ। ਹਾਦਸੇ ਵਿੱਚ ਮੌਤ ਹੋਣ ਦੀ ਸਥਿਤੀ ਵਿੱਚ ਧਾਰਾ 304 ਤਹਿਤ ਦੋਸ਼ੀ ਨੂੰ ਦੋ ਸਾਲ ਦੀ ਸਜ਼ਾ ਹੁੰਦੀ ਹੈ। ‘ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ’ (ਐਨ.ਸੀ.ਆਰ.ਬੀ) ਦੇ 2022 ਦੇ ਅੰਕੜਿਆਂ

(ਬਾਕੀ ਸਫ਼ਾ 31 ’ਤੇ)



# ਪੰਜਾਬ ਨੂੰ ਬਚਾਉਣ ਦੀ ਲੋੜ

## ਖ਼ਤਰੇ 'ਚ ਹਨ ਪੰਜਾਬ ਦੇ ਜਲ, ਜੰਗਲ, ਜਲਵਾਯੂ ਅਤੇ ਜ਼ਮੀਨ




ਜਗਮੋਹਨ ਸਿੰਘ
9463819174

ਅੱਜ ਦਾ ਮਨੁੱਖ ਭਾਵੇਂ ਉੱਚ ਪੱਧਰੀ ਵਿਗਿਆਨਕ ਯੁੱਗ ਅਤੇ ਆਧੁਨਿਕ ਉੱਚ ਪੱਧਰੀ ਤਕਨੀਕ ਨਾਲ ਲੈਸ ਮਸ਼ੀਨੀ ਯੁੱਗ ਵਿੱਚ ਰਹਿ ਰਿਹਾ ਹੈ ਅਤੇ ਮਨੁੱਖ ਵੱਲੋਂ ਹੁਣ ਚੰਦਰਮਾ ਅਤੇ ਮੰਗਲ ਗ੍ਰਹਿ ਉੱਪਰ ਮਨੁੱਖੀ ਬਸਤੀਆਂ ਵਸਾਉਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਇਹ ਅਟੱਲ ਸੱਚਾਈ ਹੈ ਕਿ ਇਸ ਸਭ ਦੇ ਬਾਵਜੂਦ ਜਲ, ਜੰਗਲ, ਜਲਵਾਯੂ ਅਤੇ ਜ਼ਮੀਨ ਬਿਨਾਂ ਮਨੁੱਖੀ ਸੱਭਿਅਤਾ ਦਾ ਵਜੂਦ ਹੀ ਸੰਭਵ ਨਹੀਂ ਹੈ। ਅਸਲ ਵਿੱਚ ਦੁਨੀਆਂ ਭਰ ਦੇ ਵਿਗਿਆਨੀਆਂ ਲਈ ਜਲ, ਜੰਗਲ, ਜਲਵਾਯੂ ਅਤੇ ਜ਼ਮੀਨ ਦਾ ਵਿਕਲਪ ਖੋਜਣਾਂ ਇੱਕ ਰਹੱਸ ਹੀ ਅਜੇ ਤਕ ਬਣਿਆ ਹੋਇਆ ਹੈ, ਜਿਸ ਕਾਰਨ ਜਲ, ਜੰਗਲ, ਜਲਵਾਯੂ ਅਤੇ ਜ਼ਮੀਨ ਦੀ ਮਹੱਤਤਾ ਮਨੁੱਖੀ ਜੀਵਨ ਵਿੱਚ ਸਦੀਆਂ ਪਹਿਲਾਂ ਵਾਂਗ ਹੁਣ ਵੀ ਬਣੀ ਹੋਈ ਹੈ।



ਇਤਿਹਾਸ ਗਵਾਹ ਹੈ ਕਿ ਸਦੀਆਂ ਪਹਿਲਾਂ ਪੁਰਾਤਨ ਮਨੁੱਖੀ ਸਭਿਅਤਾਵਾਂ ਦਾ ਜਨਮ ਜਲ ਸੋਮਿਆਂ ਕਿਨਾਰੇ, ਜੰਗਲਾਂ ਅਤੇ ਜ਼ਮੀਨ 'ਤੇ ਸ਼ੁੱਧ ਅਤੇ ਹਰੇ ਭਰੇ ਵਾਤਾਵਰਨ ਅਤੇ ਚੰਗੇ ਪੌਣ ਪਾਣੀ ਭਾਵ ਜਲਵਾਯੂ ਕਾਰਨ ਹੀ ਸੰਭਵ ਹੋਇਆ ਅਤੇ ਸਦੀਆਂ ਪਹਿਲਾਂ ਕੁਦਰਤੀ ਜਲ ਸੋਮਿਆਂ, ਹਰੇ ਭਰੇ ਜੰਗਲਾਂ ਅਤੇ ਉਪਜਾਊ ਜ਼ਮੀਨ ਅਤੇ ਸ਼ੁੱਧ ਜਲਵਾਯੂ ਨੇ ਹੀ ਮਨੁੱਖ ਨੂੰ ਜੀਵਨ ਦਾਨ ਦਿੱਤਾ ਪਰ ਸਿਤਮਜਰੀਫੀ ਵੇਖੋ ਕਿ ਕੁਦਰਤੀ ਜਲ ਸੋਮਿਆਂ, ਜੰਗਲਾਂ, ਸ਼ੁੱਧ ਜਲਵਾਯੂ ਅਤੇ ਜ਼ਮੀਨ ਨੇ ਜਿਹੜੇ ਮਨੁੱਖ ਨੂੰ ਜੀਵਨ ਦਾਨ ਦਿੱਤਾ, ਅੱਜ ਉਸੇ ਮਨੁੱਖ ਦੀਆਂ ਖ਼ੁਦਗਰਜ਼ਾਂ ਅਤੇ ਲਾਲਚ ਕਾਰਨ ਇਹਨਾਂ ਕੁਦਰਤੀ ਜਲ ਸੋਮਿਆਂ, ਜੰਗਲਾਂ, ਜਲਵਾਯੂ/ਵਾਤਾਵਰਨ ਅਤੇ ਜ਼ਮੀਨ ਦਾ ਖੁਦ ਦਾ ਜੀਵਨ ਅਤੇ ਵਜੂਦ ਹੀ ਖ਼ਤਰੇ ਵਿੱਚ ਹੈ। ਸਿਰਫ਼ ਜਲ ਹੀ ਨਹੀਂ ਸਗੋਂ ਸਾਡੇ ਜੰਗਲ, ਜਲਵਾਯੂ ਅਤੇ ਜ਼ਮੀਨ ਵੀ ਮਨੁੱਖ ਦੀ ਲਾਲਚੀ ਪ੍ਰਵਿਰਤੀ ਦੀ ਭੇਂਟ ਚੜ੍ਹਦੇ ਜਾ ਰਹੇ ਹਨ, ਜਿਸ ਕਾਰਨ ਸਭ ਤੋਂ ਵੱਡਾ ਖਤਰਾ ਖੁਦ ਮਨੁੱਖ ਲਈ ਹੀ ਪੈਦਾ ਹੋ ਰਿਹਾ ਹੈ, ਇਸ ਤਰਾਂ ਜਲ, ਜੰਗਲ, ਜਲਵਾਯੂ ਅਤੇ ਜ਼ਮੀਨ ਦੀ ਸੰਭਾਲ ਨਾ ਕਰਕੇ ਮਨੁੱਖ ਖੁਦ ਆਪਣੇ ਪੈਰਾਂ ਉਪਰ ਕੁਹਾੜੀ ਮਾਰ ਰਿਹਾ ਹੈ।

ਅਸਲ ਵਿੱਚ ਵਿਗਿਆਨਿਕ ਖੋਜਾਂ ਅਤੇ ਮਨੁੱਖੀ ਵਿਕਾਸ ਦੇ ਨਾਂਅ ਹੇਠ ਖੁਦ ਮਨੁੱਖ ਵੱਲੋਂ ਹੀ ਕੁਦਰਤੀ ਸੋਮਿਆਂ ਜਲ ਸੋਮਿਆਂ, ਜੰਗਲਾਂ, ਹਰੇ ਭਰੇ ਵਾਤਾਵਰਨ, ਸ਼ੁੱਧ ਜਲਵਾਯੂ ਅਤੇ ਉਪਜਾਊ ਜ਼ਮੀਨ ਨੂੰ ਤਬਾਹ ਕੀਤਾ ਜਾ ਰਿਹਾ ਹੈ। ਨਦੀਆਂ ਅਤੇ ਦਰਿਆਵਾਂ ਦੇ ਨਿਰਮਲ ਵਹਿੰਦੇ ਪਾਣੀ ਉਪਰ ਬੰਨ੍ਹ ਮਾਰ ਕੇ ਇਸ ਪਾਣੀ ਦਾ ਕੁਦਰਤੀ ਵਹਾਓ ਭਾਵ ਰਾਹ ਮਨੁੱਖ ਨੇ ਰੋਕਿਆ, ਫਿਰ ਇਸ ਪਾਣੀ ਨੂੰ ਬੋਤਲਾਂ ਵਿੱਚ ਭਰ ਕੇ ਮੁੱਲ ਵੇਚਿਆ ਜਾ ਰਿਹਾ ਹੈ। ਇਸ ਤਰਾਂ ਮਨੁੱਖ ਦੇ ਵਪਾਰਕ ਲਾਲਚ ਨੇ ਨਦੀਆਂ ਅਤੇ ਦਰਿਆਵਾਂ ਦੇ ਪਵਿੱਤਰ ਪਾਣੀ ਦਾ ਬੋਤਲ ਬੰਦ ਵਪਾਰੀ ਕਰਨ ਕਰ ਦਿੱਤਾ, ਇਸ ਦੇ ਨਾਲ ਹੀ ਨਦੀਆਂ - ਦਰਿਆਵਾਂ ਵਿਚੋਂ ਨਹਿਰਾਂ, ਰਜਵਾਹੇ, ਕੱਸੀਆਂ ਕੱਢ ਕੇ ਮਨੁੱਖ ਦੀ ਘਰ- ਘਰ ਤਕ ਪਾਈਪਾਂ ਰਾਹੀਂ ਪਾਣੀ ਪਹੁੰਚਾਉਣ ਦੀ ਜਿੱਦ ਨੇ ਸਰਕਾਰੀ ਖ਼ਜ਼ਾਨਾ ਅਤੇ ਵਪਾਰੀਆਂ ਦੀਆਂ ਜੇਬਾਂ ਨੂੰ ਤਾਂ ਭਰ ਦਿੱਤਾ ਪਰ ਇਸ ਸਭ ਕੁਝ ਵਿੱਚ ਪਾਣੀ ਦੀ ਬਰਬਾਦੀ ਵੀ ਹੋਈ ਅਤੇ ਪਾਣੀ ਵਿੱਚ ਵੱਡੀ ਪੱਧਰ 'ਤੇ ਪ੍ਰਦੂਸ਼ਣ ਵੀ ਪੈਦਾ ਹੋਇਆ।

ਸਾਡੀ ਧਰਤੀ ਤੋਂ ਜੰਗਲਾਂ ਦਾ ਨਿਰੰਤਰ ਸਫਾਇਆ ਕਰਕੇ ਕੰਕਰੀਟ ਦੇ ਜੰਗਲ ਵਸਾਏ ਜਾ ਰਹੇ ਹਨ। ਭਾਰਤ ਦੇ ਪਹਾੜੀ ਇਲਾਕਿਆਂ ਸਮੇਤ ਪੂਰੇ ਵਿਸ਼ਵ ਵਿੱਚ ਹੀ ਹੁਣ ਵੱਡੀ ਗਿਣਤੀ ਪਹਾੜ ਰੋਡੇ ਹੋ ਗਏ ਹਨ, ਭਾਵ ਇਹਨਾਂ ਪਹਾੜਾਂ ਉਪਰ ਮੌਜੂਦ ਸੰਘਣੇ ਜੰਗਲਾਂ ਦਾ ਮਨੁੱਖ ਦੇ ਲਾਲਚ ਨੇ ਸਫਾਇਆ ਕਰ ਦਿੱਤਾ ਹੈ, ਜਿਸ ਕਾਰਨ ਹੜ੍ਹਾਂ ਵਰਗੀਆਂ ਕਈ ਸਮੱਸਿਆਵਾਂ ਵਿਕਰਾਲ ਰੂਪ ਵਿੱਚ ਸਾਹਮਣੇ ਆ ਰਹੀਆਂ ਹਨ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਰੁੱਖ ਸਾਡਾ ਜੀਵਨ ਹਨ ਅਤੇ ਰੁੱਖ ਸਾਨੂੰ ਆਕਸੀਜਨ ਦਿੰਦੇ ਹਨ ਅਤੇ ਕਾਰਬਨ ਡਾਈਆਕਸਾਈਡ ਗੈਸ ਵਾਤਾਵਰਨ ਵਿਚੋਂ ਚੂਸ ਲੈਂਦੇ ਹਨ, ਜਿਸ ਕਾਰਨ ਸਾਡਾ ਵਾਤਾਵਰਨ ਸ਼ੁੱਧ ਹੁੰਦਾ ਹੈ।



ਜਲ ਅਤੇ ਜੰਗਲ ਨਾਲ ਜ਼ਮੀਨ ਦਾ ਡੂੰਘਾ ਰਿਸ਼ਤਾ ਹੁੰਦਾ ਹੈ ਅਤੇ ਜਲ ਤੇ ਜੰਗਲ ਦੇ ਕੁਦਰਤੀ ਸੋਮੇ ਜ਼ਮੀਨ 'ਤੇ ਹੀ ਹੁੰਦੇ ਹਨ। ਜਲ ਅਤੇ ਜੰਗਲਾਂ ਦੇ ਸਹਿਯੋਗ ਨਾਲ ਜ਼ਮੀਨ ਉੱਪਰ ਹੀ ਖੇਤੀ ਪੈਦਾ ਕੀਤੀ ਜਾਂਦੀ ਹੈ। ਖੇਤੀ ਲਈ ਜ਼ਮੀਨ ਦਾ ਉਪਜਾਊ ਹੋਣਾ ਬਹੁਤ ਜਰੂਰੀ ਹੈ। ਵਧ ਰਹੇ ਸ਼ਹਿਰੀਕਰਨ, ਉਦਯੋਗੀਕਰਨ ਅਤੇ ਆਵਾਜਾਈ ਯੋਜਨਾਵਾਂ ਨਾਲ ਉਪਜਾਊ ਜ਼ਮੀਨ ਨੂੰ ਵੱਡਾ ਖਤਰਾ ਪੈਦਾ ਹੋ ਗਿਆ ਹੈ, ਜਿਸ ਕਾਰਨ ਖੇਤੀ ਹੇਠ ਰਕਬਾ ਦਿਨੋਂ ਦਿਨ ਘਟਦਾ ਜਾ ਰਿਹਾ ਹੈ। ਇਸ ਦੇ ਇਲਾਵਾ ਉਪਜਾਊ ਜ਼ਮੀਨ ਲਈ ਸੋਕਾ, ਹੜ੍ਹ, ਜ਼ਮੀਨੀ ਕਟਾਓ, ਗ਼ੈਰਕਨੂੰਨੀ ਮਾਈਨਿੰਗ, ਖਾਰਾਪਣ, ਜ਼ਹਿਰੀਲੀਆਂ ਖਾਦਾਂ ਅਤੇ ਜ਼ਹਿਰੀਲੀਆਂ ਕੀੜੇਮਾਰ ਦਵਾਈਆਂ ਕਾਰਨ ਜ਼ਮੀਨ ਵਿੱਚ ਫੈਲਿਆ ਜ਼ਹਿਰੀ ਪਣ ਅਤੇ ਪ੍ਰਦੂਸ਼ਣ ਵੱਡੇ ਖ਼ਤਰੇ ਬਣੇ ਹੋਏ ਹਨ, ਜਿਸ ਲਈ ਸਿੱਧੇ ਤੌਰ 'ਤੇ ਮਨੁੱਖ ਹੀ ਜਿੰਮੇਵਾਰ ਹੈ। ਅਸਲ ਵਿੱਚ ਸਾਡੀ ਧਰਤੀ ਦੀ ਜ਼ਮੀਨ ਵੀ ਜਲ ਅਤੇ ਜੰਗਲਾਂ ਵਾਂਗ ਹੀ ਖ਼ਤਰੇ ਵਿੱਚ ਹੈ।



ਲਗਾਤਾਰ ਵੱਧਦੀ ਹੋਈ ਤਕਨੀਕ ਦੀ ਵਰਤੋਂ, ਤੇਜ਼ ਰਫ਼ਤਾਰ ਅਤੇ ਹਰ ਵੇਲੇ ਭਜ ਦੌੜ, ਭੌਤਿਕ ਸੁੱਖ ਦੇ ਸਾਧਨਾਂ ਨੂੰ ਅਸੀਮਿਤ ਤਕ ਬਣਾਉਣ ਦੀ ਹੋੜ ਨੇ ਮਨੁੱਖੀ ਜੀਵਨ ਦੇ ਨਾਲ- ਨਾਲ ਕੁਦਰਤੀ ਜਲ ਸੋਮਿਆਂ, ਰੁੱਖਾਂ ਨਾਲ ਭਰੇ ਹਰੇ ਜੰਗਲਾਂ, ਜਲਵਾਯੂ, ਉਪਜਾਊ ਜ਼ਮੀਨ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਅੱਜ ਪ੍ਰਦੂਸ਼ਿਤ ਜਲ, ਘਟਦੇ ਅਤੇ ਅੱਗ ਵਿੱਚ ਸੜੇ ਜੰਗਲਾਂ, ਪ੍ਰਦੂਸ਼ਿਤ ਜਲਵਾਯੂ ਅਤੇ ਪ੍ਰਦੂਸ਼ਿਤ ਜ਼ਮੀਨ ਕਾਰਨ ਹੀ ਮਨੁੱਖ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਮਨੁੱਖ ਵਲੋਂ ਤਰੱਕੀ ਦੀ ਆੜ ਵਿੱਚ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਕਾਰਨ ਅੱਜ ਮੌਸਮ ਚੱਕਰ, ਰੁੱਤਾਂ, ਜਲਵਾਯੂ, ਮਾਨਸੂਨ, ਬਰਸਾਤ, ਗਰਮੀ, ਸਰਦੀ ਸਭ ਗੜਬੜਾ ਗਏ ਹਨ, ਜਿਸ ਦਾ ਸਿੱਧਾ ਅਸਲ ਖੁਦ ਮਨੁੱਖ ਉਪਰ ਹੀ ਪੈ ਰਿਹਾ ਹੈ।

ਅਸਲ ਵਿੱਚ ਹੁਣ ਵੇਲਾ ਸਿਰਫ਼ ਗੱਲਾਂ ਕਰਨ ਦਾ ਨਹੀਂ ਸਗੋਂ ਜਲ, ਜੰਗਲ, ਜਲਵਾਯੂ ਅਤੇ ਜ਼ਮੀਨ ਨੂੰ ਬਚਾਉਣ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਲਈ ਠੋਸ ਉਪਰਾਲੇ ਕਰਨ ਦਾ ਹੈ। ਇਸ ਸਭ ਲਈ ਸਾਨੂੰ ਖੁਦ ਤੋਂ ਪਹਿਲ ਕਰਨੀ ਚਾਹੀਦੀ ਹੈ ਅਤੇ ਹਰ ਵਿਅਕਤੀ ਨੂੰ ਖੁਦ ਜਲ, ਜੰਗ, ਜਲਵਾਯੂ ਅਤੇ ਉਪਜਾਊ ਜ਼ਮੀਨ ਦੀ ਸੰਭਾਲ ਕਰਨ ਅਤੇ ਬਰਬਾਦੀ ਰੋਕਣ, ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਅਤੇ ਜਲ, ਜੰਗਲ ਅਤੇ ਜ਼ਮੀਨ ਦੇ ਕੁਦਰਤੀ ਸੋਮਿਆਂ ਦੀ ਸੰਭਾਲ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਜਲ, ਜੰਗਲ, ਜਲਵਾਯੂ ਅਤੇ ਜ਼ਮੀਨ ਬਿਨਾਂ ਮਨੁੱਖੀ ਸੱਭਿਅਤਾ ਦਾ ਵਜੂਦ ਸੰਭਵ ਨਹੀਂ ਹੈ। ਸਦੀਆਂ ਤੋਂ ਮਨੁੱਖੀ ਸਭਿਅਤਾ ਨੂੰ ਜੀਵਨ ਦਾਨ ਦੇਣ ਵਾਲੇ ਜਲ, ਜੰਗਲ ਜਲਵਾਯੂ ਅਤੇ ਜ਼ਮੀਨ ਦੇ ਕੁਦਰਤੀ ਸੋਮਿਆਂ ਨੂੰ ਜੀਵਨ ਦਾਨ ਦੇਣਾ ਹੁਣ ਹਰ ਮਨੁੱਖ ਦਾ ਫਰਜ਼ ਹੈ , ਨਹੀਂ ਤਾਂ ਇਸ ਦਾ ਖਮਿਆਜ਼ਾ ਭੁਗਤਣ ਲਈ ਵੀ ਮਨੁੱਖ ਨੂੰ ਤਿਆਰ ਰਹਿਣਾ ਚਾਹੀਦਾ ਹੈ।





# ਪੰਜਾਬੀਆਂ ਨੂੰ ਕੌਮਾਂਤਰੀ ਪ੍ਰਵਾਸ ਦਾ ਕੀ ਲਾਭ ਹੋਇਆ ਤੇ ਕੀ ਗੁਆਇਆ ?

ਅੰਤਿਮ ਕਿਸ਼ਤ



**ਡਾ. ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।




(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 43.37 ਫ਼ੀਸਦੀ ਨੇ 2019, 18.23 ਫ਼ੀਸਦੀ ਨੇ 2018, 14.09 ਫ਼ੀਸਦੀ ਨੇ 2021, 10.21 ਫ਼ੀਸਦੀ ਨੇ 2016, 6.91 ਫ਼ੀਸਦੀ ਨੇ 2020, ਅਤੇ 5 ਫ਼ੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ, ਜਦੋਂ ਕਿ ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 13 ਫ਼ੀਸਦੀ ਵਿਅਕਤੀਆਂ ਨੇ 2018 ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ। ਇਸ ਤੋਂ ਬਾਅਦ 9.97 ਫ਼ੀਸਦੀ ਨੇ ਹਰੇਕ ਸਾਲ 2019 ਅਤੇ 2017, 9.78 ਫ਼ੀਸਦੀ ਨੇ 2021, 8.9 ਫ਼ੀਸਦੀ ਨੇ 2015, 7.14 ਫ਼ੀਸਦੀ ਨੇ 2010, 6.45 ਫ਼ੀਸਦੀ ਨੇ 2016, 5.77 ਫ਼ੀਸਦੀ ਨੇ 2012 ਅਤੇ 5 ਫ਼ੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 15.97 ਫ਼ੀਸਦੀ ਨੇ 2021, 14.54 ਫ਼ੀਸਦੀ ਨੇ 2020, 6.49 ਫ਼ੀਸਦੀ ਨੇ 2016, ਅਤੇ 5 ਫ਼ੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੇਂਡੂ ਪੰਜਾਬ ਵਿਚੋਂ ਕੌਮਾਂਤਰੀ ਪ੍ਰਵਾਸ ਦੀ ਪ੍ਰਕਿਰਿਆ ਵਿਚ 2014 ਤੋਂ ਬਾਅਦ ਤੇਜ਼ੀ ਆਈ। 2020 ਦੌਰਾਨ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸ਼ਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪ੍ਰਵਾਸ ਦੀ ਪ੍ਰਕ੍ਰਿਆ ਨੂੰ ਹੌਲੀ ਕੀਤਾ, ਜੋ ਮੁੜ ਤੇਜ਼ੀ ਫੜ ਰਹੀ ਹੈ।

ਮੌਜੂਦਾ ਅਧਿਐਨ ਦੇ ਸਾਕਾਰਾਤਮਿਕ ਪਹਿਲੂਆਂ ਵਿਚੋਂ ਇੱਕ ਇਹ ਹੈ ਕਿ ਪੰਜਾਬ ਦੇ ਤਿੰਨੋ ਭੂਗੋਲਿਕ ਖੇਤਰਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਕੌਮਾਂਤਰੀ ਪ੍ਰਵਾਸ ਕਾਨੂੰਨੀ ਢੰਗ ਨਾਲ ਹੋਇਆ। ਮਾਝੇ ਦੇ ਕੁੱਲ 362 ਪ੍ਰਵਾਸੀਆਂ ਨੇ ਕਾਨੂੰਨੀ ਢੰਗ ਨਾਲ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ। ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 991 ਕਾਨੂੰਨੀ ਢੰਗ ਅਤੇ ਬਾਕੀ ਦੇ 32 ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿੱਚ ਗਏ। ਇਸ ਖੇਤਰ ਦੇ ਪ੍ਰਵਾਸੀਆਂ ਦੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿੱਚ ਜਾਣ ਦੀ ਫ਼ੀਸਦੀ ਕ੍ਰਮਵਾਰ 96.87 ਅਤੇ 3.13 ਬਣਦੀ ਹੈ। ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 1394 (99.36 ਫ਼ੀਸਦੀ) ਨੇ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਲਈ ਕਾਨੂੰਨੀ ਢੰਗ ਅਤੇ ਬਾਕੀ ਦੇ ਸਿਰਫ਼ 9 (0.64 ਫ਼ੀਸਦੀ) ਨੇ ਗ਼ੈਰ-ਕਾਨੂੰਨੀ ਢੰਗ ਅਪਣਾਇਆ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਜਿੱਥੇ ਭਾਰਤੀ ਟਰੈਵਲ ਏਜੰਟਾਂ ਜਾਂ ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਰੁਜ਼ਗਾਰਦਾਤਾਵਾਂ ਨੇ ਪ੍ਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਬਾਹਰ ਜਾਣ ਵਾਲੇ ਪਾਸੇ ਪਾਇਆ, ਉੱਥੇ ਅਜਿਹੇ ਪ੍ਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਵੀ ਹੋਣਾ ਪਿਆ ਅਤੇ ਇਸ ਸੰਬੰਧ ਵਿਚ ਜ਼ਿਆਦਾਤਰ ਐਨ.ਆਰ.ਆਈ. ਰੁਜ਼ਗਾਰਦਾਤਾਵਾਂ ਨੇ ਤਾਂ ਪ੍ਰਵਾਸੀਆਂ ਦਾ ਅਮਰਵੇਲ ਵਾਂਗ ਨਪੀੜਨ ਕੀਤਾ।

ਮਾਝੇ ਦੇ ਪੇਂਡੂ ਇਲਾਕਿਆਂ ਵਿਚੋਂ ਅੱਧੇ ਤੋਂ ਵੱਧ (58.01 ਫ਼ੀਸਦੀ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ, ਜਦੋਂ ਕਿ ਇਕ-ਤਿਹਾਈ ਤੋਂ ਥੋੜ੍ਹਾ ਵੱਧ (35.36 ਫ਼ੀਸਦੀ) ਵਿਅਕਤੀ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ। ਇਸ ਤੋਂ ਇਲਾਵਾ, 4.42 ਫ਼ੀਸਦੀ ਵਿਅਕਤੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ ਅਤੇ ਸਿਰਫ਼ 2.1 ਫ਼ੀਸਦੀ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਗਏ।

ਦੁਆਬੇ ਵਿਚੋਂ ਸਭ ਤੋਂ ਵੱਧ (47.02 ਫ਼ੀਸਦੀ) ਵਿਅਕਤੀਆਂ ਨੇ ਵਰਕ ਵੀਜ਼ੇ ਨਾਲ ਵਿਦੇਸ਼ਾਂ ਵਿੱਚ ਪ੍ਰਵੇਸ਼ ਕੀਤਾ, ਜਦੋਂ ਕਿ 43 ਫ਼ੀਸਦੀ ਦੇ ਕਰੀਬ ਵਿਅਕਤੀਆਂ ਕੋਲ ਵਿਦੇਸ਼ਾਂ ਵਿੱਚ ਜਾਣ ਲਈ ਪੜ੍ਹਾਈ ਦਾ ਵੀਜ਼ਾ ਸੀ। ਇਸ ਤੋਂ ਇਲਾਵਾ, 5.55 ਫ਼ੀਸਦੀ ਵਿਅਕਤੀ ਵਿਜ਼ਟਰ ਵੀਜ਼ੇ ਉੱਤੇ ਅਤੇ 3.13 ਫ਼ੀਸਦੀ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸ਼ਾਂ ਵਿੱਚ ਗਏ। ਸਿਰਫ਼ 1.31 ਫ਼ੀਸਦੀ ਵਿਅਕਤੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ। ਲਗਭਗ ਅਜਿਹਾ ਹੀ ਰੁਝਾਨ ਮਾਲਵੇ ਵਿੱਚ ਦੇਖਣ ਨੂੰ ਮਿਲਿਆ ਹੈ। ਇਸ ਖੇਤਰ ਵਿੱਚ ਬਹੁ-ਗਿਣਤੀ (60.55 ਫ਼ੀਸਦੀ) ਵਿਅਕਤੀ ਪੜ੍ਹਾਈ ਦੇ ਵੀਜ਼ੇ ਉੱਤੇ ਵਿਦੇਸ਼ਾਂ ਵਿੱਚ ਗਏ, ਜਦੋਂ ਇਕ-ਚੌਥਾਈ ਤੋਂ ਥੋੜ੍ਹਾ ਵੱਧ (25.97 ਫ਼ੀਸਦੀ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ। ਇਸ ਤੋਂ ਇਲਾਵਾ, 7.53 ਫ਼ੀਸਦੀ ਪ੍ਰਵਾਸੀਆਂ ਕੋਲ ਸਪਾਊਸ ਵੀਜ਼ਾ ਸੀ ਅਤੇ 4.02 ਫ਼ੀਸਦੀ ਵਿਅਕਤੀ ਵਿਜ਼ਟਰ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਗਏ। ਸਿਰਫ਼ 1.93 ਫ਼ੀਸਦੀ ਪ੍ਰਵਾਸੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਵੀਜ਼ਾ ਸੀ। ਕੌਮਾਂਤਰੀ ਪ੍ਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਕਾਰਕ ਹੁੰਦੇ ਹਨ, ਕਿਉਂਕਿ ਪ੍ਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਸਿਰਫ਼ ਇਕ ਕਾਰਨ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਦੁਆਬੇ ਦੇ 9.14, ਮਾਲਵੇ ਦੇ 85.03, ਅਤੇ ਮਾਝੇ ਦੇ 27.9 ਫ਼ੀਸਦੀ ਪ੍ਰਵਾਸੀਆਂ ਦੇ ਸੰਬੰਧ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ/ਮੈਂਬਰਾਂ ਦੇ ਪ੍ਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ। ਮਾਝੇ 32.6, ਮਾਲਵੇ ਦੇ 19.67 ਅਤੇ ਦੁਆਬੇ ਦੇ 18.77 ਫ਼ੀਸਦੀ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ਼ਾਂ ਨੂੰ ਗਏ। ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਜਾਲ ਤੋਂ ਬਚਣ ਲਈ ਮਾਝੇ ਦੇ 24.59, ਮਾਲਵੇ ਦੇ 14.47 ਅਤੇ ਦੁਆਬੇ ਦੇ 4.5 ਫ਼ੀਸਦੀ ਵਿਅਕਤੀਆਂ ਨੇ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ।

ਸੂਬੇ ਦੀਆਂ ਵਿਗੜੀਆਂ ਹੋਈਆਂ ਸਮਾਜਿਕ-ਆਰਥਿਕ ਹਾਲਤਾਂ ਨੇ ਮਾਝੇ, ਮਾਲਵੇ, ਅਤੇ ਦੁਆਬੇ ਦੇ ਕ੍ਰਮਵਾਰ 31.22, 16.68 ਅਤੇ 15.64 ਫ਼ੀਸਦੀ ਵਿਅਕਤੀਆਂ ਨੂੰ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਲਈ ਮਜਬੂਰ ਕੀਤਾ। ਸੂਬੇ ਵਿਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਮਾਝੇ ਦੇ 11.88, ਮਾਲਵੇ ਦੇ 2.78 ਅਤੇ ਦੁਆਬੇ ਦੇ 1.17 ਫ਼ੀਸਦੀ ਵਿਅਕਤੀਆਂ ਨੇ ਵਿਦੇਸ਼ਾਂ ਨੂੰ ਜਾਣਾ ਬਿਹਤਰ ਸਮਝਿਆ। ਦੁਆਬੇ ਦੇ 79.67, ਮਾਝੇ ਦੇ 67.88 ਅਤੇ ਮਾਲਵੇ ਦੇ 62.44 ਫ਼ੀਸਦੀ ਵਿਅਕਤੀਆਂ ਨੇ ਵਧੇਰੇ ਕਮਾਈ ਕਰਨ ਦੀ ਇੱਛਾ ਕਾਰਨ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ। ਵਿਦੇਸ਼ਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝੇ, ਦੁਆਬੇ ਅਤੇ ਮਾਲਵੇ ਦੇ ਕ੍ਰਮਵਾਰ 82.57, 73.9, ਅਤੇ 64.01 ਫ਼ੀਸਦੀ ਵਿਅਕਤੀਆਂ ਨੂੰ ਪ੍ਰਵਾਸ ਕਰਨ ਲਈ ਆਕਰਸ਼ਿਤ ਕੀਤਾ। ਮਾਝੇ ਦੇ 14.92, ਮਾਲਵੇ ਦੇ 10.91 ਅਤੇ ਦੁਆਬੇ ਦੇ 8.7 ਫ਼ੀਸਦੀ ਵਿਅਕਤੀਆਂ ਦੇ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਦਾ ਕਾਰਨ ਉਨ੍ਹਾਂ ਦੇ ਪਰਿਵਾਰਾਂ ਦਾ ਵਿਦੇਸ਼ਾਂ ਵਿੱਚ ਵਸ ਜਾਣਾ ਸੀ। ਮਾਝੇ, ਦੁਆਬੇ, ਅਤੇ ਮਾਲਵੇ ਦੇ ਕ੍ਰਮਵਾਰ 37.57, 28.54 ਅਤੇ 16.61 ਫ਼ੀਸਦੀ ਵਿਅਕਤੀਆਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਦੀ ਉਮੀਦ ਨਾਲ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ।

ਮਾਝੇ ਵਿਚੋਂ ਪ੍ਰਵਾਸੀਆਂ ਦੇ ਵਧੇਰੇ ਹਿੱਸੇ (25.41 ਫ਼ੀਸਦੀ) ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਤਕਰੀਬਨ ਇੰਨੇ ਹੀ (25.14 ਫ਼ੀਸਦੀ) ਪ੍ਰਵਾਸੀਆਂ ਨੇ ਪ੍ਰਵਾਸ ਲਈ 20 ਤੋਂ 25 ਲੱਖ ਰੁਪਏ ਅਤੇ 24.31 ਫ਼ੀਸਦੀ ਪ੍ਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਪ੍ਰਵਾਸੀਆਂ ਦੇ 12.43 ਫ਼ੀਸਦੀ ਨੇ ਪ੍ਰਵਾਸ ਕਰਨ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਬਾਅਦ 7.73, ਅਤੇ 4.7 ਫ਼ੀਸਦੀ ਪ੍ਰਵਾਸੀਆਂ ਨੇ ਕ੍ਰਮਵਾਰ 10 ਤੋਂ 15, ਅਤੇ 25 ਤੋਂ 30 ਲੱਖ ਰੁਪਏ ਖ਼ਰਚ ਕੀਤੇ। ਸਿਰਫ਼ 0.28 ਫ਼ੀਸਦੀ ਪ੍ਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ਼ ਗਏ। ਦੁਆਬੇ ਵਿਚੋਂ 31.18 ਫ਼ੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ। ਇਸ ਤੋਂ ਬਾਅਦ 7.73, ਅਤੇ 4.7 ਫ਼ੀਸਦੀ ਪ੍ਰਵਾਸੀਆਂ ਨੇ ਕ੍ਰਮਵਾਰ 10 ਤੋਂ 15, ਅਤੇ 25 ਤੋਂ 30 ਲੱਖ ਰੁਪਏ ਖ਼ਰਚ ਕੀਤੇ। ਸਿਰਫ਼ 0.28 ਫ਼ੀਸਦੀ ਪ੍ਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ਼ ਗਏ। ਦੁਆਬੇ ਵਿਚੋਂ 31.18 ਫ਼ੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ, ਜਦੋਂ ਕਿ 17.2 ਫ਼ੀਸਦੀ ਵਿਅਕਤੀ 5 ਤੋਂ 10 ਲੱਖ ਰੁਪਏ ਖ਼ਰਚ ਕੇ ਵਿਦੇਸ਼ ਗਏ। ਪ੍ਰਵਾਸੀਆਂ ਦੇ 13.69 ਫ਼ੀਸਦੀ ਨੇ ਕੌਮਾਂਤਰੀ ਪ੍ਰਵਾਸ ਲਈ 10 ਤੋਂ 15, 20.53 ਫ਼ੀਸਦੀ ਨੇ 15 ਤੋਂ 20, ਅਤੇ 10.95 ਫ਼ੀਸਦੀ ਨੇ 20 ਤੋਂ 25 ਲੱਖ ਰੁਪਏ ਖ਼ਰਚ ਕੀਤੇ। ਪ੍ਰਵਾਸੀਆਂ ਦੇ 3.13 ਫ਼ੀਸਦੀ ਨੇ ਕੌਮਾਂਤਰੀ ਪ੍ਰਵਾਸ ਲਈ 25 ਤੋਂ 30 ਲੱਖ ਰੁਪਏ ਅਤੇ 3.32 ਫ਼ੀਸਦੀ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ। ਮਾਲਵੇ ਵਿਚੋਂ 29.29 ਫ਼ੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਇਸ ਤੋਂ ਬਾਅਦ 20.38 ਫ਼ੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 20 ਤੋਂ 25 ਲੱਖ ਰੁਪਏ ਅਤੇ 17.82 ਫ਼ੀਸਦੀ ਨੇ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਇਲਾਵਾ, 13.26 ਫ਼ੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਤੋਂ 10 ਲੱਖ ਰੁਪਏ, 10.83 ਫ਼ੀਸਦੀ ਨੇ 10 ਤੋਂ 15 ਲੱਖ ਰੁਪਏ, 4.78 ਫ਼ੀਸਦੀ ਨੇ 25 ਤੋਂ 30 ਲੱਖ ਰੁਪਏ ਅਤੇ 3.64 ਫ਼ੀਸਦੀ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ। ਜਿੱਥੋਂ ਤੱਕ ਕੌਮਾਂਤਰੀ ਪ੍ਰਵਾਸ ਲਈ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ ਹੈ, ਤਿੰਨੋਂ ਭੂਗੋਲਿਕ ਖੇਤਰਾਂ ਵਿੱਚ ਪ੍ਰਵਾਸ ਦੇ ਕੁੱਲ ਖ਼ਰਚ ਦਾ ਜ਼ਿਆਦਾ ਹਿੱਸਾ ਪ੍ਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ ਹੈ। ਇਸ ਸੰਬੰਧ ਵਿੱਚ ਧਿਆਨ ਮੰਗਦਾ ਇੱਕ ਪੱਖ ਇਹ ਹੈ ਕਿ ਪ੍ਰਵਾਸੀਆਂ ਦੇ ਪਰਿਵਾਰ ਆਪਣੇ ਬੱਚਿਆਂ/ਮੈਂਬਰਾਂ ਦੇ ਪ੍ਰਵਾਸ ਲਈ ਜਿਹੜੀ ਰਕਮ ਨੂੰ ਆਪਣੀ ਬੱਚਤ ਵਜੋਂ ਦੱਸਦੇ ਹਨ, ਉਨ੍ਹਾਂ ਪਰਿਵਾਰਾਂ ਸਿਰ ਸੰਸਥਾਗਤ ਉਧਾਰ/ਕਰਜ਼ੇ ਦੀਆਂ ਲਿਮਟਾਂ ਵੀ ਹਨ, ਜਿਨ੍ਹਾਂ ਨੂੰ ਉਹ ਅਕਸਰ ਵਰਤਦੇ ਰਹਿੰਦੇ ਹਨ। ਦੁਆਬੇ, ਮਾਲਵੇ, ਅਤੇ ਮਾਝੇ ਵਿੱਚ ਪ੍ਰਵਾਸ ਲਈ ਕੁੱਲ ਖ਼ਰਚ ਦਾ ਕ੍ਰਮਵਾਰ 43.38, 40.10, ਅਤੇ 29.34 ਫ਼ੀਸਦੀ ਪਰਿਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ ਦੱਸਿਆ ਗਿਆ ਹੈ। ਪ੍ਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ ਪਲਾਟ/ ਗਹਿਣੇ/ ਵਾਹਨ/ ਜਾਨਵਰ/ ਖੇਤੀਬਾੜੀ ਮਸ਼ੀਨਰੀ ਵੀ ਵੇਚਣੀ ਪਈ। ਇਸ ਸਰੋਤ ਨੇ ਮਾਝੇ ਵਿੱਚ ਕੁੱਲ ਖ਼ਰਚ ਵਿੱਚ 21.97 ਫ਼ੀਸਦੀ ਯੋਗਦਾਨ ਪਾਇਆ। ਮਾਲਵੇ ਵਿੱਚ ਇਹ ਯੋਗਦਾਨ 20.04 ਫ਼ੀਸਦੀ ਅਤੇ ਦੁਆਬੇ ਵਿਚ 19.67 ਫ਼ੀਸਦੀ ਸੀ।

ਮੌਜੂਦਾ ਅਧਿਐਨ ਦਾ ਇੱਕ ਬਹੁਤ ਹੀ ਦੁੱਖਦਾਈ ਪਹਿਲੂ ਇਹ ਹੈ ਕਿ ਕੌਮਾਂਤਰੀ ਪ੍ਰਵਾਸ ਲਈ ਪੰਜਾਬੀ ਆਪਣੀਆਂ ਜ਼ਮੀਨਾਂ ਵੀ ਗੁਆ ਰਹੇ ਹਨ ਅਤੇ ਆਪਣੇ ਬੱਚੇ ਵੀ। ਮਾਝੇ, ਮਾਲਵੇ, ਅਤੇ ਦੁਆਬੇ ਵਿਚੋਂ ਪ੍ਰਵਾਸੀਆਂ ਨੇ ਪ੍ਰਵਾਸ ਦੇ ਕੁੱਲ ਖ਼ਰਚ ਦਾ ਕ੍ਰਮਵਾਰ 25.09, 15.86, ਅਤੇ 14.27 ਫ਼ੀਸਦੀ ਦਾ ਪ੍ਰਬੰਧ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕੀਤਾ ਹੈ। ਇਸ ਮੰਤਵ ਲਈ ਆੜ੍ਹਤੀਆਂ ਤੋਂ ਵੀ ਕਰਜ਼ਾ ਲਿਆ ਗਿਆ, ਜੋ ਮਾਝੇ, ਮਾਲਵੇ ਅਤੇ ਦੁਆਬੇ ਵਿੱਚ ਪ੍ਰਵਾਸ ਦੇ ਕੁੱਲ ਖ਼ਰਚ ਦਾ ਕ੍ਰਮਵਾਰ 10.38, 8.78 ਅਤੇ 5.97 ਫ਼ੀਸਦੀ ਹਿੱਸਾ ਬਣਦਾ ਹੈ। ਪ੍ਰਵਾਸ ਦੇ ਕੁੱਲ ਖ਼ਰਚ ਵਿਚ ਰਿਸ਼ਤੇਦਾਰਾਂ ਦਾ ਯੋਗਦਾਨ ਦੁਆਬੇ ਵਿਚ 12.56, ਮਾਲਵੇ ਵਿਚ 11.1 ਅਤੇ ਮਾਝੇ ਵਿਚ 10.86 ਫ਼ੀਸਦੀ ਸੀ। ਕੌਮਾਂਤਰੀ ਪ੍ਰਵਾਸ ਲਈ ਪ੍ਰਵਾਸੀਆਂ ਨੇ ਆਪਣੇ ਹੋਣ ਵਾਲੇ ਸਹੁਰਿਆਂ ਤੋਂ ਮਾਲਵੇ, ਦੁਆਬੇ, ਅਤੇ ਮਾਝੇ ਵਿਚ ਪ੍ਰਵਾਸ ਦੀ ਕੁੱਲ ਲਾਗਤ ਦਾ ਕ੍ਰਮਵਾਰ 2.19, 1.33, ਅਤੇ 0.71 ਫ਼ੀਸਦੀ ਲਿਆ। ਪ੍ਰਵਾਸ ਦੇ ਕੁੱਲ ਖ਼ਰਚ ਦਾ ਸਿਰਫ਼ 2.21, 1.28, ਅਤੇ 1.11 ਫ਼ੀਸਦੀ ਹਿੱਸਾ ਕ੍ਰਮਵਾਰ ਦੁਆਬੇ, ਮਾਲਵੇ, ਅਤੇ ਮਾਝੇ ਵਿਚੋਂ ਪਹਿਲਾਂ ਤੋਂ ਗਏ ਕੌਮਾਂਤਰੀ ਪ੍ਰਵਾਸੀਆਂ ਦੁਆਰਾ ਭੇਜੇ ਗਏ ਧਨ ਤੋਂ ਆਇਆ। ਪ੍ਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ ਕਿਸਾਨਾਂ ਤੋਂ ਪ੍ਰਵਾਸ ਦੇ ਕੁੱਲ ਖ਼ਰਚ ਦਾ ਮਾਲਵੇ ਵਿੱਚ 0.65, ਦੁਆਬੇ ਵਿੱਚ 0.61 ਅਤੇ ਮਾਝੇ ਵਿੱਚ 0.44 ਫ਼ੀਸਦੀ ਕਰਜ਼ਾ ਲਿਆ। ਇਸ ਸੰਬੰਧ ਵਿੱਚ ਧਿਆਨ ਦੇਣ ਯੋਗ ਤੱਥ ਇਹ ਵੀ ਹੈ ਕਿ ਵੱਡੇ ਕਿਸਾਨ, ਪ੍ਰਵਾਸੀਆਂ ਦੇ ਪਰਿਵਾਰਾਂ ਉੱਤੇ ਕਰਜ਼ਾ ਚੜ੍ਹਾ ਕੇ ਉਨ੍ਹਾਂ ਦੀਆਂ ਜ਼ਮੀਨਾਂ ਖ਼ਰੀਦਣ ਉੱਤੇ ਨਜ਼ਰ ਰੱਖਦੇ ਹਨ।

ਕੌਮਾਂਤਰੀ ਪ੍ਰਵਾਸ ਉਨ੍ਹਾਂ ਪਰਿਵਾਰਾਂ ਲਈ ਸੁਖਾਵਾਂ ਹੋ ਸਕਦਾ ਹੈ, ਜਿਨ੍ਹਾਂ ਦੇ ਪ੍ਰਵਾਸੀ ਮੈਂਬਰ ਵਿਦੇਸ਼ਾਂ ਵਿੱਚ ਕੰਮ ਕਰਕੇ ਇਕੱਠੇ ਕੀਤੇ ਧਨ ਵਿਚੋਂ ਕੁਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਦੁਆਬੇ, ਮਾਲਵੇ, ਅਤੇ ਮਾਝੇ ਵਿਚੋਂ ਗਏ ਪ੍ਰਵਾਸੀਆਂ ਵਿਚੋਂ ਕ੍ਰਮਵਾਰ 81.92, 54.38, ਅਤੇ 46.96 ਫ਼ੀਸਦੀ ਨੇ ਆਪਣੇ ਪਰਿਵਾਰਾਂ ਨੂੰ ਕੁਝ ਧਨ ਭੇਜਿਆ। ਦੁਆਬੇ ਦੇ 71.13 ਫ਼ੀਸਦੀ, ਮਾਲਵੇ ਦੇ 56.75 ਫ਼ੀਸਦੀ ਅਤੇ ਮਾਝੇ ਦੇ 51.19 ਫ਼ੀਸਦੀ ਪ੍ਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਸਿਰਫ਼ 5 ਲੱਖ ਰੁਪਏ ਤੱਕ ਹੀ ਰਕਮਾਂ ਭੇਜੀਆਂ। ਮਾਲਵੇ, ਦੁਆਬੇ, ਅਤੇ ਮਾਝੇ ਦੇ ਕੁੱਲ ਪ੍ਰਵਾਸੀਆਂ ਵਿਚੋਂ ਕ੍ਰਮਵਾਰ 21.76, 10.02, ਅਤੇ 5.88 ਫ਼ੀਸਦੀ ਨੇ ਆਪਣੇ ਪਰਿਵਾਰਾਂ ਨੂੰ 10 ਲੱਖ ਰੁਪਏ ਜਾਂ ਇਸ ਤੋਂ ਵੱਧ ਪੈਸੇ ਭੇਜੇ। ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਤੋਂ ਗਏ ਕੌਮਾਂਤਰੀ ਪ੍ਰਵਾਸੀਆਂ ਦੇ ਪ੍ਰਵਾਸ ਦੇ ਖ਼ਰਚ ਅਤੇ ਉਨ੍ਹਾਂ ਦੁਆਰਾ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇਕ ਬਹੁਤ ਵੱਡਾ ਪਾੜਾ ਹੈ, ਜੋ ਸਪੱਸ਼ਟ ਤੌਰ ਉੱਤੇ ਪੰਜਾਬ ਅਤੇ ਭਾਰਤ ਵਿਚੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ। ਕੌਮਾਂਤਰੀ ਪ੍ਰਵਾਸ ਦੀ ਉੱਚੀ ਲਾਗਤ ਅਤੇ ਪ੍ਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਰਕਮਾਂ ਭੇਜਣ ਕਰਕੇ ਮਾਝੇ ਵਿੱਚ 90 ਫ਼ੀਸਦੀ ਤੋਂ ਮਾਮੂਲੀ ਵੱਧ, ਮਾਲਵੇ ਵਿਚ 63.79 ਫ਼ੀਸਦੀ ਅਤੇ ਦੁਆਬੇ ਵਿਚ 60.12 ਫ਼ੀਸਦੀ ਪਰਿਵਾਰ ਕਰਜ਼ੇ ਥੱਲੇ ਹਨ।

ਪੇਂਡੂ ਪੰਜਾਬ ਤੋਂ ਕੌਮਾਂਤਰੀ ਪ੍ਰਵਾਸ ਦੇ ਮੌਜੂਦਾ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਵੱਖ-ਵੱਖ ਕਾਰਨਾਂ ਕਰਕੇ ਕੀਤਾ ਜਾ ਰਿਹਾ ਪ੍ਰਵਾਸ ਪੰਜਾਬ ਅਤੇ ਭਾਰਤ ਲਈ 'ਬੌਧਿਕ ਹੂੰਝੇ', 'ਪੂੰਜੀ ਹੂੰਝੇ' ਅਤੇ ਜਨਸੰਖਿਕ ਲਾਭਅੰਸ਼ ਦੇ ਨੁਕਸਾਨ' ਤੋਂ ਬਿਨਾਂ ਹੋਰ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਅਤੇ ਭਾਰਤ ਵਿੱਚ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨ ਦੇ ਨਾਲ ਨਾਲ ਇੱਥੋਂ ਦੀਆਂ ਸਮਾਜਿਕ-ਆਰਥਿਕ ਸਥਿਤੀਆਂ, ਪ੍ਰਸ਼ਾਸਨਿਕ ਸੇਵਾਵਾਂ ਵਿੱਚ ਵੀ ਸੁਧਾਰ ਕੀਤਾ ਜਾਵੇ ਅਤੇ ਨਸ਼ਿਆਂ ਦੀ ਵਰਤੋਂ ਨੂੰ ਠੱਲ ਪਾਈ ਜਾਵੇ।



# ਪੰਜਾਬ ਨੂੰ ਆਰਥਿਕ ਤੇ ਬੌਧਿਕ ਕੰਗਾਲੀ ਵੱਲ ਵੀ ਧੱਕ ਰਿਹੈ ਕੈਨੇਡਾ ਵੱਲ ਪ੍ਰਵਾਸ



**ਪ੍ਰੋ.ਫੈਸਰ ਪਰਮਜੀਤ ਸਿੰਘ**

ਭਾਰਤੀ ਪੰਜਾਬ ਦੇ ਲੋਕ ਇਹ ਮੰਨਦੇ ਹਨ ਕਿ ਕੈਨੇਡਾ ਇੱਕ ਖ਼ੁਸ਼ਹਾਲ ਮੁਲਕ ਹੈ ਤੇ ਇਹ ਮੁਲਕ ਉੱਥੇ ਜਾਣ ਵਾਲੇ ਪੰਜਾਬੀਆਂ ਦੇ ਜੀਵਨ ਨੂੰ ਖ਼ੁਸ਼ਹਾਲ ਤੇ ਸੁੱਖਾਂ ਭਰਿਆ ਬਣਾ ਸਕਦਾ ਹੈ। ਇਸੇ ਆਸ ਜਾਂ ਮੁ.ਗਾਲਤੇ 'ਚ ਹਰ ਮਹੀਨੇ ਸੈਂਕੜੇ ਪੰਜਾਬੀ ਨੌਜਵਾਨ ਪੜ੍ਹਾਈ ਦੇ ਨਾਂਅ 'ਤੇ ਅਤੇ ਕਈ ਹੋਰ ਪੰਜਾਬੀ ਕਿਸਾਨ, ਕਾਰੋਬਾਰੀ, ਡਾਕਟਰ, ਇੰਜੀਨੀਅਰ ਤੇ ਹੋਰ ਪ੍ਰੋਫ਼ੈਸ਼ਨਲਜ਼ ਆਪਣੀ ਜਨਮ ਭੋਇੰ ਛੱਡ ਕੇ ਕੈਨੇਡਾ 'ਚ ਪਰਵਾਸ ਹੰਢਾਉਣ ਦੇ ਰਾਹ ਪੈ ਰਹੇ ਹਨ ਪਰ ਇੱਕ ਕੌੜਾ ਸੱਚ ਇਹ ਵੀ ਹੈ ਕਿ ਕੈਨੇਡਾ ਵੀ ਹੁਣ ਕਰਜ਼ੇ ਦੇ ਬੋਝ ਹੇਠਾਂ ਦੱਬਿਆ ਜਾ ਰਿਹਾ ਹੈ ਤੇ ਉੱਥੇ ਜਾ ਕੇ ਕਰਨ ਲਈ ਕੋਈ ਢੰਗ ਦਾ ਕੰਮ ਲੱਭਣਾ ਹੁਣ ਆਸਾਨ ਨਹੀਂ ਰਿਹਾ ਹੈ। ਵਰਤਮਾਨ ਸਮੇਂ 'ਚ ਕੈਨੇਡਾ ਜਾ ਰਹੇ ਪੰਜਾਬ ਵਾਸੀਆਂ ਨੂੰ ਉੱਥੇ ਜਾ ਕੇ ਹੱਡ-ਭੰਨਵੀਂ ਮਿਹਨਤ ਨਾਲ ਕਮਾਈ ਕਰਕੇ ਆਪਣਾ ਗੁ.ਜ਼ਾਰਾ ਸੌਖਾ ਕਰਨ ਅਤੇ ਪਿੱਛੇ ਪੰਜਾਬ 'ਚ ਰਹਿੰਦੇ ਪਰਿਵਾਰਕ ਜੀਆਂ ਨੂੰ ਵੱਖ-ਵੱਖ ਕਾਰਜਾਂ ਲਈ ਪੈਸੇ ਭੇਜਣ ਦਾ ਸਿਲਸਿਲਾ ਹੁਣ ਕਾਫ਼ੀ ਔਖਾ ਹੁੰਦਾ ਜਾ ਰਿਹਾ ਹੈ। ਕਈ ਨੌਜਵਾਨ ਉੱਥੇ ਜਾ ਕੇ ਨਿੱਤ ਦਿਨ ਔਖੇ ਹੁੰਦੇ ਹਾਲਾਤਾਂ ਕਰਕੇ ਆਪਣੇ ਸੁਫ਼ਨਿਆਂ ਨੂੰ ਇਕ-ਇਕ ਕਰਕੇ ਟੁੱਟਦਾ ਹੋਇਆ ਵੇਖ ਰਹੇ ਹਨ। ਕੁਝ ਪਰਵਾਸੀ ਤਾਂ ਅੱਜ ਕੈਨੇਡਾ ਨੂੰ 'ਮਿੱਠੀ ਜੇਲ੍ਹ' ਮੰਨਦੇ ਹਨ, ਜਿੱਥੇ ਨਾ ਤਾਂ ਰਹਿਣਾ ਸੌਖਾ ਰਹਿ ਗਿਆ ਹੈ ਤੇ ਨਾ ਹੀ ਪਿੱਛੇ ਮੁੜਿਆ ਜਾ ਰਿਹਾ ਹੈ।

ਕੈਨੇਡਾ ਦਾ ਕੁੱਲ ਰਕਬਾ 99,84,670 ਵਰਗ ਕਿਲੋਮੀਟਰ ਹੈ, ਜਿਸ ਵਿਚੋਂ 90,93,507 ਵਰਗ ਕਿਲੋਮੀਟਰ ਰਕਬਾ ਜ਼ਮੀਨੀ ਖੇਤਰ ਹੈ ਤੇ ਕੁੱਲ ਰਕਬੇ ਦਾ ਲਗਪਗ 12 ਫ਼ੀਸਦੀ ਹਿੱਸਾ ਜਲ ਖੇਤਰ ਹੈ। ਇਹ ਦੇਸ਼ ਰਕਬੇ ਪੱਖੋਂ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਸਾਲ 2021 ਦੀ ਜਨਗਣਨਾ ਅਨੁਸਾਰ ਕੈਨੇਡਾ ਦੀ ਕੁੱਲ ਆਬਾਦੀ 3,65,66,248 ਸੀ ਜਦੋਂ ਕਿ ਮਾਰਚ, 2023 ਤੱਕ ਇਹ ਆਬਾਦੀ 3,95,66,248 ਦੇ ਅੰਕੜੇ ਤੱਕ ਪੁੱਜ ਚੁੱਕੀ ਸੀ। ਇੱਥੇ ਵਸੋਂ ਦੀ ਘਣਤਾ 4.2 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੇ ਕਰੀਬ ਬਣਦੀ ਹੈ। ਇੱਥੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ 60,177 ਡਾਲਰ ਦੇ ਕਰੀਬ ਹੈ ਤੇ ਸਾਲ 2023 ਦੌਰਾਨ ਕੁੱਲ ਅਨੁਮਾਨਤ ਜੀ.ਡੀ.ਪੀ. 2.385 ਟ੍ਰਿਲਿਅਨ ਡਾਲਰ ਦੱਸਿਆ ਜਾਂਦਾ ਹੈ। ਕੈਨੇਡਾ ਵਿਖੇ ਰਹਿ ਰਹੇ ਪੰਜਾਬੀਆਂ ਦੀ ਆਬਾਦੀ ਦੇ ਜੇ ਗੱਲ ਕੀਤੀ ਜਾਵੇ ਤਾਂ ਸਾਲ 2021 ਦੀ ਜਨਗਣਨਾ ਅਨੁਸਾਰ ਇਹ 9,42,170 ਦੱਸੀ ਗਈ ਸੀ, ਜਿਸ ਵਿਚੋਂ ਉਂਟਾਰੀਓ ਵਿੱਚ 3,97,865, ਬ੍ਰਿਟਿਸ਼ ਕੋਲੰਬੀਆ ਵਿੱਚ 3,15,000 ਅਤੇ ਅਲਬਰਟਾ ਇਲਾਕੇ ਵਿੱਚ 1,26,385 ਪੰਜਾਬੀ ਲੋਕ ਵਸਦੇ ਸਨ। ਕੈਨੇਡਾ ਦੇ ਨਿਊਨਾਵਤ ਖੇਤਰ ਵਿੱਚ ਵੱਸਣ ਵਾਲੇ ਪੰਜਾਬੀਆਂ ਦੀ ਕੁੱਲ ਗਿਣਤੀ 50 ਤੋਂ ਵੀ ਘੱਟ ਹੈ, ਜਦੋਂ ਕਿ ਪੰਜਾਬੀਆਂ ਦੀ ਸਭ ਤੋਂ ਵੱਧ ਵਸੋਂ ਉਂਟਾਰੀਓ ਇਲਾਕੇ 'ਚ ਹੈ। ਸਾਲ 2021 ਦੀ ਜਨਗਣਨਾ ਮੁਤਾਬਿਕ ਕੈਨੇਡਾ ਵਿਖੇ ਪੰਜਾਬੀ ਭਾਸ਼ਾ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਤੇ ਸਾਲ 2001 ਦੀ ਜਨਗਣਨਾ ਅਨੁਸਾਰ ਇੱਥੇ ਰਹਿਣ ਵਾਲੇ ਪੰਜਾਬੀਆਂ ਵਿਚੋਂ 86 ਫ਼ੀਸਦੀ ਦੇ ਕਰੀਬ ਪੰਜਾਬੀਆਂ ਦਾ ਸਿੱਖ ਧਰਮ 'ਚ ਵਿਸ਼ਵਾਸ ਸੀ ਤੇ ਬਾਕੀ 14 ਫ਼ੀਸਦੀ ਪੰਜਾਬੀ ਲੋਕ ਹੋਰ ਧਰਮਾਂ ਨਾਲ ਸੰਬੰਧਿਤ ਸਨ।

ਇਤਿਹਾਸ ਦੇ ਵਰਕੇ ਫ਼ਰੋਲਿਆਂ ਪਤਾ ਲਗਦਾ ਹੈ ਕਿ ਪੰਜਾਬੀਆਂ ਨੇ ਪਹਿਲੀ ਵਾਰ ਸੰਨ 1897 ਦੇ ਕਰੀਬ ਕੈਨੇਡਾ ਦੀ ਧਰਤੀ 'ਤੇ ਬ੍ਰਿਟਿਸ਼ ਕੋਲੰਬੀਆ ਇਲਾਕੇ ਵਿੱਚ ਕਦਮ ਰੱਖਿਆ ਸੀ ਤੇ ਇਥੇ ਆਏ ਪੰਜਾਬੀਆਂ ਨੇ



ਸਭ ਤੋਂ ਪਹਿਲਾਂ ਜੰਗਲੀ ਲੱਕੜੀ ਨਾਲ ਸੰਬੰਧਿਤ ਕਾਰੋਬਾਰ ਵਿੱਚ ਸ਼ਮੂਲੀਅਤ ਕੀਤੀ ਸੀ। ਅਸਲ ਵਿੱਚ ਇਥੇ ਪੁੱਜੇ ਇਹ ਪੰਜਾਬੀ ਲੋਕ ਭਾਰਤ ਤੋਂ ਇੰਗਲੈਂਡ ਗਏ ਸੈਨਿਕ ਸਨ, ਜਿਨ੍ਹਾਂ ਨੂੰ ਮਹਾਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਸਮਾਗਮਾਂ ਦੀ ਖ਼ੁਸ਼ੀ ਵਿੱਚ ਸੈਰ-ਸਫ਼ਰ ਲਈ ਕੈਨੇਡਾ ਭੇਜਿਆ ਗਿਆ ਸੀ। ਦਰਅਸਲ ਇਹ ਪੰਜਾਬੀ ਹੀ ਕੈਨੇਡਾ ਵਿੱਚ ਆ ਕੇ ਵਸਣ ਵਾਲੇ ਦੱਖਣੀ-ਏਸ਼ੀਆ ਮੂਲ ਦੇ ਪਹਿਲੇ ਵਿਅਕਤੀ ਸਨ। ਇਥੇ ਆਏ ਇਨ੍ਹਾਂ ਚੰਦ ਸੈਨਿਕਾਂ ਤੋਂ ਬਾਅਦ ਕੁਝ ਹੋਰ ਪੰਜਾਬੀਆਂ ਨੇ ਵੀ ਕੈਨੇਡਾ ਦਾ ਰੁਖ਼ ਕਰ ਲਿਆ ਤੇ ਸੰਨ 1900 ਤੱਕ ਭਾਵ ਤਿੰਨ ਸਾਲ ਦੇ ਅੰਦਰ-ਅੰਦਰ ਇਥੇ ਪੰਜਾਬੀਆਂ ਦੀ ਗਿਣਤੀ 100 ਦੇ ਕਰੀਬ ਹੋ ਗਈ ਸੀ, ਜੋ ਅਗਲੇ ਛੇ ਸਾਲਾਂ ਵਿੱਚ 15 ਗੁਣਾ ਵਧ ਕੇ ਸੰਨ 1906 ਵਿੱਚ 1500 ਹੋ ਗਈ ਸੀ। ਸੰਨ 1902 ਵਿੱਚ ਪੰਜਾਬੀਆਂ ਨੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਖਿੱਤੇ 'ਚ ਪੈਂਦੇ 'ਗੋਲਡਨ' ਸ਼ਹਿਰ ਵਿੱਚ ਸਥਿਤ 'ਕੋਲੰਬੀਆ ਰਿਵਰ ਲੰਬਰ ਕੰਪਨੀ' ਵਿੱਚ ਕੰਮ ਕਰਨ ਲਈ ਪਹਿਲੀ ਵਾਰ ਆਮਦ ਕੀਤੀ ਸੀ। ਇਥੇ ਆਉਂਦਿਆਂ ਹੀ ਆਪਣੀ ਸਖ਼ਤ ਮਿਹਨਤ ਕਰਨ ਦੀ ਆਦਤ ਅਤੇ ਸਿਰੜੀ ਸੁਭਾਅ ਦੀ ਬਦੌਲਤ ਪੰਜਾਬੀਆਂ ਨੇ ਖੇਤੀਬਾੜੀ ਅਤੇ ਜੰਗਲੀ ਲੱਕੜੀ ਦੇ ਕਾਰੋਬਾਰ ਦੇ ਖੇਤਰ ਵਿੱਚ ਆਪਣੀ ਵੱਡੀ ਥਾਂ ਬਣਾ ਲਈ ਸੀ। ਇਥੇ ਆ ਕੇ ਵਸਣ ਵਾਲੇ ਪੰਜਾਬੀਆਂ ਨੇ ਸੰਨ 1905 ਵਿੱਚ ਕੈਨੇਡਾ ਅਤੇ ਉੱਤਰੀ ਅਮਰੀਕਾ ਦੇ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰ ਦਿੱਤੀ ਸੀ।

ਸਭ ਤੋਂ ਪਹਿਲੀ ਤੇ ਵੱਡੀ ਸੱਭਿਆਚਾਰਕ ਮੁਸ਼ਕਿਲ ਪੰਜਾਬੀਆਂ ਨੂੰ ਸੰਨ 1907 ਵਿੱਚ ਦਰਪੇਸ਼ ਆਈ ਸੀ, ਜਦੋਂ ਇੱਕ ਪੰਜਾਬੀ ਸਿੱਖ ਦਾ ਦਿਹਾਂਤ ਹੋ ਗਿਆ ਸੀ ਤੇ ਕੈਨੇਡਾ ਦੇ ਪਾਦਰੀਆਂ ਨੇ ਉੱਥੇ ਉਸ ਸਿੱਖ ਦਾ ਅੰਤਿਮ ਸੰਸਕਾਰ ਚਿਤਾ ਜਲਾ ਕੇ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰਨ ਤੋਂ ਇਲਾਵਾ ਉਸ ਸਿੱਖ ਨੂੰ ਉੱਥੇ ਦਫ਼ਨਾਉਣ ਦੀ ਆਗਿਆ ਦੇਣ ਤੋਂ ਵੀ ਮਨ੍ਹਾਂ ਕਰ ਦਿੱਤਾ ਸੀ। ਇਸ ਧਰਮ ਸੰਕਟ ਦੇ ਮਾਰੇ ਪੰਜਾਬੀਆਂ ਨੇ ਦੂਰ ਕਿਸੇ ਜੰਗਲ 'ਚ ਜਾ ਕੇ ਉਸ ਸਿੱਖ ਮ੍ਰਿਤਕ ਦਾ ਅੰਤਿਮ ਸੰਸਕਾਰ ਕੀਤਾ ਸੀ। ਇਸ ਘਟਨਾ ਨੇ ਉੱਥੇ ਵੱਸਦੇ ਪੰਜਾਬੀਆਂ ਨੂੰ ਤੇ ਖ਼ਾਸ ਕਰਕੇ ਸਿੱਖਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਸੀ ਕਿ ਉਨ੍ਹਾਂ ਦੀ ਵਸੋਂ ਵਾਲੇ ਇਲਾਕੇ ਵਿੱਚ ਉਨ੍ਹਾਂ ਦਾ ਕੋਈ ਨਾ ਕੋਈ ਵੱਡਾ ਧਾਰਮਿਕ ਸਥਾਨ ਅਤੇ ਸ਼ਮਸ਼ਾਨਘਾਟ ਕੈਨੇਡਾ ਵਿੱਚ ਹੋਣਾ ਹੀ ਚਾਹੀਦਾ ਹੈ। ਇਸ ਉਪਰੰਤ ਪੰਜਾਬੀਆਂ ਨੇ ਇਥੇ ਹੋਰ ਧਾਰਮਿਕ ਸਥਾਨ ਬਣਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਸੀ, ਜਿਸ ਦੇ ਤਹਿਤ ਸੰਨ 1908 ਵਿੱਚ ਵੈਨਕੂਵਰ ਦੇ ਕਿਟਸੀਲਾਨੋ ਖੇਤਰ 'ਚ ਪੰਜਾਬੀਆਂ ਨੇ ਆਪਣੇ ਦੂਜੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰ ਦਿੱਤੀ ਸੀ, ਜਿਸ ਨੂੰ ਕਿ ਸੰਨ



1970 ਵਿੱਚ ਢਾਹ ਕੇ ਰੌਸ ਸਟਰੀਟ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ। ਬੜੀ ਹੀ ਮਹੱਤਵਪੂਰਨ ਤੇ ਦਿਲਚਸਪ ਗੱਲ ਹੈ ਕਿ ਸੰਨ 1911 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਐਬਟਸਫ਼ੋਰਡ ਇਲਾਕੇ 'ਚ ਬਣਾਏ ਗਏ ਗੁਰਦੁਆਰਾ ਗੁਰਸਿੱਖ ਟੈਂਪਲ ਨੂੰ ਸੰਨ 2002 ਵਿੱਚ ਕੈਨੇਡਾ ਦੇ ਇਤਿਹਾਸਕ ਮਹੱਤਵ ਵਾਲੇ ਮਹੱਤਵਪੂਰਨ ਸਥਾਨਾਂ ਦੀ ਸੂਚੀ ਵਿੱਚ ਸ਼ਾਮਿਲ ਕਰ ਲਿਆ ਗਿਆ ਸੀ।

ਕੈਨੇਡਾ ਵਿੱਚ ਪੰਜਾਬੀਆਂ ਬਾਰੇ ਇੱਕ ਦਿਲਚਸਪ ਤੱਥ ਇਹ ਵੀ ਰਿਹਾ ਹੈ ਕਿ ਸੰਨ 1906 ਵਿੱਚ ਇਥੇ ਪੰਜਾਬੀਆਂ ਦੀ ਗਿਣਤੀ 1500 ਸੀ, ਜੋ ਕਿ ਸੰਨ 1907 ਵਿੱਚ 4700 ਹੋ ਗਈ ਪਰ ਸੰਨ 1914 ਵਿੱਚ ਇਹ ਗਿਣਤੀ ਘਟ ਕੇ ਕੇਵਲ 2000 ਹੀ ਰਹਿ ਗਈ ਸੀ। ਇਸ ਦਾ ਕਾਰਨ ਇਥੇ ਪੰਜਾਬੀਆਂ ਨਾਲ ਨਸਲੀ ਵਿਤਕਰਾ ਹੋਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਜਾਣਾ ਸੀ। ਸੰਨ 1914 ਵਿੱਚ ਹੀ ਕਾਮਾਗਾਟਾ ਮਾਰੂ ਕਾਂਡ ਵੀ ਇਸੇ ਨਸਲੀ ਭੇਦਭਾਵ ਕਰਕੇ ਵਾਪਰਿਆ ਸੀ, ਜਿਸ ਵਿੱਚ ਸਮੁੰਦਰੀ ਜਹਾਜ਼ 'ਤੇ ਸਵਾਰ 374 ਯਾਤਰੀਆਂ ਵਿਚੋਂ ਕੇਵਲ 24 ਯਾਤਰੀਆਂ ਨੂੰ ਕੈਨੇਡਾ 'ਚ ਦਾਖ਼ਲ ਹੋਣ ਦੀ ਆਗਿਆ ਦਿੱਤੀ ਗਈ ਸੀ ਤੇ ਬਾਕੀ ਬਚੇ 352 ਯਾਤਰੀਆਂ ਜਿਨ੍ਹਾਂ ਵਿੱਚ 337 ਪੰਜਾਬੀ ਸਿੱਖ, 27 ਪੰਜਾਬੀ ਮੁਸਲਿਮ ਅਤੇ 12 ਪੰਜਾਬੀ ਹਿੰਦੂ ਸਨ, ਨੂੰ ਵਾਪਸ ਭਾਰਤ ਪਰਤਣ ਲਈ ਆਖ਼ ਦਿੱਤਾ ਗਿਆ ਸੀ। ਸੰਨ 1991 ਦੇ ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਪੰਜਾਬੀਆਂ ਦੀ ਗਿਣਤੀ 1,67,930 ਸੀ, ਜੋ ਕਿ ਸੰਨ 1996 ਵਿੱਚ ਵਧ ਕੇ 2,48, 695, ਸੰਨ 2016 ਵਿੱਚ 6,68,240 ਅਤੇ ਸੰਨ 2021 ਵਿੱਚ 9,42,170 ਹੋ ਗਈ ਸੀ ਕਿ ਉਸ ਵੇਲੇ ਕੈਨੇਡਾ ਦੀ ਕੁੱਲ ਆਬਾਦੀ ਦਾ 2.6 ਫ਼ੀਸਦੀ ਦੇ ਕਰੀਬ ਬਣਦਾ ਸੀ।

ਸੰਨ 1925 ਵਿੱਚ ਕੈਨੇਡਾ ਗਏ ਸ. ਨਿਰੰਜਨ ਸਿੰਘ ਗਰੇਵਾਲ ਨੂੰ 25 ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਸੰਨ 1950 ਵਿੱਚ ਸਰਕਾਰੀ ਅਹੁਦਾ ਪ੍ਰਾਪਤ ਕਰਨ ਵਾਲੇ ਪਹਿਲੇ ਪੰਜਾਬੀ ਸ਼ਖ਼ਸ ਹੋਣ ਦਾ ਸ਼ਰਫ਼ ਹਾਸਿਲ ਹੋਇਆ ਸੀ। ਆਪਣੀ ਕਾਬਲੀਅਤ ਦੇ ਬਲਬੂਤੇ ਉਨ੍ਹਾਂ ਨੂੰ ਸੰਨ 1952 ਵਿੱਚ 'ਬੋਰਡ ਆਫ਼ ਕਮਿਸ਼ਨਰਜ਼' ਵਿੱਚ ਦੁਬਾਰਾ ਚੁਣ ਲਿਆ ਗਿਆ ਸੀ ਤੇ ਸੰਨ 1954 ਵਿੱਚ ਉਨ੍ਹਾਂ ਨੂੰ 'ਮਿਸ਼ਨ' ਇਲਾਕੇ ਦਾ ਮੇਅਰ ਨਿਯੁਕਤ ਕਰ ਦਿੱਤਾ ਗਿਆ ਸੀ, ਜੋ ਕਿ ਸਮੂਹ ਪੰਜਾਬੀਆਂ ਲਈ ਮਾਣ ਵਾਲੀ ਗੱਲ ਸੀ। ਸੰਨ 1956 ਵਿੱਚ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਕੇਵਲ ਧਮਕੀਆਂ ਹੀ ਨਹੀਂ ਮਿਲੀਆਂ, ਸਗੋਂ ਸ਼ਰਾਰਤੀ ਅਨਸਰਾਂ ਵਲੋਂ ਉਨ੍ਹਾਂ ਦੇ ਘਰ ਸਮੇਤ ਉਨ੍ਹਾਂ ਦੀਆਂ ਛੇ ਮਿੱਲਾਂ ਨੂੰ ਵੀ ਅੱਗ ਲਗਾ ਦਿੱਤੀ ਗਈ ਸੀ। 17 ਜੁਲਾਈ, 1957 ਨੂੰ ਸਿਆਟਲ ਦੇ ਇੱਕ ਹੋਟਲ ਵਿੱਚ ਨਿਰੰਜਨ ਸਿੰਘ ਗਰੇਵਾਲ ਦੀ ਸ਼ੱਕੀ ਹਾਲਾਤਾਂ ਵਿਚ ਮੌਤ ਹੋ ਗਈ ਸੀ। ਉਨ੍ਹਾਂ ਦੇ ਸਿਰ ਵਿੱਚ ਗੋਲੀ ਲੱਗੀ ਸੀ। ਸ. ਨਿਰੰਜਨ ਸਿੰਘ ਗਰੇਵਾਲ ਨੂੰ ਸ਼ਰਧਾਂਜਲੀ ਦੇ ਰੂਪ ਵਿੱਚ ਮਿਸ਼ਨ ਸ਼ਹਿਰ ਵਿਖੇ ਇਕ ਸੜਕ ਦਾ ਨਾਂਅ ਗਰੇਵਾਲ ਸਟਰੀਟ ਰੱਖ ਦਿੱਤਾ ਗਿਆ ਸੀ। ਯਾਦ ਰਹੇ ਕਿ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ ਦੱਖਣੀ ਵੈਨਕੂਵਰ ਇਲਾਕੇ ਵਿੱਚ 'ਪੰਜਾਬੀ ਮਾਰਕੀਟ' ਬਣ ਚੁੱਕੀ ਸੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਭਾਗ ਵਿੱਚ ਸਥਿਤ ਪ੍ਰਿੰਸ ਜਾਰਜ ਨਾਮਕ ਆਰਥਿਕ ਗਤੀਵਿਧੀਆਂ ਦਾ ਕੇਂਦਰ ਪੰਜਾਬੀਆਂ ਦੀ ਆਮਦ ਨਾਲ ਸਰਾਬੋਰ ਹੋ ਚੁੱਕਾ ਸੀ।

ਸੰਨ 1967 ਵਿੱਚ ਕੈਨੇਡਾ ਸਰਕਾਰ ਨੇ ਕੁਝ ਨਿਯਮਾਂ ਵਿੱਚ ਵਿਸ਼ੇਸ਼ ਫ਼ੇਰਬਦਲ ਕੀਤਾ ਸੀ, ਜਿਸ ਕਰਕੇ ਇਥੇ ਪੰਜਾਬੀਆਂ ਦੀ ਆਮਦ ਵਿੱਚ ਚੋਖਾ ਵਾਧਾ ਹੋਇਆ ਸੀ। ਸੰਨ 1970 ਤੋਂ ਬਾਅਦ ਪੰਜਾਬੀਆਂ ਦਾ ਗਲਬਾ ਉੱਤਰੀ ਡੈਲਟਾ, ਪੂਰਬੀ ਰਿਚਮੰਡ ਅਤੇ ਸਰੀ ਆਦਿ ਇਲਾਕਿਆਂ ਵਿੱਚ ਵਧਣਾ ਸ਼ੁਰੂ ਹੋ ਗਿਆ ਸੀ। ਸੰਨ 1986 ਵਿੱਚ ਭਾਰਤੀ ਮੂਲ ਦੇ ਸ. ਮਨਮੋਹਨ ਸਿੰਘ ਸਹੋਤਾ ਨੂੰ ਕੈਨੇਡਾ ਦੀ ਸੰਸਦ ਦਾ ਮੈਂਬਰ ਚੁਣਿਆ ਗਿਆ ਸੀ। ਸੰਨ 1955 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਡੰਕਨ ਸ਼ਹਿਰ ਵਿਖੇ ਜਨਮੇ ਸ੍ਰੀ ਸਹੋਤਾ ਪਹਿਲੇ ਦੱਖਣ-ਏਸ਼ੀਆਈ ਕੈਨੇਡੀਅਨ ਐਮ.ਪੀ.ਸਨ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਕੈਨੇਡਾ ਦਾ ਉਂਟਾਰੀਓ ਖਿੱਤਾ ਪੰਜਾਬੀਆਂ ਦੀ ਆਬਾਦੀ ਨਾਲ ਭਰਪੂਰ ਹੋਣਾ ਸ਼ੁਰੂ ਹੋ ਗਿਆ ਸੀ। ਸਾਲ 2011 ਦੀ ਜਨਗਣਨਾ ਅਨੁਸਾਰ ਮੈਟਰੋ ਵੈਨਕੂਵਰ ਵਿਖੇ ਘਰਾਂ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੁੱਲ ਵਸੋਂ ਦਾ 5.5 ਫ਼ੀਸਦੀ ਸੀ, ਜਦੋਂ ਕਿ ਸਰੀ ਵਾਸੀਆਂ 'ਚੋਂ 21.3 ਫ਼ੀਸਦੀ ਲੋਕ ਘਰਾਂ 'ਚ ਪੰਜਾਬੀ ਬੋਲੀ ਹੀ ਬੋਲਦੇ ਸਨ। ਸਾਲ 2021 ਵਿੱਚ ਹੋਈ ਜਨਗਣਨਾ ਦੇ ਅੰਕੜਿਆਂ ਅਨੁਸਾਰ ਪੰਜਾਬੀ ਭਾਸ਼ਾ ਕੈਨੇਡਾ ਵਿੱਚ ਬੋਲੀਆਂ ਜਾਣ ਵਾਲੀਆਂ ਹੋਰ ਭਾਸ਼ਾਵਾਂ ਵਿੱਚ ਚੌਥੇ ਸਥਾਨ 'ਤੇ ਸੀ ਤੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿੱਚ ਇਹ ਵਾਧਾ ਪਿਛਲੀ ਜਣਗਣਨਾ ਵਿੱਚ ਦਰਜ ਪੰਜਾਬੀ ਬੋਲਣ ਵਾਲਿਆਂ ਦੇ ਮੁਕਾਬਲੇ 49 ਫ਼ੀਸਦੀ ਜ਼ਿਆਦਾ ਸੀ। ਉਸ ਵੇਲੇ ਦੇ ਅੰਕੜਿਆਂ ਅਨੁਸਾਰ ਤੀਜੇ ਨੰਬਰ 'ਤੇ ਖੜ੍ਹੀ ਚੀਨੀ ਭਾਸ਼ਾ 5.3 ਲੱਖ ਲੋਕਾਂ ਵਲੋਂ ਬੋਲੀ ਜਾਂਦੀ ਸੀ, ਜਦੋਂ ਕਿ ਚੌਥੇ ਨੰਬਰ 'ਤੇ ਆਈ ਪੰਜਾਬੀ ਨੂੰ ਬੋਲਣ ਵਾਲਿਆਂ ਦੀ ਗਿਣਤੀ 5.2 ਲੱਖ ਸੀ ਭਾਵ ਕਿ ਅੰਤਰ ਬਹੁਤ ਹੀ ਥੋੜ੍ਹਾ ਸੀ।

ਪੰਜਾਬੀਆਂ ਦੀ ਕੈਨੇਡਾ ਵਿੱਚ ਚੜ੍ਹਤ ਨੂੰ ਇਥੋਂ ਵੀ ਮਾਪਿਆ ਜਾ ਸਕਦਾ ਹੈ ਕਿ ਸੰਨ 2015 ਦੀਆਂ ਸੰਸਦੀ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਵਾਲੇ 19 ਭਾਰਤੀ ਮੂਲ ਦੇ ਸੰਸਦ ਮੈਂਬਰਾਂ ਵਿਚੋਂ 18 ਪੰਜਾਬੀ ਸਨ, ਜਿਨ੍ਹਾਂ ਵਿੱਚ ਲਿਬਰਲ ਪਾਰਟੀ ਵਲੋਂ ਖੜ੍ਹੇ ਕੀਤੇ 18 ਪੰਜਾਬੀ ਉਮੀਦਵਾਰਾਂ ਵਿਚੋਂ 14 ਨੇ ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਖੜ੍ਹੇ ਕੀਤੇ 19 ਪੰਜਾਬੀ ਉਮੀਦਵਾਰਾਂ ਵਿਚੋਂ ਕੇਵਲ 4 ਹੀ ਜਿੱਤ ਹਾਸਿਲ ਕਰ ਸਕੇ ਸਨ। ਸੰਨ 2019 ਦੀਆਂ ਚੋਣਾਂ ਵਿੱਚ ਜਿੱਤ ਹਾਸਿਲ ਕਰਨ ਵਾਲੇ ਭਾਰਤੀ ਮੂਲ ਦੇ 20 ਉਮੀਦਵਾਰਾਂ ਵਿਚੋਂ 19 ਪੰਜਾਬ ਨਾਲ ਸੰਬੰਧਿਤ ਸਨ। ਪ੍ਰਧਾਨ ਮੰਤਰੀ ਸ੍ਰੀ ਜਸਟਿਨ ਟਰੂਡੋ ਦੀ ਸਰਕਾਰ ਵਿੱਚ ਮੰਤਰੀ ਵਜੋਂ ਸੇਵਾ ਨਿਭਾਉਣ ਦਾ ਸ਼ਰ.ਫ ਸ. ਹਰਜੀਤ ਸਿੰਘ ਸੱਜਣ, ਸ. ਨਵਦੀਪ ਬੈਂਸ ਤੇ ਬਾਰਦਿਸ਼ ਚੱਗਰ ਨੂੰ ਹਾਸਿਲ ਹੋ ਚੁੱਕਾ ਹੈ ਤੇ ਬਾਰਦਿਸ਼ ਚੱਗਰ ਨੂੰ ਤਾਂ ਕੈਨੇਡਾ ਦੇ ਇਤਿਹਾਸ ਵਿੱਚ 'ਹਾਊਸ ਆਫ਼ ਕਾਮਨਜ਼ ਵਿੱਚ ਪਹਿਲੀ ਮਹਿਲਾ ਆਗੂ' ਹੋਣ ਦਾ ਸ਼ਰ.ਫ ਵੀ ਹਾਸਿਲ ਹੋਇਆ ਹੈ। ਟਿਮ ਉੱਪਲ, ਅਰਪਣ ਖੰਨਾ ਅਤੇ ਜਸਰਾਜ ਹੇਲਾਂ ਤੋਂ ਬਾਅਦ ਉਹ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ ਤੀਜੇ ਪੰਜਾਬੀ ਐਮ.ਪੀ. ਹਨ।

(ਬਾਕੀ ਸਫ਼ਾ 31 'ਤੇ)

ਮੈਂ ਕੰਡਿਆਲੀ ਥੋਹਰ ਵੇ ਸੱਜਣਾ.....

# ਕਈ ਗੁਣਾਂ ਨਾਲ ਭਰਪੂਰ ਹੁੰਦੇ ਹਨ ਕੰਡਿਆਂ ਵਾਲੇ ਪੌਦੇ



ਕਮਲਜੀਤ ਕੌਰ ਗੁੰਮਟੀ

ਮੈਨੂੰ ਥੋਹਰ ਦੇ ਪੌਦਿਆਂ ਨਾਲ ਅੰਤਾਂ ਦਾ ਮੋਹ ਹੈ। ਘਰ ਵਿੱਚ ਥੋਹਰ ਦੇ ਪੌਦੇ ਲੱਗੇ ਦੇਖ ਕੇ ਬੜੇ ਸਿਆਣਪ ਭਰੇ ਲਹਿਜੇ ਵਿੱਚ ਕਿਸੇ ਨੇ ਮੈਨੂੰ ਸਮਝਾਉਣ ਦਾ ਯਤਨ ਕੀਤਾ ਕਿ ਕੰਡਿਆਂ ਵਾਲੇ ਪੌਦੇ ਘਰ ਵਿੱਚ ਲਗਾਉਣਾ ਅਸ਼ੁੱਭ ਹੈ। ਉਸ ਸਮੇਂ ਮੈਨੂੰ ਸ਼ਿਵ ਕੁਮਾਰ ਬਟਾਲਵੀ ਦੀ ਲਿਖੀ ਕਵਿਤਾ ਚੇਤੇ ਆਈ ਜਿਸ ਵਿੱਚ ਉਨ੍ਹਾਂ ਨੇ ਥੋਹਰ ਦਾ ਜ਼ਿਕਰ ਕੀਤਾ:

ਮੈਂ ਕੰਡਿਆਲੀ ਥੋਹਰ ਵੇ ਸੱਜਣਾ,
ਉੱਗੀ ਵਿੱਚ ਉਜਾੜਾਂ
ਜਾਂ ਉੱਡਦੀ ਬਦਲੋਟੀ ਕੋਈ, ਵਰ
ਗਈ ਵਿੱਚ ਪਹਾੜਾਂ।
ਮੈਂ ਕੰਡਿਆਲੀ ਥੋਹਰ ਵੇ ਸੱਜਣਾ,
ਉੱਗੀ ਕਿਤੇ ਕੁਰਾਹੇ
ਨਾ ਕਿਸੇ ਮਾਲੀ ਸਿੰਜਿਆ ਮੈਨੂੰ,
ਨਾ ਕੋਈ ਸਿੰਜਣਾ ਚਾਹੇ।

ਆਪਣੀ ਅਜਿਹੀ ਧਾਰਨਾ ਨੂੰ ਪਾਸੇ ਰੱਖ ਕੇ ਜੇਕਰ ਅਸੀਂ ਥੋਹਰ ਦੇ ਗੁਣਾਂ ਨੂੰ ਗਹੁ ਨਾਲ ਵਾਚੀਏ ਤਾਂ ਇਸ ਦੇ ਗੁਣ ਨਜ਼ਰ ਪੈਣਗੇ। ਪਾਣੀ ਮਨੁੱਖੀ ਜੀਵਨ ਦਾ ਆਧਾਰ ਹੈ। ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ, ਸੋਚਣ ਵਾਲੀ ਗੱਲ ਇਹ ਹੈ ਕਿ ਥੋਹਰ ਦਾ ਪੌਦਾ ਪਾਣੀ ਤੋਂ ਬਿਨਾਂ ਜਿਊਂਦਾ ਕਿਵੇਂ ਰਹਿੰਦਾ ਹੈ? ਜਿਹੜੇ ਪੌਦੇ ਰੁੱਤ ਅਨੁਸਾਰ ਉੱਗਦੇ ਹਨ, ਉਹ ਪਾਣੀ ਵਧੇਰੇ ਬਰਬਾਦ ਕਰਦੇ ਹਨ। ਉਨ੍ਹਾਂ ਦੀਆਂ ਪੱਤੀਆਂ ਵੀ ਪਾਣੀ ਲੈਂਦੀਆਂ ਹਨ, ਬਾਅਦ ਵਿੱਚ ਇਹ ਪੱਤੀਆਂ ਹਵਾ ਵਿੱਚ ਪਾਣੀ ਨੂੰ ਛੱਡ ਦਿੰਦੀਆਂ ਹਨ। ਥੋਹਰ ਦਾ ਪੌਦਾ ਪਾਣੀ ਬਰਬਾਦ ਨਹੀਂ ਕਰਦਾ। ਇਸ ਦੇ ਪੱਤੀਆਂ ਨਹੀਂ ਹੁੰਦੀਆਂ। ਥੋਹਰ ਦੇ ਪੌਦੇ ਦੀ ਬਣਤਰ ਇਸ ਤਰ੍ਹਾਂ ਹੁੰਦੀ ਹੈ ਕਿ ਇਸ ਦੀ ਥੋੜ੍ਹੀ ਜਿਹੀ ਤਹਿ ਹੀ ਸੂਰਜ ਦੀਆਂ ਕਿਰਨਾਂ ਵੱਲ ਨੂੰ ਸਿੱਧੀ ਹੁੰਦੀ ਹੈ। ਇਸ ਦੀਆਂ ਜੜਾਂ ਧਰਤੀ ਦੀ ਸਤਹ ਦੇ ਬਹੁਤ ਨੇੜੇ ਹੁੰਦੀਆਂ ਹਨ। ਥੋੜ੍ਹੇ ਮੀਂਹ ਵਿੱਚੋਂ ਵੀ ਇਹ ਪਾਣੀ ਸੋਖ ਲੈਂਦਾ ਹੈ। ਕਈ ਥਾਵਾਂ ’ਤੇ ਤਾਂ ਤ੍ਰੇਲ ਦੀਆਂ ਬੂੰਦਾਂ ਤੋਂ ਹੀ ਪਾਣੀ ਪ੍ਰਾਪਤ ਕਰ ਲੈਂਦਾ ਹੈ। ਪਾਣੀ ਨੂੰ ਆਪਣੇ ਮੋਟੇ ਤਣੇ ਵਿੱਚ ਜਮ੍ਹਾਂ ਕਰ ਲੈਂਦਾ ਹੈ। ਇਹ ਪਾਣੀ ਇਸ ਨੂੰ ਗਰਮੀ ਦੇ ਮੌਸਮ ਵਿੱਚ ਵੀ ਹਰਾ ਭਰਾ ਰੱਖਦਾ ਹੈ। ਥੋਹਰ ਦੇ ਪੌਦੇ ਉੱਪਰ ਉੱਗੇ ਕੰਡੇ ਪਾਣੀ ਦਾ ਬਚਾਅ ਕਰਦੇ ਹਨ। ਇਸੇ ਕਰਕੇ ਥੋਹਰ ਦਾ ਪੌਦਾ ਬਿਨਾਂ ਪਾਣੀ ਤੋਂ ਦੋ ਸਾਲ ਤੱਕ ਜਿਊਂਦਾ ਰਹਿ ਸਕਦਾ ਹੈ। ਜਦ ਥੋਹਰ ਦੇ ਪੌਦੇ ਉੱਪਰ ਫੁੱਲ ਖਿੜਦੇ ਹਨ ਤਾਂ ਪੂਰੇ ਰੇਗਿਸਤਾਨ ਵਿੱਚ ਬਹਾਰ ਆ ਜਾਂਦੀ ਹੈ।

ਜਦੋਂ ਅਸੀਂ ਥੋਹਰ ਜਾਂ ਰੇਤ ਬਾਰੇ ਸੁਣਦੇ ਹਾਂ ਤਾਂ ਸਾਡੇ ਦਿਮਾਗ਼ ਵਿੱਚ ਸਿਹਤਮੰਦ ਭੋਜਨ ਨਹੀਂ ਆਉਂਦਾ। ਮੈਕਸੀਕੋ ਅਤੇ ਸੰਯੁਕਤ ਰਾਜ ਵਿੱਚ ਹਜ਼ਾਰਾਂ ਸਾਲਾਂ ਤੋਂ ਇਸ ਨੂੰ ਇੱਕ ਕੁਦਰਤੀ ਦਵਾਈ ਵਜੋਂ ਵਰਤਿਆ ਜਾ ਰਿਹਾ ਹੈ। ਨਾ ਸਿਰਫ਼ ਇੱਕ ਕੁਦਰਤੀ ਦਵਾਈ ਦੇ ਤੌਰ ’ਤੇ ਬਲਕਿ ਥੋਹਰ ਦੇ ਪੌਦੇ ਨੇ ਤੰਦਰੁਸਤੀ ਦੀ ਦੁਨੀਆ ਅਤੇ ਸੁੰਦਰਤਾ ਉਤਪਾਦਾਂ ਵਿੱਚ ਆਪਣਾ ਖ਼ਾਸ ਸਥਾਨ ਬਣਾਇਆ ਹੈ। ਥੋਹਰ ਦੇ ਪੌਦੇ ਵਿੱਚ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਫਾਈਬਰ, ਐਂਟੀਆਕਸੀਡੈਂਟ ਅਤੇ ਵਿਟਾਮਿਨ ਇਸ ਨੂੰ ਸਿਹਤ ਲਈ ਲਾਭਦਾਇਕ ਬਣਾਉਂਦੇ ਹਨ। ਥੋਹਰ ਦਾ ਪੌਦਾ ਦੇਖਣ ਵਿੱਚ ਬਹੁਤ ਮਨਮੋਹਕ ਅਤੇ ਕੰਡੇਦਾਰ ਹੁੰਦਾ ਹੈ।

ਇਸ ਵਿੱਚ ਬਹੁਤ ਸਾਰੇ ਪੋਸ਼ਕ ਤੱਤ ਪਾਏ ਜਾਂਦੇ ਹਨ ਜੋ ਬਿਮਾਰੀਆਂ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੇ ਹਨ। ਥੋਹਰ ਚਮੜੀ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਦੀ ਵਰਤੋਂ ਕਰਨ ਨਾਲ ਚਮੜੀ ਚਮਕਦਾਰ ਹੋ ਜਾਂਦੀ ਹੈ। ਇਸ ਵਿੱਚ ਮੌਜੂਦ ਵਿਟਾਮਿਨ ਏ ਵੀ ਚਮੜੀ ਨੂੰ ਸਿਹਤਮੰਦ ਬਣਾਉਣ ਵਿੱਚ ਮਦਦ ਕਰਦਾ ਹੈ। ਜੇਕਰ ਇਸ ਦਾ ਸਮੇਂ ਸਿਰ ਸੇਵਨ ਕੀਤਾ ਜਾਵੇ ਤਾਂ ਇਹ ਕੈਂਸਰ ਦੇ ਮਰੀਜ਼ਾਂ ਅਤੇ ਆਮ ਲੋਕਾਂ ਨੂੰ ਕੈਂਸਰ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ। ਇਸ ਵਿੱਚ ਐਂਟੀ-ਕਾਰਸੀਨੋਜਨਿਕ ਗੁਣ ਹੁੰਦੇ ਹਨ। ਇਸ ਤੋਂ ਇਲਾਵਾ ਇਸ ’ਚ ਵਿਟਾਮਿਨ ਸੀ ਵੀ ਹੁੰਦਾ ਹੈ ਜੋ ਇਮਿਊਨਿਟੀ ਵਧਾਉਂਦਾ ਹੈ। ਥੋਹਰ ਵਿੱਚ ਫਾਈਬਰ ਹੁੰਦਾ ਹੈ ਜੋ ਸ਼ੂਗਰ ਦੇ ਮਰੀਜ਼ਾਂ ਲਈ ਮਦਦਗਾਰ ਹੁੰਦਾ ਹੈ। ਇਹ ਬਲੱਡ ਸ਼ੂਗਰ ਦੇ ਪੱਧਰ ਨੂੰ ਨਿਯੰਤਰਿਤ ਕਰਦਾ ਹੈ।

ਇਸ ਨੂੰ ਖਾਣ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੇਕਰ ਭਾਰ ਜ਼ਿਆਦਾ ਹੈ ਤਾਂ ਇਸ ਦੇ ਕੰਡਿਆਂ ਨੂੰ ਹਟਾ ਕੇ ਉੱਪਰਲੀ ਪਰਤ ਨੂੰ ਹਟਾ ਕੇ ਖਾਓ। ਇਸ ਵਿੱਚ ਕੈਲਸ਼ੀਅਮ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ ਜੋ ਹੱਡੀਆਂ ਨੂੰ ਮਜ਼ਬੂਤ ਬਣਾਉਣ ਵਿੱਚ ਕਾਰਗਰ ਹੈ। ਥੋਹਰ ਵਾਤਾਵਰਨ ਦਾ ਮਿੱਤਰ ਹੈ। ਇਹ ਹੌਲੀ ਹੌਲੀ ਵਧਣ ਵਾਲਾ ਪੌਦਾ ਹੈ। ਕਾਰਬਨ ਡਾਈਆਕਸਾਈਡ ਤੇ ਕਾਰਬਨ ਮੋਨੋਆਕਸਾਈਡ ਵਰਗੀਆਂ ਹਾਨੀਕਾਰਕ ਗੈਸਾਂ ਨੂੰ ਸੋਖਦਾ ਹੈ। ਕਿਸਾਨ ਆਪਣੀ ਫ਼ਸਲ ਬਚਾਉਣ ਲਈ ਇਸ ਦੀ ਵਾੜ ਕਰਦੇ ਹਨ।

ਥੋਹਰ ਦਾ ਪੌਦਾ ਆਪਣੀ ਰੱਖਿਆ ਆਪ ਕਰਦਾ ਹੈ। ਰੇਗਿਸਥਾਨ ਵਿੱਚ ਵੀ ਇਸ ਪੌਦੇ ਦੇ ਤਣੇ ਵਿੱਚ ਰਸ ਹੁੰਦਾ ਹੈ। ਹਰਿਆਣਾ ਦੇ ਸ਼ਹਿਰ ਪੰਚਕੂਲਾ ਵਿੱਚ ਇਸ ਦਾ ਅਨੋਖਾ ਬਾਗ਼ ਹੈ। ਇਹ ਬਾਗ਼ ਸੱਤ ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਬਾਗ਼ ਵਿੱਚ ਥੋਹਰ ਦੀਆਂ ਖ਼ਤਮ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜ਼ਿਆਦਾਤਰ ਥੋਹਰ ਖ਼ੁਸ਼ਕ ਅਤੇ ਸੋਕੇ ਵਾਲੇ ਸਥਾਨਾਂ ਵਿੱਚ ਪਾਏ ਜਾਂਦੇ ਹਨ। ਥੋਹਰ ਦੀਆਂ ਬਹੁਤ ਸਾਰੀਆਂ ਕਿਸਮਾਂ ਹੱਦੋਂ ਜ਼ਿਆਦਾ ਸੁੱਕੇ ਵਾਤਾਵਰਨ ਵਿੱਚ ਜਿਊਂਦੀਆਂ ਹਨ, ਇੱਥੋਂ ਤੱਕ ਕਿ ਆਤਾਕਾਮਾ ਮਾਰੂਥਲ ਜੋ ਕਿ ਦੁਨੀਆ ਦੀ ਸਭ ਤੋਂ ਸੁੱਕੀ ਥਾਂ ਹੈ। ਇਨ੍ਹਾਂ ਕੋਲ ਪਾਣੀ ਸਾਂਭਣ ਦਾ ਸੁਚੱਜਾ ਗੁਣ ਹੈ। ਇਨ੍ਹਾਂ ਦੀਆਂ ਜ਼ਿਆਦਾਤਰ ਪ੍ਰਜਾਤੀਆਂ ਨੇ ਖਰੇ ਪੱਤੇ ਗੁਆ ਦਿੱਤੇ ਹਨ, ਹੁਣ ਸਿਰਫ਼ ਕੰਡੇ ਅਤੇ ਸੂਲਾਂ ਹੀ ਬਚੀਆਂ ਹਨ ਜੋ ਬਹੁਤ ਹੀ ਸੋਧੇ ਹੋਏ ਪੱਤੇ ਹਨ। ਥੋਹਰ ਦੇ ਕੰਡੇ ਹੀ ਇਸ ਨੂੰ ਪੌਦੇ ਖਾਣ ਵਾਲੇ ਜੀਵਾਂ ਤੋਂ ਬਚਾਉਂਦੇਹਨ ਅਤੇ ਹਵਾ ਦਾ ਵਹਾਅ ਘਟਾ ਕੇ ਪਾਣੀ ਦੇ ਘਾਟੇ ਨੂੰ ਵੀ ਠਾਕਾ ਲਾਉਂਦੇਹਨ। ਕੁਝ ਤਾਂ ਛਾਂ ਵੀ ਦਿੰਦੇ ਹਨ। ਇਹ ਕੰਡੇ ਹੀ ਇਨ੍ਹਾਂ ਦੀਆਂ ਅਤਿ ਸੁੰਗੜੀਆਂ ਹੋਈਆਂ ਟਾਹਣੀਆਂ ਹਨ।

ਇਹ ਕਿਸਾਨਾਂ ਦਾ ਵੀ ਮਿੱਤਰ ਹੈ। ਇਹ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਲਈ ਕਿਸਾਨਾਂ ਦੀ ਮਦਦ ਕਰਦਾ ਹੈ। ਥੋਹਰ ਦੇ ਪੌਦਿਆਂ ਨੂੰ ਹੁਣ ਕਿਸਾਨ ਆਪਣੇ ਖੇਤਾਂ ਵਿੱਚ ਉਗਾ ਰਹੇ ਹਨ ਅਤੇ ਪਸ਼ੂਆਂ ਨੂੰ ਵੀ ਇਸ ਦਾ ਸਵਾਦ ਚੰਗਾ ਲੱਗਣ ਲੱਗਾ ਹੈ। ਸੀਹੋਰ ਦੇ ਇਕਾਰਡਾ ਸੈਂਟਰ (ਇੰਟਰਨੈਸ਼ਨਲ ਸੈਂਟਰ ਫਾਰ ਐਗਰੀਕਲਚਰ ਰਿਸਰਚ) ਦੇ ਵਿਗਿਆਨੀਆਂ ਨੇ ਬਰਾਜ਼ੀਲ ਤੋਂ 2014 ਵਿੱਚ ਥੋਹਰ ਦੀਆਂ 24 ਪ੍ਰਜਾਤੀਆਂ ਮੰਗਵਾਈਆਂ ਸਨ। ਜਿਨ੍ਹਾਂ ਵਿੱਚੋਂ ਥੋਹਰ ਦੀਆਂ ਕੁਝ ਕਿਸਮਾਂ ਪਸ਼ੂਆਂ ਲਈ ਲਾਹੇਵੰਦ ਸਾਬਤ ਹੋਈਆਂ। ਇਹ ਦੁੱਧ ਉਤਪਾਦਨ ਨੂੰ ਵਧਾਉਣ ਵਿੱਚ ਵੀ ਮਦਦ ਕਰਦੀਆਂ ਹਨ। ਅਜਿਹੇ ਕਿਸਾਨ ਜਿਨ੍ਹਾਂ ਦੇ ਕੋਲ ਪਾਣੀ ਦੀ ਕਮੀ ਹੈ, ਇਹ ਉਨ੍ਹਾਂ ਲਈ ਲਾਹੇਵੰਦ ਹੈ। ਘੱਟ ਪਾਣੀ ਵਾਲੇ ਕਿਸਾਨ ਫੌਡਰ ਥੋਹਰ ਦੀ ਖੇਤੀ ਕਰਕੇ ਥੋਹਰ ਨੂੰ ਪਸ਼ੂਆਂ ਦਾ ਮੁੱਖ ਚਾਰਾ ਬਣਾ ਸਕਦੇ ਹਨ। ਇਸ ਵਿੱਚ ਭਰਪੂਰ ਪਾਣੀ ਹੋਣ ਦੇ ਕਾਰਨ ਪਸ਼ੂਆਂ ਨੂੰ ਚਾਰੇ ਦੇ ਨਾਲ ਪਾਣੀ ਵੀ ਮਿਲੇਗਾ। ਘਰ ਦੀ ਫੁੱਲਵਾੜੀ ਨੂੰ ਵੀ ਥੋਹਰ ਦਾ ਪੌਦਾ ਚਾਰ ਚੰਨ ਲਗਾ ਦਿੰਦਾ ਹਾਂ। ਇਸ ਦੀ ਦਿੱਖ ਬੜੀ ਪਿਆਰੀ ਹੁੰਦੀ ਹੈ। ਹਾਂ, ਇਹ ਜ਼ਰੂਰੀ ਹੈ ਕਿ ਥੋਹਰ ਦੇ ਪੌਦੇ ਕੰਡੇਦਾਰ ਹੋਣ ਕਰਕੇ ਢੁਕਵੀਂ ਥਾਂ ’ਤੇ ਰੱਖਣੇ ਜ਼ਰੂਰੀ ਹਨ।



# ਮੌਜੂਦਾ ਸਮੇਂ ਦੇ ਵਿਆਹਾਂ ’ਚੋਂ ਪੁਰਾਤਨ ਰਸਮਾਂ ਗ਼ਾਇਬ



ਮੁਖ਼ਤਾਰ ਗਿੱਲ

ਮੌਜੂਦਾ ਵਿਗਿਆਨਕ ਯੁੱਗ ਵਿੱਚ ਹੋ ਰਹੇ ਸਮਾਜਿਕ, ਆਰਥਿਕ ਤੇ ਸਿਆਸੀ ਬਦਲਾਅ ਨੇ ਜਿੱਥੇ ਸਾਡੇ ਸੱਭਿਆਚਾਰ ਨੂੰ ਢਾਹ ਲਾਈ ਹੈ, ਉੱਥੇ ਵਿਆਹ ਸਬੰਧੀ ਰਸਮਾਂ ਤੇ ਰੀਤੀ ਰਿਵਾਜਾਂ ਨੂੰ ਵੀ ਅਲੋਪ ਕਰ ਦਿੱਤਾ। ਇੱਥੇ ਅਸੀਂ ਕਈ ਅਜਿਹੀਆਂ ਰਸਮਾਂ ਦਾ ਜ਼ਿਕਰ ਕਰਾਂਗੇ ਜਿਨ੍ਹਾਂ ਨੂੰ ਕਿਸੇ ਸਮੇਂ ਵਿਆਹ ਵਿੱਚ ਅਹਿਮ ਮੰਨਿਆ ਜਾਂਦਾ ਸੀ, ਪਰ ਮੌਜੂਦਾ ਸਮੇਂ ਦੇ ਵਿਆਹਾਂ ਵਿੱਚੋਂ ਇਹ ਗਾਇਬ ਹਨ।

ਛੁਹਾਰਾ ਪੈਣਾ: ਉਨ੍ਹਾਂ ਸਮਿਆਂ ਵਿੱਚ ਵੇਖਾ ਵਿਖਾਈ ਜਾਂ ਰੋਕਾ ਤੇ ਪ੍ਰੀ ਵੈਡਿੰਗ ਫ਼ੋਟੋਗ੍ਰਾਫ਼ੀ ਦਾ ਰਿਵਾਜ ਨਹੀਂ ਸੀ। ਕਿਸੇ ਦੂਰ ਨੇੜੇ ਦੇ ਰਿਸ਼ਤੇਦਾਰ, ਕਿਸੇ ਸੱਜਣ ਮਿੱਤਰ ਜਾਂ ਕਿਸੇ ਦੀ ਵਿਚੋਲਗੀ ਦੀ ਬਦੌਲਤ ਰਿਸ਼ਤਾ ਸਿਰੇ ਚੜ੍ਹ ਜਾਂਦਾ ਸੀ। ਲੜਕੀ ਦੇ ਪਰਿਵਾਰ ਵੱਲੋਂ ਉਸ ਦਾ ਪਿਤਾ, ਮਾਮਾ ਤੇ ਲਾਗੀ ਆਦਿ ਮੁੰਡੇ ਦੇ ਮੂੰਹ ਨੂੰ ਛੁਹਾਰਾ ਲਾਉਂਦੇ ਸਨ। ਮੁੰਡੇ ਦੀ ਝੋਲੀ ਚਾਂਦੀ ਦਾ ਦੁੱਪੜ ਰੁਪਈਆ, ਮਿਸ਼ਰੀ ਤੇ ਇਲਾਇਚੀ ਆਦਿ ਪਾਏ ਜਾਂਦੇ ਸਨ। ਇਸ ਸ਼ਗਨ ਮੌਕੇ ਮੁੰਡੇ ਦੇ ਕੁਆਰੇ ਦੋਸਤਾਂ ਨੂੰ ਉਹ ਆਪਣੀ ਝੋਲੀ ਵਿੱਚੋਂ ਕੁੱਜਿਆਂ ਦੀ ਮਿਸ਼ਰੀ ਤੇ ਇਲਾਇਚੀ ਦਾ ਪ੍ਰਸ਼ਾਦ ਵੰਡਦਾ ਸੀ।

ਸਾਹੇ ਚਿੱਠੀ: ਅੱਜ ਕੱਲ੍ਹ ਡਿਜ਼ਾਈਨਰ ਵਿਆਹ ਦੇ ਕਾਰਡਾਂ ਦਾ ਜ਼ਮਾਨਾ ਹੈ, ਪਰ ਕਿਸੇ ਪੜ੍ਹੇ ਲਿਖੇ ਤੋਂ ਸਾਦੇ ਕਾਗਜ਼ ਉੱਪਰ ਵਿਆਹ ਸ਼ਾਦੀ ‘ਸਾਹਾ’ ਜਿਸ ਵਿੱਚ ਸ਼ੁਭ ਦਿਨ ਦਿਹਾੜਾ, ਮਹੀਨਾ ਆਦਿ ਦੀ ਸੂਚਨਾ ਲਿਖਵਾ ਕੇ ਸਾਹੇ ਚਿੱਠੀ ਦੇ ਕਾਗਜ਼ ’ਤੇ ਸੰਧੂਰ ਦਾ ਟਿੱਕਾ ਲਵਾ, ਉਸ ਦੁਆਲੇ ਲਾਲ ਮੌਲੀ ਦਾ ਧਾਗਾ ਬੰਨ੍ਹ ਲਾਗੀ ਹੱਥ ਮੁੰਡੇ ਵਾਲਿਆਂ ਦੇ ਘਰ ਭੇਜੀ ਜਾਂਦੀ ਸੀ। ਭਾਵ ‘ਅੱਸੂ ਦੀ ਪਹਿਲੀ ਨੂੰ ਪ੍ਰੀਤੋ ਦਾ ਸਾਹਾ ਸੁਧਿਆ।’ ਇਹੋ ਸਾਹੇ ਚਿੱਠੀ ਹੁੰਦੀ ਸੀ।

ਗੌਣ ਬਿਠਾਉਣਾ: ਸ਼ਰੀਕਾ, ਭਾਈਚਾਰਕ ਸਾਂਝ, ਆਂਢ-ਗੁਆਂਢ ਅਤੇ ਹੋਰ ਮਿਲਵਰਤਨ ਵਾਲੇ ਪਰਿਵਾਰਾਂ ਦੀਆਂ ਔਰਤਾਂ ਤੇ ਮੁਟਿਆਰਾਂ ਨੂੰ ਵਿਆਹ ਵਾਲੇ ਘਰ ਵੱਲੋਂ ਲਾਗਣਾਂ ‘ਗੌਣ’ ਦਾ ਸੱਦਾ ਦੇਣ ਜਾਂਦੀਆਂ ਸਨ। ਬੀਬੀਆਂ ਭੈਣਾਂ ਰਾਤ ਨੂੰ ਵਿਆਹ ਵਾਲੇ ਘਰ ਦੇ ਖੁੱਲ੍ਹੇ ਵਿਹੜਿਆਂ ਜਾਂ ਛੱਤਾਂ ਉਤੇ ਵਿਛੀਆਂ ਦਰੀਆਂ ’ਤੇ ਬੈਠ ਕੇ ਵਿਆਹ ਸ਼ਾਦੀ ਦੇ ਗੀਤ ਗਾਉਂਦੀਆਂ ਸਨ। ਘਰ ਵੱਲੋਂ ਉਨ੍ਹਾਂ ਨੂੰ ਗੁੜ ਤੇ ਪਤਾਸੇ ਵੰਡੇ ਜਾਂਦੇ ਸਨ। ਸ਼ਾਇਦ ਇਸੇ ਨੂੰ ਅਜੋਕੇ ਸਮਿਆਂ ਵਿੱਚ ‘ਲੇਡੀਜ਼ ਸੰਗੀਤ’ ਕਿਹਾ ਜਾਂਦਾ ਹੈ।

ਮਹਿੰਦੀ ਦੀ ਰਸਮ: ਮਹਿੰਦੀ ਵਾਲੇ ਸ਼ਿੰਗਾਰੇ ਹੱਥ ਵੇਖਣਾ ਅਤੇ ਮਹਿੰਦੀ ਦੀ ਖ਼ੁਸ਼ਬੂ ਮਹਿਸੂਸ ਕਰਨਾ ਵੀ ਇੱਕ ਰਸਮ ਹੈ। ਔਰਤਾਂ ਤੇ ਮੁਟਿਆਰਾਂ ਵੱਲੋਂ ਮਹਿੰਦੀ ਲਾਉਣਾ, ਆਪਣੇ ਹੱਥਾਂ ਦੀ ਸ਼ਾਨ ਵਧਾਉਣਾ ਹੈ। ਵਿਆਹੁਤਾ ਲੜਕੀ ਦੇ ਹੱਥਾਂ ਉਤੇ ਮਹਿੰਦੀ ਲਾਉਣ ਨੂੰ



ਇੱਕ ਸ਼ਗਨ ਮੰਨਿਆ ਜਾਂਦਾ ਹੈ। ਮਹਿੰਦੀ ਲਾਉਣ ਦੀ ਰਸਮ ਕੋਈ ਸੁੱਘੜ ਸਿਆਣੀ ਔਰਤ ਨਿਭਾਉਂਦੀ ਹੈ ਜਿਸ ਨੂੰ ਮਹਿੰਦੀ ਲਾਉਣ ਦੀ ਕਲਾ ਦੀ ਮੁਹਾਰਤ ਹੋਵੇ। ਅੱਜ ਕੱਲ੍ਹ ਤਾਂ ਇਹ ਕੰਮ ਬਿਊਟੀ ਪਾਰਲਰਾਂ ਤੋਂ ਹੀ ਕਰਵਾ ਲਿਆ ਜਾਂਦਾ ਹੈ।

ਵਟਣਾ ਮਲਣਾ/ਤੇਲ ਚੜ੍ਹਾਉਣਾ: ਵਿਆਹ ਵਾਲੀ ਲੜਕੀ ਦੇ ਮੂੰਹ ਤੇ ਬਾਹਾਂ ਆਦਿ ’ਤੇ ਦਹੀਂ, ਹਲਦੀ ਅਤੇ ਵੇਸਣ ਆਦਿ ਦਾ ਲੇਪ ਕੀਤਾ ਜਾਂਦਾ, ਜਿਸ ਨੂੰ ਵਟਣਾ ਮਲਣਾ ਕਿਹਾ ਜਾਂਦਾ ਹੈ। ਉੱਧਰ ਮੁੰਡੇ ਨੂੰ ਵੀ ਅਗਲੇ ਦਿਨ (ਬਰਾਤ ਵਾਲੇ ਦਿਨ) ਵਟਣਾ ਮਲ ਕੇ (ਦਹੀਂ ਤੇ ਤੇਲ ਮਲ ਕੇ) ਨੁਹਾਇਆ ਜਾਂਦਾ ਹੈ। ਇਸ ਰਸਮ ਨੂੰ ਵਟਣਾ ਮਲਣਾ ਜਾਂ ਤੇਲ ਚੜ੍ਹਾਉਣਾ ਵੀ ਕਿਹਾ ਜਾਂਦਾ ਹੈ।

ਨਾਨਕਾ ਮੇਲ: ਲੜਕੇ ਤੇ ਲੜਕੀ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਨਾਨਾ-ਨਾਨੀ, ਮਾਮੇ-ਮਾਮੀਆਂ, ਮਿਲਵਰਤਣ ਵਾਲੀਆਂ ਆਂਢਣਾਂ-ਗੁਆਂਢਣਾਂ ਕੁੜੀ-ਮੁੰਡੇ ਦੇ ਘਰ ‘ਨਾਨਕਾ ਮੇਲ’ ਬਣ ਕੇ ਆਉਂਦੇ ਸਨ। ਘਰ ਵਾਲੀਆਂ ਵੱਲੋਂ ‘ਨਾਨਕਾ ਮੇਲ’ ਦਾ ਸਿੱਠਣੀਆਂ, ਲੋਕ ਗੀਤਾਂ ਆਦਿ ਨਾਲ ਸਵਾਗਤ ਕੀਤਾ ਜਾਂਦਾ ਸੀ।

ਚੂੜਾ ਚੜ੍ਹਉਣਾ: ਵਟਣਾ ਮਲਣ ਤੇ ਨੁਹਾਉਣ ਤੋਂ ਬਾਅਦ ਸ਼ਗਨ ਦੇ ਗੀਤਾਂ ਨਾਲ ਵਿਆਹ ਵਾਲੀ ਲੜਕੀ ਦੇ ਮਾਮਿਆਂ ਵੱਲੋਂ ‘ਚੂੜਾ ਚੜ੍ਹਾਉਣ’ ਦੀ ਰਸਮ ਨਿਭਾਈ ਜਾਂਦੀ।

ਘੋੜੀ ਚੜ੍ਹਨਾ: ਵਿਆਹ ਵਾਲੇ ਲੜਕੇ ਨੂੰ ਦਹੀਂ ਤੇ ਤੇਲ ਨਾਲ ਨੁਹਾਉਣ ਉਪਰੰਤ ਸ਼ਗਨਾਂ ਨਾਲ ਸ਼ਿੰਗਾਰੀ ਘੋੜੀ ’ਤੇ ਚੜ੍ਹਾ ਕੇ ਗੁਰਦੁਆਰਾ ਸਾਹਿਬ ਜਾਂ ਕਿਸੇ ਹੋਰ ਧਾਰਮਿਕ ਅਸਥਾਨ ’ਤੇ ਲੈਜਾਇਆ ਜਾਂਦਾ। ਲਾੜੇ ਦੇ ਪਿੱਛੇ ਘੋੜੀ ’ਤੇ ਕਿਸੇ ਭਤੀਜੇ ਜਾਂ ਆਂਢ-ਗੁਆਂਢ ਦੇ ਕਿਸੇ ਚਹੇਤੇ ਬੱਚੇ ਨੂੰ ‘ਸਰਬਾਲਾ’ ਬਣਾ ਕੇ ਬਿਠਾਇਆ ਜਾਂਦਾ। ਅਰਦਾਸ ਤੋਂ ਬਾਅਦ ਭੈਣਾਂ ਵੀਰ ਦੀ ਘੋੜੀ ਦੀ ਵਾਗ ਗੁੰਦਣ ਅਤੇ ਭਰਜਾਈਆਂ ਆਪਣੇ ਦਿਓਰ ਨੂੰ ‘ਸੁਰਮਾ ਪਾਉਣ’ ਦੀ ਰਸਮ ਪੂਰੀ ਕਰਦੀਆਂ।



ਜੰਞ ਦਾ ਢੁੱਕਣਾ: ਭਲੇ ਵੇਲਿਆਂ ਵਿੱਚ ਪਿੰਡਾਂ ’ਚ ਜੰਞਾਂ ਲੋਢੇ ਵੇਲੇ ਢੁੱਕਦੀਆਂ ਹੁੰਦੀਆਂ ਸਨ। ਜਾਂਞੀ ਕਿਸੇ ਸੂਏ, ਨਹਿਰ ਜਾਂ ਵਗਦੇ ਖੂਹ ਤੋਂ ਮੂੰਹ ਹੱਥ ਧੋ ਕੇ ਤਿਆਰ ਹੋ ਜਾਂਦੇ ਸਨ। ਪਿੰਡ ਵਾਲੇ ਪਹਿਲਾਂ ਹੀ ਜਾਂਞੀਆਂ ਦੀਆਂ ਘੋੜੀਆਂ ਸਾਂਭ ਸੰਭਾਲ ਲਈ ਹਵੇਲੀਆਂ/ ਘਰ ਲੈ ਜਾਂਦੇ ਸਨ।

ਮਿਲਣੀ: ਜੰਞ ਦੇ ਢੁੱਕਣ ਤੋਂ ਬਾਅਦ ਜਦੋਂ ਦੋਵੇਂ ਮੁੰਡੇ ਤੇ ਕੁੜੀ ਦੇ ਪਰਿਵਾਰ ਆਹਮਣੇ ਸਾਹਮਣੇ ਹੁੰਦੇ ਸਨ ਤਾਂ ਅਰਦਾਸ ਉਪਰੰਤ, ‘ਮੇਲ ਲਵੇ ਮਹਾਰਾਜ ਵੇਲਾ ਮਿਲਣੀ ਦਾ’ ਦੇ ਬੋਲਾਂ ਨਾਲ ‘ਮਿਲਣੀ’ ਦੀ ਰਸਮ ਹੁੰਦੀ ਸੀ। ਕੁੜਮਾਂ, ਮਾਮਿਆਂ, ਫ਼ੁੱਫੜ, ਭਣਵਈਆਂ ਆਦਿ ਦੀ ਮਿਲਣੀ ਕਰਵਾਈ ਜਾਂਦੀ। ਕੁੜੀ ਵਾਲੇ ਗਲਾਂ ਵਿੱਚ ਹਾਰਾਂ ਦੇ ਨਾਲ ਕੰਬਲ, ਮੁੰਦਰੀਆਂ, ਛੱਲੇ ਛਾਪਾਂ ਆਦਿ ਸ਼ਗਨ ਦੇ ਰੂਪ ਵਿੱਚ ਭੇਂਟ ਕਰਦੇ। ਸਿਰਵਾਰ ਨਾਵੇਂ ਹੁੰਦੇ ਸਨ। ਲਾਗੀਆਂ ਨੂੰ ਲਾਗ ਮਿਲਦਾ ਸੀ। ਮਿਲਣੀ ਤੋਂ ਬਾਅਦ ਬਰਾਤ ਰੈਣ ਬਸੇਰੇ ਵੱਲ ਤੁਰ ਪੈਂਦੀ ਸੀ। ਲਾਲ ਥੈਲੀ ਵਿੱਚ ਭਨਕੜ/ ਭਾਨ ਪਾਈਂ ਲਾੜੇ ਦਾ ਪਿਓ ਆਨੇ, ਦੁਆਨੀਆਂ, ਚਵਾਨੀਆਂ ਤੇ ਇੱਕ ਅੱਧ ਦੁੱਪੜ ਚਾਂਦੀ ਰੁਪਏ ਆਦਿ ਦੀ ਸੋਟ ਕਰਦਾ ਸੀ ਜਿਸ ਨੂੰ ਬੱਚੇ ਤੇ ਝਲੂੰਗੀ ਵਾਲੇ ਸਾਂਸੀ ਲੁੱਟਦੇ ਸਨ। ਆਮ ਤੌਰ ’ਤੇ ਬਰਾਤਾਂ ਦਾ ਉਤਾਰਾ ਗੁਰਦੁਆਰੇ ਦੇ ਜੰਞ ਘਰ ਹੁੰਦਾ ਸੀ ਜਿੱਥੇ ਪਿੰਡ ਦੇ ਜਵਾਨਾਂ ਵੱਲੋਂ ਇਕੱਠੇ ਕੀਤੇ ਮੰਜੇ ਬਿਸਤਰੇ ਲੱਗੇ ਹੁੰਦੇ ਸਨ ਜਿਨ੍ਹਾਂ ਉਤੇ ਬਰਾਤੀ ਬਿਰਾਜਮਾਨ ਹੋ ਜਾਂਦੇ ਸਨ। ਸਪੀਕਰ ਵਾਲਾ ਭਾਈ ਦੋ ਮੰਜੇ ਜੋੜ ਕੇ ਉਨ੍ਹਾਂ ਉਤੇ ਧੁਤੂ ਬੰਨ੍ਹ ਸਪੀਕਰ ਲਾ ਦਿੰਦਾ ਸੀ। ਪਹਿਲਾ ਰਿਕਾਰਡ ਅਕਸਰ ਧਾਰਮਿਕ, ‘ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ’ ਵਰਗਾ ਹੁੰਦਾ ਸੀ। ਰਾਜਾ ਤੇ ਪੈਂਚ ਬੂੰਦੀ ਤੇ ਮੱਠੀਆਂ ਦੇ ਡੋਨੇ ਤੇ ਗਿਲਾਸਾਂ ਵਿੱਚ ਚਾਹ ਪਾ ਕੇ ਵਰਤਾਈ ਜਾਂਦੇ ਸਨ।

ਚਾਹ ਪੀ ਬਰਾਤੀ ਕੁਝ ਦੇਰ ਆਰਾਮ ਕਰਦੇ ਸਨ। ਏਨੇ ਨੂੰ ਘਰ ਦੀ ਕੱਢੀ ਲੌਂਗ ਲੈਚੀਆਂ ਵਾਲੀ ਦੇਸੀ ਦਾਰੂ ਤੇ ਲੂਣੀ ਬੂੰਦੀ ਲੈ ਕੇ ਸ਼ਰੀਕੇ ਬਿਰਾਦਰੀ ਦੇ ਚੌਭਰ ਆ ਜਾਂਦੇ ਸਨ। ਜਦੋਂ ਬਰਾਤੀ ਵਾਹਵਾ ਲਹਿਰ ਵਿੱਚ ਹੋ ਜਾਂਦੇ ਸਨ ਤਾਂ ਕੋਈ ਮੋਹਤਬਰ ਘਰ ਵੱਲੋਂ ਰੋਟੀ ਦਾ ਸੱਦਾ ਦੇ ਜਾਂਦਾ ਸੀ। ਰਾਤ ਦੀ ਰੋਟੀ ਵਿੱਚ ਚੌਲ ਸ਼ੱਕਰ ਘਿਓ, ਲੋਹ ਦੇ ਮੰਡੇ, ਦਾਲ ਆਦਿ ਹੁੰਦੇ ਸਨ। ਦੇਰ ਰਾਤ ਤੱਕ ਸਪੀਕਰ ਵੱਜਦਾ ਸੀ। ਜਾਂਞੀਆਂ ਵਿੱਚ ਬੋਲ ਬੁਲਾਰਾ ਵੀ ਹੁੰਦਾ ਸੀ।

ਅਗਲੇ ਦਿਨ ਸਵੇਰੇ ਗੁਰਦੁਆਰਾ ਸਾਹਿਬ ਦੀ ਹਲਟੀ ਦੀਆਂ ਟੂਟੀਆਂ ਭਰ ਦਿੱਤੀਆਂ ਜਾਂਦੀਆਂ ਸਨ ਅਤੇ ਕਿੱਲੀਆਂ ਉਤੇ ਨਵੇਂ ਪਰਨੇ ਟੰਗੇ ਜਾਂਦੇ ਸਨ। ਤੇਲ ਤੇ ਸਾਬਣ ਰੱਖਿਆ ਜਾਂਦਾ ਸੀ। ਜਾਂਞੀ ਬਾਹਰ ਅੰਦਰ ਜਾ, ਦਾਤਣ ਕੁਰਲਾ ਕਰ ਮੌਸਮ ਅਨੁਸਾਰ ਨਹਾ ਧੋ ਮੰਜੇ ਮਲ ਲੈਂਦੇ ਸਨ। ਛਾਹ ਵੇਲਾ ਚਾਹ ਤੇ ਡੋਨੇ ਜੰਞ ਦੇ ਢੁਕਾ ਵੇਲੇ ਵਾਲਾ ਹੀ ਹੁੰਦਾ। ਚਾਹ ਆਦਿ ਪੀ ਬਰਾਤੀ ਤਿਆਰ ਹੋਣ ਲੱਗਦੇ।

ਲਾਵਾਂ ਫ਼ੇਰੇ: ਇਸ ਦੌਰਾਨ ਘਰੋਂ ਲਾਵਾਂ ਫ਼ੇਰਿਆਂ ਦਾ ਸੱਦਾ ਮਿਲਦਾ। ਲਾੜਾ, ਪਿਤਾ ਤੇ ਨੇੜੇ ਦੇ ਹੋਰ ਰਿਸ਼ਤੇਦਾਰ ਲਾਵਾਂ ਲਈ ਪਹੁੰਚ ਜਾਂਦੇ। ਲਾਵਾਂ ਫ਼ੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਦੋਵੇਂ ਪਰਿਵਾਰ, ਨੇੜਲੇ ਰਿਸ਼ਤੇਦਾਰ ਤੇ ਸਕੇ ਸੋਧਰੇ ਗੁਰੂ ਚਰਨਾਂ ਵਿੱਚ ਬੈਠ ਜਾਂਦੇ। ਗੁਰਦੁਆਰਾ ਸਾਹਿਬ ਦੇ ਭਾਈ ਜੀ ਲਾਵਾਂ ਦਾ ਪਾਠ ਪੜ੍ਹਦੇ। ਨਵੀਂ ਵਿਆਹੁਤਾ ਆਪਣੇ ਮੰਗੇਤਰ ਦਾ ਪੱਲਾ ਫ਼ੜ ਲਾਵਾਂ ਲੈਂਦੀ। ਭਰਾ ਤੇ ਸਖੀਆਂ ਸਹੇਲੀਆਂ ਲਾਵਾਂ ਲੈਣ ’ਚ ਉਸ ਨੂੰ ਲਾੜੇ ਪਿੱਛੇ ਪਿੱਛੇ ਲਾਵਾਂ ਲੈਣ ਵਿੱਚ ਸਹਿਯੋਗ ਕਰਦੀਆਂ। ਕਿਸੇ ਸਹੇਲੀ ਵੱਲੋਂ ਸਿੱਖਿਆ ਪੜ੍ਹੀ ਜਾਂਦੀ। ਭਾਈ ਜੀ ਗ੍ਰਹਿਸਤੀ ਜੀਵਨ ਦੀ ਸਿੱਖਿਆ ਦਿੰਦੇ। ਵਿਆਹੁਤਾ ਮੁੰਡੇ ਨਾਲ ਲਾਵਾਂ ਫ਼ੇਰਿਆਂ ਲਈ ਘਰ ਦੇ ਮੈਂਬਰ ਕੁੜੀ ਵਾਲਿਆਂ ਦੇ ਘਰ ਲਈ ਚੱਲ ਪੈਂਦੇ। ਪਿੱਛੋਂ ਲਾੜੇ ਦੇ ਸੱਜਣ ਮਿੱਤਰ ਟੌਹਰਾਂ ਮਾਰ, ਗਲਾਂ ਵਿੱਚ ਕੈਂਠੇ ਪਾ, ਮੁੱਛਾਂ ਨੂੰ ਤਾਅ ਦੇ, ਸੱਜ ਧੱਜ ਕੇ ਪਿੰਡ ਦੀਆਂ ਗਲੀਆਂ ਕੱਛਣ ਗਏ ਗੁਰਦੁਆਰਾ ਸਾਹਿਬ ਪਰਤ ਆਉਂਦੇ। ਰਾਜਾ ਸ਼ੀਸ਼ਾ ਆਦਿ ਲੈ ਆਉਂਦਾ। ਜਵਾਨ ਜਾਂਞੀਆਂ ਨੂੰ ਸ਼ੀਸ਼ਾ ਵਿਖਾ, ਸ਼ਗਨ ਲੈ ਤੁਰ ਜਾਂਦਾ। ਇਸ ਦੌਰਾਨ ਭੰਡ (ਮਰਾਸੀ) ਆ ਜਾਂਦੇ। ਭੰਡ ਆਪਣੇ ਗਾਣਿਆਂ ਤੇ ਨਕਲਾਂ ਨਾਲ ਬਰਾਤੀਆਂ ਦਾ ਖ਼ੂਬ ਮਨੋਰੰਜਨ ਕਰਦੇ। ਬਰਾਤੀ ਉਨ੍ਹਾਂ ਦੇ ਗਾਣਿਆਂ ਅਤੇ ਨਕਲਾਂ ਤੋਂ ਖੁਸ਼ ਹੋ ਪੈਸੇ ਦਿੰਦੇ। ਮੁੰਡੇ ਦੇ ਬਾਪ ਕੋਲੋਂ ਵੱਖ ਵਧਾਈ ਲੈ ਜਾਂਦੇ। ਕੁੜੀ ਦੇ ਘਰ ਵੱਲੋਂ ਕੋਈ ਮੋਹਤਬਰ ਬੰਦਾ ਜੰਞ ਨੂੰ ਰੋਟੀ ਦਾ ਸੱਦਾ ਦੇਣ ਲਈ ਆ ਜਾਂਦਾ।

ਜੰਞ ਬੰਨ੍ਹਣੀ: ਬਰਾਤ ਰੋਟੀ ਲਈ ਚੱਲ ਪੈਂਦੀ ਸੀ। ਲੜਕੀ ਵਾਲਿਆਂ ਦੇ ਘਰ ਦੇ ਵਿਹੜੇ ਵਿੱਚ ਬਰਾਤੀਆਂ ਨੂੰ ਟਾਟਾਂ ਉਤੇ ਪੰਗਤਾਂ ਵਿੱਚ ਬਿਠਾਇਆ ਜਾਂਦਾ ਸੀ। ਬਰਾਤ ਨੂੰ ਬੱਕਰੇ ਦਾ ਮਾਸ ਪਰੋਸਿਆ ਜਾਂਦਾ ਸੀ ਅਤੇ ਪਿੱਛੇ ਪਿੱਛੇ ਇੱਕ ਜਵਾਨ ਦੇਸੀ ਦਾਰੂ ਵਰਤਾਈ ਜਾਂਦਾ ਸੀ। ਜਦੋਂ ਬਰਾਤੀ ਰੋਟੀ ਖਾਣ ਲੱਗਦੇ ਸਨ ਤਾਂ ਵਿਆਹ ਵਾਲੀ ਕੁੜੀ ਦੀਆਂ ਸਖੀਆਂ ਸਹੇਲੀਆਂ ਜੰਞ ਬੰਨ੍ਹ ਦਿੰਦੀਆਂ ਸਨ। ਇਸ ਰਸਮ ਨੂੰ ‘ਜੰਞ ਬੰਨ੍ਹਣੀ’ ਕਿਹਾ ਜਾਂਦਾ ਸੀ। ਬਰਾਤੀ ਰੋਟੀ ਖਾਣੀ ਬੰਦ ਕਰ ਦਿੰਦੇ ਸਨ। ਬਾਅਦ ਵਿੱਚ ‘ਸਿਆਣਿਆਂ’ ਦੇ ਵਰਜਣ ’ਤੇ ਕੁੜੀਆਂ ਇਹ ਕਹਿ, ‘ਅੱਗੇ ਨੰਗਲ ਪਿੱਛੇ ਝੰਜੋਟੀ, ਖੋਲ੍ਹੀ ਜੰਞ ਤੇ ਖਾਓ ਰੋਟੀ’ ਨਾਲ ਜੰਞ ਖੋਲ੍ਹ ਦਿੰਦੀਆਂ ਸਨ।

ਮੰਜੇ ਬਿਠਾਉਣਾ: ਵਿਆਹ ਵਾਲੇ ਲੜਕੇ ਨੂੰ ਕੁੜੀ ਵਾਲਿਆਂ ਦੇ ਘਰੋਂ ‘ਮੰਜੇ ਬਿਠਾਉਣ’ ਦੇ ਸ਼ਗਨ ਲਈ ਬੁਲਾਇਆ ਜਾਂਦਾ। ਲੜਕੇ ਨੂੰ ਸ਼ਗਨਾਂ ਨਾਲ ਮੰਜੇ ਉਤੇ ਬਿਠਾਇਆ ਜਾਂਦਾ। ਮੰਜੇ ਉਤੇ ਬੈਠਾ ਲੜਕਾ ਵਿਆਹ ਵਾਲੀ ਲੜਕੀ ਦੀਆਂ ਸਖੀਆਂ ਸਹੇਲੀਆਂ ਦੇ ਜ਼ੋਰ ਪਾਉਣ ’ਤੇ ‘ਜੀਜਾ’ ਛੰਦ ਸੁਣਾਉਂਦਾ। ਸੱਸ ਮਿੱਠੇ ਨਾਲ ਜਵਾਈ ਦਾ ਮੂੰਹ ਜੁਠਾਉਂਦੀ ਤੇ ਲੜਕੇ ਨੂੰ ਸ਼ਗਨ ਪੈਂਦੇ।

ਡੋਲੀ ਤੋਰਨਾ: ਆਖ਼ਰ ਉਹ ਸੁੱਖਾਂ ਲੱਧੀ, ਪਰ ਉਦਾਸ ਕਰਨ ਵਾਲੀ ਘੜੀ ‘ਡੋਲੀ ਤੋਰਨ’ ਜਾਂ ਬਾਬਲ ਦੇ ਘਰੋਂ ਧੀ ਨੂੰ ਵਿਦਾ ਦੀ ਰਸਮ ਸੁਭਾਵਿਕ ਹੀ ਆ ਜਾਂਦੀ। ਵਿਦਾਇਗੀ ਦਾ ਇਹ ਦ੍ਰਿਸ਼ ਹੋਰ ਵੀ ਕਰੁਣਾਮਈ ਹੋ ਜਾਂਦਾ ਜਦੋਂ ਧੀ ਆਪਣੀ ਮਾਂ, ਮਾਂ ਜਾਏ ਭਰਾਵਾਂ, ਭੈਣਾਂ ਤੇ ਸਖੀਆਂ ਸਹੇਲੀਆਂ ਦੇ ਗਲੇ ਲੱਗ ਡੁਸਕਦੀ। ਕਹਾਰੋ ਡੋਲੀ ਨਾ ਚਾਇਓ ਅਜੇ ਮੇਰਾ ਬਾਬਲ ਨਹੀਂ ਆਇਆ ਦੇ ਬੋਲਾਂ ਨਾਲ ਬਾਬਲ ਦਾ ਵੈਰਾਗੀ ਹੋਣਾ ਕੁਦਰਤੀ ਹੈ। ਉਸ ਦਾ ਵਾਰ ਵਾਰ ਭਰਿਆ ਮਨ ਅੱਖਾਂ ਰਾਹੀਂ ਉਛਲਦਾ, ਪਰ ਇਹ ਸੋਚ ‘ਧੀਆਂ ਧੰਨ ਪਰਾਇਆ’ ਧੀ ਦੀ ਡੋਲੀ ਨੂੰ ਵਿਦਾ ਕਰਦਾ।

ਪਾਣੀ ਵਾਰਨਾ: ਜਦੋਂ ਨੂੰਹ ਦੀ ਡੋਲੀ ਤੇ ਪੁੱਤਰ ਸਹੁਰੇ ਘਰੋਂ ਘਰ ਦੀ ਦਹਿਲੀਜ਼ ’ਤੇ ਪਹੁੰਚਦੀ ਸੀ ਤਾਂ ਮਾਂ/ਸੱਸ ਵਿਆਹ ਵਾਲੀ ਜੋੜੀ ਦੇ ਸਿਰ ਤੋਂ ‘ਪਾਣੀ ਵਾਰਨ’ ਦੀ ਰਸਮ ਪੂਰੀ ਕਰਦੀ ਜਿਸ ਨੂੰ ਉਨ੍ਹਾਂ ਸਮਿਆਂ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਸੀ। ਮਾਂ/ ਸੱਸ ਗੜ੍ਹਵੀ ਵਿਚਲਾ ਮਿੱਠਾ ਪਾਣੀ ਸੱਤ ਵਾਰ ਵਿਆਹ ਵਾਲੀ ਜੋੜੀ ਦੇ ਸਿਰ ਉੱਪਰੋਂ ਦੀ ਵਾਰ ਕੇ ਪੀਂਦੀ ਸੀ। ਲੋਕ ਧਾਰਨਾ ਕਿ ਜੇ ਮਾਂ/ਸੱਸ ਹਰ ਵਾਰ, ਜੋੜੀ ਤੋਂ ਵਾਰ ਕੇ ਪਾਣੀ ਪੀ ਲਵੇ ਤਾਂ ਨੂੰਹ ਸੱਸ ਨਾਲ ਪਿਆਰ ਪੈ ਜਾਂਦਾ ਹੈ। ਗਾਨੇ ਖੇਡਣ ਦੀ ਰਸਮ: ਵਿਆਹ ਤੋਂ ਅਗਲੇ ਦਿਨ ‘ਗਾਨੇ ਖੇਡਣ’ ਦੀ ਰਸਮ ਹੁੰਦੀ। ਇੱਕ ਘੜੇ ਨੁਮਾ ਭਾਂਡੇ ਵਿੱਚ ਦੁੱਧ ਪਾਣੀ ਦਾ ਘੋਲ ਯਾਨੀ ‘ਕੱਚੀ ਲੱਸੀ’ ਵਿੱਚ ਸਿੱਕੇ ਸੁੱਟੇ ਜਾਂਦੇ। ਨਵੀਂ ਵਿਆਹੀ ਜੋੜੀ ਆਪੋ ਆਪਣਾ ਹੱਥ ਭਾਂਡੇ ਵਿੱਚ ਪਾ ਕਿਸੇ ਵਿਸ਼ੇਸ਼ ਸਿੱਕੇ ਨੂੰ ਲੱਭਦੇ। ਇਸ ਤਰ੍ਹਾਂ ਇੱਕ ਦੂਸਰੇ ਨੂੰ ਚੰਗੀ ਤਰ੍ਹਾਂ ਵੇਖ ਲੈਂਦੇ ਸਨ।

ਉਨ੍ਹਾਂ ਸਮਿਆਂ ਵਿੱਚ ਡੋਲੀ ਨਾਲ ਨੈਣ (ਲਾਗਣ) ਤੇ ਛੋਟਾ ਵੀਰ ਆਉਂਦੇ ਸਨ। ਫ਼ਿਰ ਲਾਗਣ ਤੇ ਵੀਰ ਨਾਲ ਸਹੁਰੇ ਘਰ ਦੀ ਨੂੰਹ ਆਪਣੇ ਪੇਕੇ ਘਰ ਨੂੰ ਤੁਰ ਜਾਂਦੀ ਸੀ। ਫ਼ਿਰ ਸਾਲ ਛੇਆਂ ਮਹੀਨਿਆਂ ਪਿੱਛੋਂ ਜਦੋਂ ਸਹੁਰੇ ਘਰੋਂ ਉਸ ਦਾ ਘਰਵਾਲਾ ‘ਮੁਕਲਾਵਾ’ ਲੈਣ ਆਉਂਦਾ ਸੀ ਤਾਂ ਮਾਪੇ ਆਪਣੀ ਧੀ ਨੂੰ ਉਸ ਦੇ ਨਾਲ ਸ਼ਗਨਾਂ ਨਾਲ ਤੋਰ ਦਿੰਦੇ ਸਨ।

# ਸਰਕਾਰੇ ਖ਼ਾਲਸਾ ਦਾ ਸ਼ਾਹੀ ਬਾਗ ਰਾਮਬਾਗ, ਅੰਮ੍ਰਿਤਸਰ

ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਨਗਰੀ ਸ੍ਰੀ ਅੰਮ੍ਰਿਤਸਰ, ਜਿਸ ਨੂੰ ਕੁਲ ਆਲਮ ਵਿੱਚ 'ਸਿਫ਼ਤੀ ਦੇ ਘਰ' ਵਜੋਂ ਜਾਣਿਆ ਜਾਂਦਾ ਹੈ। ਇਸ ਦੀ ਖ਼ੂਬਸੂਰਤੀ ਵਿੱਚ ਇੱਥੋਂ ਦਾ ਪ੍ਰਸਿੱਧ ਇਤਿਹਾਸਕ 'ਰਾਮਬਾਗ' ਹੋਰ ਵੀ ਵਾਧਾ ਕਰਦਾ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਸ ਪਵਿੱਤਰ ਸ਼ਹਿਰ ਵਿੱਚ ਬਣਾਏ ਰਾਮਬਾਗ ਦੀ ਸੁੰਦਰਤਾ ਅੱਜ ਵੀ ਬਾ-ਕਮਾਲ ਹੈ ਅਤੇ ਇਸ ਨੂੰ ਦੇਖ ਕੇ ਲਾਹੌਰ ਦਰਬਾਰ ਦੀ ਸ਼ਾਨ-ਸ਼ੌਕਤ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।



ਹਾਲਾਂਕਿ ਅੰਮ੍ਰਿਤਸਰ ਵਿੱਚ ਰੋਜ਼ਾਨਾ ਇੱਕ ਲੱਖ ਤੋਂ ਵੱਧ ਸ਼ਰਧਾਲੂ/ ਯਾਤਰੂ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਂਦੇ ਹਨ ਪਰ ਜਾਣਕਾਰੀ ਨਾ ਹੋਣ ਕਾਰਨ ਬਹੁਤ ਘੱਟ ਯਾਤਰੀ ਹੀ 'ਰਾਮਬਾਗ' ਵਿਖੇ ਪਹੁੰਚਦੇ ਹਨ। ਆਓ, ਇਸ ਲੇਖ ਜ਼ਰੀਏ ਰਾਮਬਾਗ ਦੇ ਇਤਿਹਾਸ ਪ੍ਰਤੀ ਰੂ-ਬਰੂ ਹੁੰਦੇ ਹਾਂ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅੰਮ੍ਰਿਤਸਰ ਸ਼ਹਿਰ ਨੂੰ ਬਹੁਤ ਪਿਆਰ ਕਰਦੇ ਸਨ। ਭਾਵੇਂ ਕਿ ਸਰਕਾਰ-ਏ-ਖ਼ਾਲਸਾ ਦੀ ਰਾਜਧਾਨੀ ਲਾਹੌਰ ਸੀ ਪਰ ਸਿੱਖ ਮਾਨਸਿਕਤਾ ਵਿੱਚ ਹਮੇਸ਼ਾ ਹੀ ਅੰਮ੍ਰਿਤਸਰ ਦਾ ਸਿਰਮੌਰ ਸਥਾਨ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਜੋ ਕਿ ਅਕਸਰ ਹੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਸੀਸ ਨਿਵਾਉਣ ਆਉਂਦੇ ਰਹਿੰਦੇ ਸਨ, ਉਨ੍ਹਾਂ ਨੇ ਇਸ ਪਾਵਨ ਸ਼ਹਿਰ ਵਿੱਚ ਲਾਹੌਰ ਦੇ ਸ਼ਾਲਾਮਾਰ ਬਾਗ ਵਾਂਗ ਇੱਕ ਖ਼ੂਬਸੂਰਤ ਬਾਗ ਬਣਾਉਣ ਦੀ ਸੋਚੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ 'ਤੇ ਸੰਨ 1819 ਵਿੱਚ ਸਰਕਾਰ ਖ਼ਾਲਸਾ ਨੇ ਅੰਮ੍ਰਿਤਸਰ ਸ਼ਹਿਰ ਦੀ ਉੱਤਰ ਬਾਹੀ 'ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਕਰੀਬ ਇੱਕ ਕਿੱਲੋਮੀਟਰ ਦੂਰ ਇੱਕ ਖ਼ੂਬਸੂਰਤ ਬਾਗ ਨੂੰ ਬਣਾਉਣਾ ਸ਼ੁਰੂ ਕੀਤਾ। ਸ਼ੇਰ-ਏ-ਪੰਜਾਬ ਨੇ ਇਸ ਬਾਗ ਨੂੰ ਬਣਾਉਣ ਦੀ ਜ਼ਿੰਮੇਵਾਰੀ ਮਸ਼ਹੂਰ ਮੁਸਲਿਮ ਆਰਕੀਟੈਕਟ ਮੁਹੰਮਦ ਯਾਰ ਨੂੰ ਦਿੱਤੀ। ਫ਼ਕੀਰ ਇਮਾਮ-ਉੱਦ-ਦੀਨ ਨੂੰ ਇਸ ਬਾਗ ਦੀ ਉਸਾਰੀ ਵਿੱਚ ਜੋ ਵੀ ਖਰਚਾ ਆਉਣਾ ਸੀ, ਉਸ ਦਾ ਹਿਸਾਬ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਗਈ। ਸੰਨ 1831 ਵਿੱਚ ਇਹ ਬਾਗ ਬਣ ਕੇ ਮੁਕੰਮਲ ਹੋਇਆ ਅਤੇ ਇਸ ਉੱਪਰ ਉਸ ਸਮੇਂ 1,45,000 ਰੁਪਏ ਖਰਚਾ ਆਇਆ, ਜੋ ਕਿ ਅੱਜ ਦੇ ਕਰੋੜਾਂ ਰੁਪਏ ਦੇ ਬਰਾਬਰ ਹੈ।

ਬਾਗ ਵਿੱਚ ਬਹੁਤ ਸੁੰਦਰ ਬਗੀਚੇ, ਫਲ-ਫੁੱਲ ਅਤੇ ਛਾਂ-ਦਾਰ ਪੌਦੇ ਲਗਾਏ ਗਏ। ਫੁੱਲ-ਬੂਟਿਆਂ ਨੂੰ ਪਾਣੀ ਦੇਣ ਅਤੇ ਬਾਗ ਦੀ ਸੁੰਦਰਤਾ ਨੂੰ ਵਧਾਉਣ ਲਈ ਫੁਹਾਰੇ ਲਗਾਏ ਗਏ।

ਮਹਾਰਾਜੇ ਦੀ ਰਿਹਾਇਸ਼ ਦੇ ਲਈ ਬਾਗ ਦੇ ਵਿਚਕਾਰ ਬਾਰਾਂਦਰੀ ਵਰਗੀ ਇੱਕ ਬਹੁਤ ਖ਼ੂਬਸੂਰਤ ਇਮਾਰਤ ਬਣਾਈ ਗਈ, ਜਿਸ ਨੂੰ ਸ਼ੀਸ਼ ਮਹਿਲ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਡਿਓੜੀ ਅਤੇ ਹੋਰ ਇਮਾਰਤਾ ਵੀ ਬਾਗ ਵਿੱਚ ਉਸਾਰੀਆਂ ਗਈਆਂ। ਇਹ ਇਮਾਰਤਾਂ ਸਿੱਖ ਭਵਨ ਕਲਾ ਦਾ ਸ਼ਾਹਕਾਰ ਨਮੂਨਾ ਹਨ, ਜੋ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ।



ਸੰਨ 1831 ਵਿੱਚ ਅੰਮ੍ਰਿਤਸਰ ਸ਼ਹਿਰ ਵਿਖੇ ਜਦੋਂ ਇਹ ਬਾਗ ਪੂਰੀ ਤਰ੍ਹਾਂ ਮੁਕੰਮਲ ਹੋ ਗਿਆ ਤਾਂ ਦਰਬਾਰੀਆਂ ਨੇ ਮਹਾਰਾਜੇ ਨੂੰ ਇਸ ਦਾ ਨਾਂਅ ਰਣਜੀਤ ਸਿੰਘ ਬਾਗ ਰੱਖਣ ਦੀ ਬੇਨਤੀ ਕੀਤੀ। ਦਰਬਾਰੀਆਂ ਦੀ ਇਸ ਮੰਗ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਇਹ ਬਾਗ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਸ਼ਹਿਰ ਵਿੱਚ ਹੈ ਅਤੇ ਇਸ ਦਾ ਨਾਂਅ ਵੀ 'ਰਾਮਬਾਗ' ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਉੱਪਰ ਇਸ ਬਾਗ ਦਾ ਨਾਂਅ 'ਰਾਮਬਾਗ' ਰੱਖ ਦਿੱਤਾ।

ਸ਼ੇਰ-ਏ-ਪੰਜਾਬ ਜਦੋਂ ਵੀ ਅੰਮ੍ਰਿਤਸਰ ਆਉਂਦੇ ਤਾਂ ਉਨ੍ਹਾਂ ਦੀ ਰਿਹਾਇਸ਼ ਰਾਮਬਾਗ ਵਿਚਲੇ ਆਪਣੇ ਮਹਿਲ ਵਿੱਚ ਹੁੰਦੀ। ਇਸ ਤਰ੍ਹਾਂ 'ਰਾਮਬਾਗ' ਸਰਕਾਰ ਖ਼ਾਲਸਾ ਦਾ ਧੁਰਾ ਬਣ ਗਿਆ ਅਤੇ ਮਹਾਰਾਜਾ ਨੇ ਇੱਥੋਂ ਹੀ ਆਪਣੇ ਰਾਜ ਦੇ ਕਈ ਅਹਿਮ ਫ਼ੈਸਲੇ ਕੀਤੇ। ਸਿੱਖ ਰਾਜ ਸਮੇਂ ਅੰਮ੍ਰਿਤਸਰ ਦੇ 'ਰਾਮਬਾਗ' ਦੀ ਸੁੰਦਰਤਾ ਦੀ ਧੁੰਮ ਸਾਰੇ ਪਾਸੇ ਸੀ ਅਤੇ ਜੋ ਕੋਈ ਵੀ ਬਾਗ ਨੂੰ ਦੇਖਦਾ ਤਾਂ ਇਸ ਦੀ ਖ਼ੂਬਸੂਰਤੀ ਦਾ ਕਾਇਲ ਹੋ ਜਾਂਦਾ।

ਜਦੋਂ ਸੰਨ 1849 ਵਿੱਚ ਈਸਟ ਇੰਡੀਆ ਕੰਪਨੀ ਨੇ ਦੇਸ਼-ਪੰਜਾਬ ਉੱਪਰ ਕਬਜ਼ਾ ਕਰ ਲਿਆ ਤਾਂ 'ਰਾਮਬਾਗ' ਵਿੱਚ ਵੀ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਰਹਿਣ ਲੱਗ ਪਏ। ਈਸਟ ਇੰਡੀਆ ਕੰਪਨੀ ਵਲੋਂ ਕਬਜ਼ਾ ਕਰਨ ਨਾਲ ਰਾਮਬਾਗ ਦੀ ਥਾਂ ਇਸ ਦਾ ਨਵਾਂ ਨਾਂਅ 'ਕੰਪਨੀ ਬਾਗ' ਪ੍ਰਚਲਿਤ ਕੀਤਾ ਗਿਆ। ਹੁਣ ਸੋਚਣ ਵਾਲੀ ਗੱਲ ਹੈ ਕਿ ਈਸਟ ਇੰਡੀਆ ਕੰਪਨੀ ਦਾ ਕਬਜ਼ਾ ਖ਼ਤਮ ਹੋਏ ਕਿੰਨਾ ਸਮਾਂ ਬੀਤ ਗਿਆ ਪਰ ਅਜੇ ਵੀ ਬਹੁਤੇ ਲੋਕ ਇਸ ਬਾਗ ਨੇ 'ਕੰਪਨੀ ਬਾਗ' ਹੀ ਕਹਿੰਦੇ ਹਨ। ਜਦੋਂ ਇਸ ਬਾਗ਼ ਨੂੰ ਬਣਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਾ ਨਾਂਅ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਉੱਪਰ 'ਰਾਮਬਾਗ' ਰੱਖਿਆ ਸੀ ਤਾਂ ਹਰ ਕਿਸੇ ਨੂੰ ਇਸ ਦਾ ਨਾਂਅ 'ਰਾਮਬਾਗ' ਹੀ ਲੈਣਾ ਚਾਹੀਦਾ ਹੈ। ਜੇਕਰ ਕਿਤੇ ਸਰਕਾਰੀ ਰਿਕਾਰਡ ਵਿੱਚ ਵੀ ਕੰਪਨੀ ਬਾਗ ਹੈ ਤਾਂ ਉਸ ਨੂੰ ਵੀ 'ਰਾਮਬਾਗ' ਕੀਤਾ ਜਾਵੇ ਅਤੇ ਬੋਰਡ ਆਦਿ ਵੀ ਸਿਰਫ਼ 'ਰਾਮਬਾਗ' ਦੇ ਹੀ ਲਗਾਏ ਜਾਣ।

ਹੁਣ ਗੱਲ ਕਰਦੇ ਹਾਂ ਅਜੋਕੇ 'ਰਾਮਬਾਗ' ਦੀ। ਰਾਮਬਾਗ ਵਿੱਚ ਇੱਕ ਬਹੁਤ ਹੀ ਖ਼ੂਬਸੂਰਤ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਹੈ। ਸੰਨ 2001 ਦੀ 18 ਨਵੰਬਰ ਨੂੰ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਵਲੋਂ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ 20 ਜੁਲਾਈ 2006 ਵਿੱਚ ਤਤਕਾਲੀਨ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਉਦਘਾਟਨ ਕੀਤਾ ਸੀ। ਇਸ ਪੈਨੋਰਮਾ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਝਲਕ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵੱਡ ਅਕਾਰੀ ਚਿੱਤਰ, ਮੋਮ ਦੇ ਬੁੱਤਾਂ ਰਾਹੀਂ ਉਨ੍ਹਾਂ ਦੇ ਦਰਬਾਰ ਦੀ ਸ਼ਾਨ, ਵੱਖ-ਵੱਖ ਜੰਗਾਂ ਅਤੇ ਇਤਿਹਾਸਕ ਘਟਨਾਵਾਂ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਸਿਰਫ਼ 10 ਰੁਪਏ ਦੀ ਟਿਕਟ ਲੈ ਕੇ ਇਸ ਨੂੰ ਦੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਵਿੱਚ ਮਿਊਜ਼ੀਅਮ ਵੀ ਚੱਲ ਰਿਹਾ ਹੈ।

ਭਾਵੇਂ ਕਿ ਸਰਕਾਰ ਵਲੋਂ ਪੈਨੋਰਮਾ ਤੇ ਮਿਊਜ਼ੀਅਮ ਦੇ ਰਾਹੀਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦੇਣ ਦਾ ਵਧੀਆ ਉਪਰਾਲਾ ਕੀਤਾ ਗਿਆ ਹੈ ਪਰ ਯਾਤਰੂਆਂ ਕੋਲ ਇਸ ਪੈਨੋਰਮੇ ਤੇ ਮਿਊਜ਼ੀਅਮ ਦੀ ਜਾਣਕਾਰੀ ਨਾ ਹੋਣ ਕਾਰਨ ਬਹੁਤ ਘੱਟ ਲੋਕ ਹੀ ਇੱਥੇ ਪਹੁੰਚਦੇ ਹਨ।

ਲੋੜ ਹੈ ਇਸ ਦੇ ਪ੍ਰਚਾਰ ਤੇ ਪਸਾਰ ਦੀ। ਰਾਮਬਾਗ ਵਿੱਚ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦੀਆਂ ਇਮਾਰਤਾਂ ਮੌਜੂਦ ਹਨ। ਉਸ ਸਮੇਂ ਦੇ ਬਹੁਤ ਸਾਰੇ ਦਰੱਖਤ ਵੀ ਬਾਗ ਵਿੱਚ ਦੇਖੇ ਜਾ ਸਕਦੇ ਹਨ। ਰਾਮਬਾਗ ਬਹੁਤ ਹੀ ਖ਼ੂਬਸੂਰਤ ਹੈ ਅਤੇ ਇਸ ਦੀ ਹਰਿਆਲੀ, ਸੁੰਦਰਤਾ ਅਤੇ ਸ਼ਾਨਾਮੱਤੀ ਵਿਰਾਸਤ ਹਰ ਕਿਸੇ ਨੂੰ ਕੀਲ ਕੇ ਰੱਖ ਦਿੰਦੀ ਹੈ।



# ਪੰਜਾਬੀ ਬੋਲਣੀ ਕਿਤੇ ਭੁੱਲ ਨਾ ਜਾਇਓ ਪੰਜਾਬੀਓ !

## ਕੀ ਹੈ ਅਮੀਰ ਵਿਰਸੇ ਵਾਲੀ ਪੰਜਾਬੀ ਭਾਸ਼ਾ ਦਾ ਭਵਿੱਖ ?

ਡਾ. ਆਤਮਾ ਸਿੰਘ ਗਿੱਲ




ਪੰਜਾਬ ਵਿੱਚ ਇਸ ਵੇਲੇ ਪੰਜਾਬੀ ਭਾਸ਼ਾ ਦੀ ਸਥਿਤੀ ਬਹੁਤੀ ਨਿਰਾਸ਼ਾਜਨਕ ਨਹੀਂ ਹੈ ਫਿਰ ਵੀ ਪੰਜਾਬੀ ਦੇ ਅਲੰਬੜਦਾਰ ਆਪਣੀ ਯੁਵਾ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਸਿਖਾਉਣ ਨੂੰ ਤਰਜੀਹ ਨਹੀਂ ਦਿੰਦੇ। ਇਸਦਾ ਕਾਰਨ ਸ਼ਾਇਦ ਪੰਜਾਬੀ ਭਾਸ਼ਾ ਦਾ ਕਿੱਤਾਮੁੱਖੀ ਨਾ ਹੋਣਾ ਹੈ। ਸਥਿਤੀ ਇਹ ਹੈ ਕਿ ਅਤਿ-ਆਧੁਨਿਕ ਸਾਧਨ ਵਿਕਸਿਤ ਹੋਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਿਸ ਵਿੱਚ ਫੌਂਟ, ਸ਼ਬਦ-ਜੋੜ ਆਦਿ ਅੱਜ ਤੱਕ

ਵਿਦਵਾਨਾਂ ਲਈ ਚੁਣੌਤੀ ਬਣੇ ਹੋਏ ਹਨ।

ਪੰਜਾਬੀ ਭਾਸ਼ਾ ਦੇ ਦੁਖਾਂਤ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ ਤੇ ਪੰਜਾਬੀ ਅਧਿਆਪਨ ਵਿੱਚ ਕਦੀ ਵੀ ਸਰਕਾਰ ਨੇ ਦਿਲਚਸਪੀ ਨਹੀਂ ਲਈ। ਪੰਜਾਬੀ ਭਾਸ਼ਾ ਦੀਆਂ ਸੇਵਾਦਾਰ ਕੁਝ ਸੰਸਥਾਵਾਂ ਇਸਦੇ ਵਿਕਾਸ ਲਈ ਤੱਤਪਰ ਤਾਂ ਹਨ ਪਰ ਸਰਕਾਰੀ ਗਰਾਂਟਾਂ ’ਤੇ ਨਿਰਭਰ ਹੋਣ ਕਰਕੇ ਅਤੇ ਫੰਡਾਂ ਦੀ ਘਾਟ ਕਾਰਨ ਬਹੁਤਾ ਕੁਝ ਕਰਨ ਤੋਂ ਅਸਮਰੱਥ ਹਨ। ਪੰਜਾਬੀ ਭਾਸ਼ਾ ਲਈ ਚੱਲੀਆਂ ਲਹਿਰਾਂ ਵੀ ਨਿਰੋਲ ਸਿਆਸੀ ਸਨ।

ਪੰਜਾਬੀਆਂ ਦੀ ਵਿਡੰਬਨਾ ਹੈ ਕਿ ਦੂਜੇ ਬੁਲਾਰਿਆਂ ਦੇ ਮੁਕਾਬਲੇ ਇਹ ਭਾਸ਼ਾ ਨੂੰ ਬੜੀ ਜਲਦੀ ਤਿਆਗਦੇ ਹਨ। ਇਮਾਰਤਾਂ ਦੇ ਲੈਂਟਰ ਕਿੰਨੇ ਵੀ ਮਜ਼ਬੂਤ ਹੋਣ ਜਾਂ ਬਾਹਰੀ ਲਿਸ਼ਕ-ਪੁਸ਼ਕ ਬਾਕਮਾਲ ਹੋਵੇ ਪਰ ਨੀਹਾਂ ਕਮਜ਼ੋਰ ਹੋਣ ’ਤੇ ਉਸਦੀ ਮਿਆਦ ਬਹੁਤੀ ਲੰਮੀ ਨਹੀਂ ਹੋ ਸਕਦੀ। ਬਿਲਕੁਲ ਅਜਿਹੀ ਸਥਿਤੀ ਪੰਜਾਬੀ ਭਾਸ਼ਾ ਦੀ ਹੈ। ਸਰਕਾਰੀ ਸਕੂਲਾਂ ਨੂੰ ਛੱਡ ਕੇ ਲਗਭਗ ਸਾਰੇ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਪੰਜਵੇਂ ਸਾਲ ਸ਼ੁਰੂ ਹੁੰਦੀ ਹੈ। ਸਰਕਾਰੀ ਸਕੂਲਾਂ ਵਿੱਚ ਉਹ ਤਬਕਾ ਪੜ੍ਹਦਾ ਹੈ ਜਿਨ੍ਹਾਂ ਲਈ ਰੋਜ਼ਗਾਰ ਪਹਿਲੇ ਸਥਾਨ ’ਤੇ ਹੈ ਅਤੇ ਭਾਸ਼ਾ ਦਾ ਦਰਜਾ ਬਾਅਦ ਵਿੱਚ ਆਉਂਦਾ ਹੈ। ਇਸੇ ਲਈ ਇਸ ਵਰਗ ਵੱਲੋਂ ਪੰਜਾਬੀ ਦੇ ਵਿਕਾਸ ਲਈ ਕੋਈ ਯੋਗਦਾਨ ਨਹੀਂ ਪਾਇਆ ਜਾਂਦਾ। ਇਥੋਂ ਤੱਕ ਕਿ ਭਾਸ਼ਾ ਸਿਖਾਂਦਰੂ ਵੀ ਲੋੜ ਮੁਤਾਬਕ ਪੰਜਾਬੀ ਭਾਸ਼ਾ ਦਾ ਆਦਾਨ ਪ੍ਰਦਾਨ ਕਰਦੇ ਹਨ। ਇਥੇ ਤਾਂ ਅਸੀਂ ਆਪ ਹੀ ਪੰਜਾਬੀ ਪੜ੍ਹਨ, ਲਿਖਣ, ਬੋਲਣ ਤੇ ਵਰਤਣ ਤੋਂ ਉਪਰਾਮ ਹੋਏ ਪਏ ਹਾਂ। ਇਸ ਵੇਲੇ ‘ਮਨ ਪਰਦੇਸੀ ਜੇ ਥੀਆ ਸਭ ਦੇਸ ਪਰਾਇਆ’ ਵਰਗੀ ਹਾਲਤ ਹੋ ਗਈ ਹੈ ਜਦੋਂ ਅਸੀਂ ਆਪਣੇ ਘਰਾਂ ਵਿੱਚ ਹੀ ਆਪਣੀ ਭਾਸ਼ਾ ਤੋਂ ਬੇਮੁੱਖ ਹੋ ਗਏ ਹਾਂ। ਇਸੇ ਕਰਕੇ ਪੰਜਾਬੀ ਭਾਸ਼ਾ ਨੂੰ ਪਰਵਾਸੀ ਰੁਤਬਾ ਦਿੱਤਾ ਜਾ ਸਕਦਾ ਹੈ।

ਪੰਜਾਬੀ ਲੋਕ ਤਾਂ ਬੜੇ ਹਿੰਮਤੀ ਹਨ, ਜੋ ਸੱਤ ਸਮੁੰਦਰਾਂ ਤੋਂ ਪਾਰ ਵਿਸ਼ਵ ਦੇ ਅਨੇਕਾਂ ਦੇਸ਼ਾਂ ਵਿੱਚ ਪਸਰੇ ਹੋਏ ਹਨ ਅਤੇ ਅੰਗਰੇਜ਼ੀ ਜਾਂ ਹੋਰਨਾਂ ਭਾਸ਼ਾਵਾਂ ਦਾ ਸ਼ੁੱਧ ਉਚਾਰਨ ਕਰਦੇ ਹਨ। ਵਿਸ਼ਵ ਦੇ 120 ਦੇ ਲਗਭਗ ਦੇਸ਼ਾਂ ਵਿੱਚ ਪੰਜਾਬੀ

ਬੋਲੀ ਜਾਂਦੀ ਹੈ। ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਏਸ਼ੀਆ ਦੇ ਸਿੰਘਾਪੁਰ, ਹਾਂਗਕਾਂਗ, ਮਲੇਸ਼ੀਆ, ਥਾਈਲੈਂਡ, ਫਿਲਪਾਈਨ, ਯੂਰਪ ਦੇ ਇੰਗਲੈਂਡ, ਜਰਮਨੀ, ਇਟਲੀ, ਹਾਲੈਂਡ, ਪੋਲੈਂਡ, ਸਵਿਟਜਰਲੈਂਡ, ਗਰੀਨਲੈਂਡ, ਆਈਸਲੈਂਡ, ਫਿਨਲੈਂਡ, ਅਫਰੀਕਾ ਦੇ ਕੀਨੀਆ, ਯੁਗੰਡਾ, ਅਰਬ ਦੇ ਦੁਬਈ ਆਬੂਧਾਬੀ, ਕਤਰ, ਮਸਕਟ, ਅਮਰੀਕਾ, ਕੈਨੇਡਾ, ਫਿਜ਼ੀ, ਆਸਟਰੇਲੀਆ, ਨਿਊਜ਼ੀਲੈਂਡ, ਕੀਨੀਆ ਆਦਿ ਦੇਸ਼ਾਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਤੇ ਭਾਰਤ ਤੋਂ ਇਲਾਵਾ ਇੱਕ ਅਨੁਮਾਨ ਅਨੁਸਾਰ ਲਗਭਗ ਪੰਜਾਹ ਦੇਸ਼ਾਂ ਵਿੱਚ ਪੰਜ ਸੌ ਦੇ ਲਗਭਗ ਸਾਹਿਤਕਾਰ ਪੰਜਾਬੀ ਸਾਹਿਤ ਦੀ ਸਿਰਜਣਾ ਕਰ ਰਹੇ ਹਨ। ਇਸਦੇ ਬਾਵਜੂਦ ਵੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਹਾਲਤ ਤਰਸਯੋਗ ਹੈ। ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ ਵੀਹਵੀਂ ਸਦੀ ਭਾਸ਼ਾ ਵਿਗਿਆਨ ਦੇ ਇਤਿਹਾਸ ਦਾ ਸੁਨਹਿਰੀ ਯੁੱਗ ਹੈ। ਵਾਸਤਵ ਵਿੱਚ ਭਾਸ਼ਾ ਦੀ ਹੋਂਦ ਵਿਗਿਆਨਕ ਅਧਿਐਨ ’ਤੇ ਹੀ ਆਧਾਰਿਤ ਨਹੀਂ ਸਗੋਂ ਇਸਦੇ ਬੋਲਾਰਿਆਂ ਦੁਆਰਾ ਨਿਰਧਾਰਿਤ ਹੁੰਦੀ ਹੈ। ਡਾ. ਸਿੱਧੂ ਨੇ ਭਾਸ਼ਾ-ਵਿਗਿਆਨ ਦਾ ਮੁਲਾਂਕਣ ਕੀਤਾ ਹੈ ਨਾ ਕਿ ਪੰਜਾਬੀ ਭਾਸ਼ਾ ਦਾ, ਇਸ ਕਰਕੇ ਉਹਨਾਂ ਦੀ ਟਿੱਪਣੀ ਨੂੰ ਨਿਰਾਰਥਕ ਨਹੀਂ ਕਿਹਾ ਜਾ ਸਕਦਾ। ਭਾਸ਼ਾ ਦਾ ਵਿਗਿਆਨ ਅਧਿਐਨ ਬਹੁਤ ਕਠਿਨ ਕਾਰਜ ਹੈ ਜਿਸ ਵਿੱਚ ਭਾਸ਼ਾ ਦਾ ਸਿਧਾਂਤਕ ਤੇ ਵਿਆਕਰਨਿਕ ਅਧਿਐਨ ਕੀਤਾ ਜਾਂਦਾ ਹੈ ਪਰ ਵਿਹਾਰਕ ਪੱਧਰ ’ਤੇ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਸਥਾਨਕ ਸਰਕਾਰਾਂ ਤੇ ਸੰਸਥਾਵਾਂ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।



ਪੰਜਾਬੀ ਭਾਸ਼ਾ ਦੇ ਬੁਲਾਰੇ ਭਾਵੇਂ ਵੱਡੀ ਮਾਤਰਾ ਵਿੱਚ ਵਿਦੇਸ਼ਾਂ ਵਿੱਚ ਵੀ ਫੈਲੇ ਹੋਏ ਹਨ ਪਰ ਪੰਜਾਬ ਵਿੱਚ ਪੰਜਾਬੀ ਦੀਆਂ ਜੜ੍ਹਾਂ ਅਸੀਂ ਖੁਦ ਵੱਢ ਰਹੇ ਹਾਂ। ਸ਼ਾਇਦ ਵਿਸ਼ਵੀਕਰਨ ਦਾ ਪ੍ਰਭਾਵ ਹੈ ਜਾਂ ਪੰਜਾਬੀਆਂ ਦੀ ਮਾਨਸਿਕਤਾ ਹੀ ਭਾਸ਼ਾ-

ਵਿਸਾਰੂ ਹੈ ਅਸੀਂ ਸਮੁੱਚੇ ਵਰਤਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਪ੍ਰਦੇਸਣ ਕੀਤਾ ਹੋਇਆ ਹੈ।

ਪੰਜਾਬੀਆਂ ਦੇ ਨਾਮਕਰਣ ਦੀ ਗੱਲ ਕਰੀਏ ਤਾਂ ਅਸੀਂ ਆਪਣੇ ਬੱਚਿਆਂ ਦੇ ਨਾਮ ਗ਼ੈਰ ਪੰਜਾਬੀ ਰੱਖ ਕੇ ਜ਼ਿਆਦਾ ਪ੍ਰਸੰਨਤਾ ਮਹਿਸੂਸ ਕਰਦੇ ਹਾਂ। ਜਰਮਨ, ਲਵ, ਪ੍ਰਿੰਸ, ਨੇਚਰਪ੍ਰੀਤ, ਸਵੀਟੀ, ਰੋਮਾ, ਜੋਆਏ, ਪੀਟਰ, ਹੀਰੋ, ਜੌਹਨ, ਮੈਕ, ਵਿਲਫ੍ਰੈਡ, ਵਿਲੀਅਮ, ਰੋਜ਼, ਸੈਮ, ਲੱਕੀ, ਗ੍ਰੈਸੀ, ਏਂਜਲ, ਡੇਜ਼ੀ, ਲਵਲੀ ਆਦਿ ਵਿਦੇਸ਼ੀ ਨਾਮ ਸਾਨੂੰ ਚੰਗੇ ਲੱਗਦੇ ਹਨ।

ਇਥੋਂ ਤੱਕ ਕਿ ਅਸੀਂ ਪਾਲਤੂ ਕੁੱਤਿਆਂ ਦੇ ਨਾਮ ਵੀ ਡੱਬੂ ਤੇ ਭੋਲੂ ਨੂੰ ਛੱਡ ਕੇ ਵਲੈਤੀ ਨਾਮ ਟਾਈਗਰ, ਟੌਮੀ, ਸਾਈਬਰ, ਹਿਪੋ, ਆਲਡੋ, ਸੀਜ਼ਰ, ਟ੍ਰੋਏ, ਰੌਕਸੀ, ਆਸਕਰ, ਰੌਕੀ, ਲੂਸੀ, ਜੈਕੀ, ਟੈਬੀ, ਹਾਰਲੇ, ਲਿਲੀ ਆਦਿ ਰੱਖਣ ਵਿੱਚ ਯਕੀਨ ਰੱਖਦੇ ਹਾਂ।

ਪੰਜਾਬੀ ਆਪਣੇ ਅਨਮੋਲ ਰਿਸ਼ਤੇ ਮਾਂ, ਪਿਉ, ਭਰਾ, ਭੈਣ, ਚਾਚਾ, ਚਾਚੀ, ਤਾਇਆ, ਤਾਈ, ਭੂਆ, ਫੁੱਫੜ, ਦਾਦਾ, ਦਾਦੀ, ਨਾਨਾ, ਨਾਨੀ, ਮਾਮਾ, ਮਾਮੀ, ਮਾਸੀ, ਮਾਸੜ, ਭਤੀਜਾ, ਭਤੀਜੀ, ਭਣੇਵਾਂ, ਭਣੇਵੀਂ, ਸੱਸ, ਸਹੁਰਾ, ਪਤਿਆਉਰਾ, ਪਤੀਸ, ਦਦੇਸ ਆਦਿ ਰਿਸ਼ਤਿਆਂ ਨੂੰ ਵਿਸਾਰ ਕੇ ਮੌਮ, ਡੈਡ, ਬ੍ਰਦਰ, ਸਿਸਟਰ, ਕਜ਼ਨ, ਆਂਟੀ, ਅੰਕਲ, ਬ੍ਰਦਰ ਇਨ ਲਾਅ, ਸਿਸਟਰ ਇਨ ਲਾਅ, ਫਾਦਰ ਇਨ ਲਾਅ, ਮਦਰ ਇਨ ਲਾਅ ਆਦਿ ਵਲੈਤੀ ਸ਼ਬਦਾਂ ਨਾਲ ਆਪਣੇ ਆਪ ਨੂੰ ਇੰਟਰੋਡਿਊਸ ਕਰਾਉਂਦੇ ਹਨ। ਸਾਡੇ ਲਈ ਤਾਂ ਜਾਣ-ਪਛਾਣ ਸ਼ਬਦ ਵੀ ਹੀਣ ਭਾਵਨਾ ਵਾਲਾ ਹੈ, ਇਸੇ ਕਰਕੇ ਅਸੀਂ ਸਮਾਗਮ ਲਈ ਸੱਦਾ ਪੱਤਰ ਨਹੀਂ ਸਗੋਂ ਫੰਕਸ਼ਨ ਲਈ ਇਨਵੀਟੇਸ਼ਨ ਦਿੰਦੇ ਹਾਂ। ਸਾਡੇ ਲਈ ਤੋਹਫੇ ਗਿਫਟ ਬਣ ਗਏ ਤੇ ਜਸ਼ਨ ਪਾਰਟੀਜ਼ ਹੋ ਗਏ।

ਪੰਜਾਬੀ ਭਾਸ਼ਾ ਨੂੰ ਅੱਖੋਂ ਪਰੋਖੇ ਕਰਨਾ ਸੁਭਾਵਿਕ ਹੈ ਜਦੋਂ ਅਸੀਂ ਆਪਣੇ ਵਿਰਾਸਤੀ ਤਿਉਹਾਰ ਤਿਆਗ ਕੇ ਵਿਦੇਸ਼ੀ ਫੈਸਟੀਵਲ ਮਨਾਉਣ ਵਿੱਚ ਖੁਸ਼ੀ ਮਹਿਸੂਸ ਕਰਦੇ ਹਾਂ। ਕ੍ਰਿਸਮਿਸ, ਵੈਲੇਨਟਾਈਨ, ਨਿਊ ਯੀਅਰ ਆਦਿ ਮਿਸਾਲਾਂ

ਲਈਆਂ ਜਾ ਸਕਦੀਆਂ ਹਨ, ਜਿਨ੍ਹਾਂ ਨਾਲ ਜੁੜੀ ਸ਼ਬਦਾਵਲੀ ਤੇ ਸੱਭਿਆਚਾਰ ਪੂਰਨ ਰੂਪ ਵਿੱਚ ਗ਼ੈਰ ਪੰਜਾਬੀ ਹੈ। ਬੇਸ਼ੱਕ ਪੰਜਾਬੀ ਭਾਸ਼ਾ ਅਮੀਰ ਵਿਰਸੇ ਨੂੰ ਸਮੋਈ ਬੈਠੀ ਹੈ ਪਰ ਭਵਿੱਖ ਵਿੱਚ ਇਸਦੇ ਵਰਤਾਰੇ ਕੇਵਲ ਸਾਂਭਣਯੋਗ ਤੱਥ ਬਣ ਕੇ ਰਹਿ ਜਾਣ ਦੀ ਪੂਰੀ ਸੰਭਾਵਨਾ ਹੈ, ਕਿਉਂਕਿ ਨਵੀਂ ਪਨੀਰੀ ਨੂੰ ਅਸੀਂ ਆਪ ਪੰਜਾਬੀ ਤੋਂ ਦੂਰ ਕਰ ਰਹੇ ਹਾਂ। ਗੁਰੂਆਂ, ਭਗਤਾਂ, ਸੂਫ਼ੀਆਂ, ਕਿੱਸਾਕਾਰਾਂ, ਸਾਹਿਤਕਾਰਾਂ ਆਦਿ ਦੀਆਂ ਅਨਮੋਲ ਰਚਨਾਵਾਂ ਕੇਵਲ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਜਾਣਗੀਆਂ ਕਿਉਂਕਿ ਅੰਗਰੇਜ਼ੀ ਸਕੂਲਾਂ ਦੇ ਪੜ੍ਹੇ ਵਿਦਿਆਰਥੀ ਜਪੁਜੀ ਸਾਹਿਬ ਦਾ ਪਾਠ ਤੱਕ ਨਹੀਂ ਕਰ ਸਕਦੇ।

ਭਾਵੇਂ ਸਰਕਾਰਾਂ ਵੱਲੋਂ ਪਹਿਲੀ ਸ਼੍ਰੇਣੀ ਤੋਂ ਪੰਜਾਬੀ ਪੜ੍ਹਾਉਣ ਦੇ ਆਦੇਸ਼ ਹਨ ਪਰ ਪ੍ਰਾਈਵੇਟ ਸਕੂਲਾਂ ਵੱਲੋਂ ਸਰਕਾਰ ਦੇ ਅੱਖੀਂ ਘੱਟਾ ਪਾ ਕੇ ਬੱਚਿਆਂ ਨੂੰ ਪੰਜਵੇਂ ਸਾਲ ਪੰਜਾਬੀ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ। ਪ੍ਰੀ ਨਰਸਰੀ, ਨਰਸਰੀ, ਐੱਲ. ਕੇ. ਜੀ., ਯੂ. ਕੇ. ਜੀ. ਤੋਂ ਬਾਅਦ ਫਸਟ ਕਲਾਸ ਵਿਚ ਪੰਜਾਬੀ ਸ਼ੁਰੂ ਹੁੰਦੀ ਹੈ। ਆਪਣੇ ਵੱਲੋਂ ਸੱਚੇ ਹੋਣ ਲਈ ਉਹ ਕਹਿ ਸਕਦੇ ਨੇ ਕਿ ਪੰਜਾਬੀ ਪਹਿਲੀ ਕਲਾਸ ਤੋਂ ਸ਼ੁਰੂ ਕੀਤੀ ਹੈ ਭਾਵੇਂ ਕਿ ਉਦੋਂ ਤੱਕ ਬੱਚੇ ਚੰਗੀ ਤਰ੍ਹਾਂ ਅੰਗਰੇਜ਼ੀ ਤੇ ਹਿੰਦੀ ਪੜ੍ਹਨਾ ਲਿਖਣਾ ਸਿੱਖ ਚੁੱਕੇ ਹੁੰਦੇ ਹਨ। ਕੁਝ ਇੱਕ ਸੰਸਥਾਵਾਂ ਨੂੰ ਛੱਡ ਕੇ ਪੰਜਾਬ ਵਿਚ ਪੜ੍ਹਨ ਪੜ੍ਹਾਉਣ ਵਾਲਿਆਂ ਦੀ ਮਾਨਸਿਕਤਾ ਗ਼ੈਰ-ਭਾਸ਼ਾਈ ਹੈ ਇਸੇ ਕਰਕੇ ਸਾਡੇ ਸਕੂਲਾਂ ਦੇ ਨਾਮ ਅੰਗਰੇਜ਼ੀ ਹਨ ਜਿਵੇਂ ਰੋਜ਼ ਬਡਜ਼, ਸੇਕਰਟ ਹਾਰਟ, ਹੋਲੀ ਹਾਰਟ, ਸਪਰਿੰਗ ਡੇਲ, ਜੂਨੀਅਰ ਸਟੱਡੀ, ਸੀਨੀਅਰ ਸਟੱਡੀ, ਬ੍ਰਾਈਟ ਵੇਅ, ਲਿਟਲ ਫਲਾਵਰ, ਕੈਂਬਰੇਜ, ਲੇਕ ਹੈੱਡ, ਸੇਂਟ ਪੀਟਰ, ਕਿੱਡਜ਼ੀ, ਮਿਲੇਨੀਅਮ, ਲਿਟਲ ਏਂਜਲ, ਹਾਰਵਡ ਲੇਨ, ਮਾਊਂਟਬੈਟਨ, ਲਾ ਫਾਊਂਡੇਸ਼ਨ, ਈਸਟ ਵੁੱਡ ਇੰਟਰਨੈਸ਼ਨਲ ਆਦਿ। ਵਿਡੰਬਨਾ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਵਾਲੇ ‘ਸੰਤ ਸਿਪਾਹੀ’ ਸਕੂਲ ਦਾ ਨਾਮ

‘ਸੇਂਟ ਸੋਲਜਰ’ ਰੱਖ ਦਿੱਤਾ ਗਿਆ।

ਪੰਜਾਬੀ ਮਾਨਸਿਕਤਾ ਦੇ ਹੋਰ ਨਮੂਨੇ ਵੇਖਣੇ ਹੋਣ ਤਾਂ ਇਹਨਾਂ ਦੇ ਘਰਾਂ, ਮਹੱਲਿਆਂ, ਦੁਕਾਨਾਂ, ਗਲੀਆਂ ਤੇ ਸੜਕਾਂ ਦੇ ਨਾਮ ਹੀ ਦੇਖ ਲਉ ਜਿਵੇਂ ਕਲੋਨੀਆਂ ਗ੍ਰੀਨ ਵੈਲੀ, ਗ੍ਰੀਨ ਐਵਿਨਿਊ, ਸਿਲਵਰ ਇਸਟੇਟ, ਹੋਲੀ ਸਿਟੀ,

ਡੀ.ਆਰ.ਇਨਕਲੇਵ ਆਦਿ। ਸੜਕਾਂ ਦੇ ਨਾਮ ਕੂਪਰ ਰੋਡ, ਕਵੀਨਜ਼ ਰੋਡ, ਐਲਬਰਟ ਰੋਡ, ਲਾਰੈਂਸ ਰੋਡ, ਮਾਲ ਰੋਡ, ਮੈਕਲਡ ਰੋਡ, ਸਰਕੂਲਰ ਰੋਡ, ਕੈਂਟ ਰੋਡ, ਜੀ.ਟੀ.ਰੋਡ, ਬਾਈਪਾਸ ਆਦਿ। ਦੁਕਾਨਾਂ ਤੇ ਸ਼ਾਪਿੰਗ ਮਾਲ ਜਿਵੇਂ ਸੈਲੀਬ੍ਰੇਸ਼ਨ, ਟ੍ਰਿਲੀਅਮ, ਅਲਫਾ ਵਨ, ਮੈਡੀਸਿਟੀ, ਮੈਡੀਕਲ ਸਟੋਰ, ਬ੍ਰਦਰਜ਼ ਰੇਸਟੋਰੈਂਟ, ਫੈਮਲੀ ਫੂਡ ਅਤੇ ਪਾਰਕਾਂ ਵਿੱਚ ਸੰਨਸਿਟੀ, ਵੰਡਰਲੈਂਡ, ਫੰਨਸਿਟੀ, ਰੇਂਬੋ ਰਿਜੋਰਟਸ ਆਦਿ। ਘਰਾਂ ਦੇ ਹੋਮ, ਹਾਊਸ ਤੇ ਪੀ.ਜੀ. ਬਣ ਗਏ। ਵਿਹੜੇ, ਕਮਰੇ, ਬੈਠਕ, ਚੌਂਕੇ ਤੇ ਡਿਉਢੀ ਦੀ ਥਾਂ ਤੇ ਪੋਰਚ, ਲੌਬੀ, ਡੱਕਟ, ਰੂਮਜ਼, ਬੈੱਡ, ਡਾਇਨਿੰਗ, ਡਰੈਸਿੰਗ, ਸੈਂਟਰ ਟੇਬਲ, ਚੇਅਰ, ਕਿਚਨ, ਸਟੇਅਰ, ਗ੍ਰਿਲ, ਡੋਰ, ਗੇਟ ਆਦਿ ਸ਼ਬਦਾਂ ਦੀ ਵਰਤੋਂ ਹੋਣ ਲੱਗ ਪਈ।

ਪੰਜਾਬੀ ਭਾਸ਼ਾ ਨੂੰ ਢਾਅ ਲਾਉਣ ਲਈ ਪੰਜਾਬੀ ਮੀਡੀਆ ਦਾ ਵੀ ਵੱਡਾ ਯੋਗਦਾਨ ਹੈ ਜਿਸ ਵਿੱਚ ਪੰਜਾਬੀ ਫਿਲਮਾਂ ਦੀ ਮਹੱਤਵਪੂਰਨ ਭੂਮਿਕਾ ਹੈ। ਪੰਜਾਬੀ ਫਿਲਮਾਂ ਦਾ ਨਾਮਕਰਨ ਹੀ ਅਜਿਹਾ ਕੀਤਾ ਜਾਂਦਾ ਹੈ ਕਿ ਉਹ ਨਾਮ ਤੋਂ ਹੀ ਵਲੈਤੀ ਜਾਪਦੀਆਂ ਹਨ ਜਿਵੇਂ ਵਨਸ ਅਪੌਨ ਏ ਟਾਈਮ ਇਨ ਅੰਮ੍ਰਿਤਸਰ ਅਗੇਨ, ਡੈਡੀ ਕੂਲ ਮੁੰਡੇ ਫੂਲ, ਜੱਟ ਐਂਡ ਜੂਲੀਅਟ, ਜੱਟ ਜੇਮਜ਼ ਬੌਂਡ, ਸੁਪਰ ਸਿੰਘ, ਡਿਸਕੋ ਸਿੰਘ, ਲੱਕੀ ਦੀ ਅਨਲੱਕੀ ਸਟੋਰੀ, ਕੈਰੀ ਔਨ ਜੱਟਾ ਆਦਿ।

ਤਕਨੀਕੀ ਊਣਤਾਈਆਂ ਭਾਸ਼ਾ ਦੇ ਪਤਨ ਦਾ ਕਾਰਨ ਨਹੀਂ ਸਗੋਂ ਲੋਕ-ਮਨਾਂ ਵਿਚੋਂ ਵਿਸਰਨ ਨਾਲ ਭਾਸ਼ਾ ਦਾ ਅੰਤ ਹੁੰਦਾ ਹੈ। ਕਿਸੇ ਵੇਲੇ ਵਿਸ਼ਵ ਵਿਦਿਆਲਿਆਂ ਦਾ ਮਾਧਿਅਮ ਰਹੀਆਂ ਕਈ ਭਾਸ਼ਾਵਾਂ ਸਮੇਂ ਦੀ ਭੇਂਟ ਚੜ੍ਹ ਗਈਆਂ।

ਮਨੋਵਿਗਿਆਨੀ ਭਾਸ਼ਾ ਨੂੰ ਮਾਨਸਿਕ ਭਾਵਾਂ ਦੀ ਪੁਸ਼ਾਕ 4 ਆਖਦੇ ਹਨ ਪਰ ਪੰਜਾਬੀਆਂ ਦੇ ਮਾਨਸਿਕਤਾ ਡਾਵਾਂਡੋਲ ਹੈ ਤੇ ਭਾਵਾਂ ਦੀ ਪੁਸ਼ਾਕ ਪੰਜਾਬੀ ਭਾਸ਼ਾ ਵੀ ਲੀਰੋ-ਲੀਰ ਹੋਣ ਕੰਢੇ ਹੈ।

ਭਾਵੇਂ ਸਕੂਲ ਅਤੇ ਕਾਲਜ ਪੱਧਰ ’ਤੇ ਪੰਜਾਬੀ ਲਾਜ਼ਮੀ ਪੜ੍ਹਾਈ ਜਾਂਦੀ ਹੈ ਤਾਂ ਵੀ ਪੰਜਾਬੀ ਨਾਲ ਸਰਕਾਰੀ ਤੇ ਗ਼ੈਰ ਸਰਕਾਰੀ ਤੌਰ ’ਤੇ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਆਮ ਵੇਖਿਆ ਜਾ ਸਕਦਾ ਹੈ। ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ, ਸੰਸਥਾਵਾਂ, ਸਾਈਨ ਬੋਰਡਾਂ, ਨੇਮ ਪਲੇਟਾਂ, ਸ਼ੋਸ਼ਲ ਮੀਡੀਆ ਆਦਿ ਵਿੱਚ ਪੰਜਾਬੀ ਭਾਸ਼ਾ ਨੂੰ ਵਿਸਾਰਿਆ ਜਾ ਰਿਹਾ ਹੈ। ਆਮ ਵਰਤਾਰਾ ਹੈ ਕਿ ਕਿਸੇ ਵਿਅਕਤੀ ਦੇ ਸਟੇਟਸ ਨੂੰ ਸਮਝਣ ਲਈ ਉਸ ਦੀ ਭਾਸ਼ਾ ਨੂੰ ਆਧਾਰ ਮੰਨਿਆ ਜਾਂਦਾ ਹੈ। ਪੰਜਾਬੀਆਂ ਦਾ ਦੁਖਾਂਤ ਇਹ ਹੈ ਕਿ ਇਹਨਾਂ ਦੀ ਪਰਖ ਵਿੱਚ ਉਹ ਇਨਸਾਨ ਸਿਆਣਾ ਤੇ ਸਮਝਦਾਰ ਹੈ ਜੋ ਪੰਜਾਬੀ ਬੋਲਣ ਦੀ ਥਾਂ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਜ਼ਿਆਦਾ ਤੇ ਸ਼ੁੱਧ ਕਰਦਾ ਹੈ। ਦੂਜੇ ਪਾਸੇ ਭਾਵੇਂ ਕੋਈ ਕਿੰਨੀ ਵੀ ਸ਼ੁੱਧ ਪੰਜਾਬੀ ਬੋਲੇ, ਉਸਨੂੰ ਅਸੱਭਿਅਕ, ਜਾਹਲ ਜਾਂ ਪੇਂਡੂ ਦਾ ਦਰਜਾ ਦਿੱਤਾ ਜਾਂਦਾ ਹੈ। ਨਿੱਜੀ ਸਕੂਲਾਂ ਵਿੱਚ ਜੇਕਰ ਕੋਈ ਵਿਦਿਆਰਥੀ ਪੰਜਾਬੀ ਬੋਲੇ ਤਾਂ ਉਸਨੂੰ ਸਜ਼ਾ ਦਿੱਤੀ ਜਾਂਦੀ ਹੈ। ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਅਸੀਂ ਖੁਦ ਪ੍ਰਦੇਸਣ ਕੀਤਾ ਹੋਇਆ ਹੈ।

ਅੰਤ ਵਿੱਚ ਇਹੀ ਕਹਿਣਾ ਉਚਿਤ ਹੈ ਕਿ ਜੇਕਰ ਪੰਜਾਬੀ ਭਾਸ਼ਾ ਨੂੰ ਬਚਾਉਣਾ ਹੈ ਤਾਂ ਬੰਦ ਕਮਰਿਆਂ ਦੀਆਂ ਬੌਧਿਕ ਗੋਸ਼ਟੀਆਂ ਨੂੰ ਤਿਆਗ ਕੇ ਵਿਹਾਰਕ ਪੱਧਰ ’ਤੇ ਯਤਨ ਕਰਨ ਦੀ ਲੋੜ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਇੱਕ ਅਲੱਗ ਵਰਤਾਰਾ ਹੈ ਜਿਸ ਵਿੱਚ ਕੇਵਲ ਭਾਸ਼ਾ ਦੀ ਬਣਤਰ ਆਦਿ ’ਤੇ ਕੇਂਦਰਿਤ ਹੋਇਆ ਜਾ ਸਕਦਾ ਹੈ ਪਰ ਭਾਸ਼ਾ ਦੀ ਹੋਂਦ ਦਾ ਮਸਲਾ ਬਹੁ-ਪਾਸਾਰੀ ਹੈ। ਇਸਨੂੰ ਸਾਂਭਣ ਤੇ ਬਚਾਉਣ ਲਈ ਪੰਜਾਬੀ ਮਾਨਸਿਕਤਾ ਭਾਸ਼ਾ-ਪ੍ਰੇਮੀ ਹੋਣੀ ਲਾਜ਼ਮੀ

ਹੈ। ਮਾਤ-ਭਾਸ਼ਾ ਨੂੰ ਮਤਰੇਈ ਮਾਂ ਵਾਗੂੰ ਸਮਝਣ ਵਾਲੀਆਂ ਕੌਮਾਂ ਬਹੁਤ ਦੇਰ ਤੱਕ ਜੀਵਿਤ ਨਹੀਂ ਰਹਿ ਸਕਦੀਆਂ। ਜੇਕਰ ਪੰਜਾਬੀ ਜਾਗਰੂਕ ਹੋ ਕੇ ਪੰਜਾਬੀ ਭਾਸ਼ਾ ਦੀ ਸੰਭਾਲ ਲਈ ਸਰਗਰਮ ਹੋ ਜਾਣ ਤਾਂ ਸਹਿਜੇ ਹੀ ਪੰਜਾਬੀ ਭਾਸ਼ਾ ਦੀ

ਡਾਵਾਂਡੋਲ ਸਥਿਤੀ ਨੂੰ ਸਥਿਰ ਕੀਤਾ ਜਾ ਸਕਦਾ ਹੈ। ਕੁਝ ਸੰਸਥਾਵਾਂ, ਅਦਾਰਿਆਂ ਤੇ ਵਿਅਕਤੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਨਵੀਂ ਤਕਨਾਲੋਜੀ ਅਨੁਸਾਰ ਵਰਤਣ ਲਈ ਸ਼ਲਾਘਾਯੋਗ ਯਤਨ ਕੀਤੇ ਜਾ ਰਹੇ ਹਨ ਜਿਸ ਨਾਲ ਪੰਜਾਬੀ ਵਿਸ਼ਵ ਦੇ ਹਾਣ ਦੀ ਬਣਨ ਦੀ ਸਮਰੱਥਾ ਵੀ ਰੱਖਦੀ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ਼ਾਹ ਹੁਸੈਨ

ਸ਼ਾਹ ਹੁਸੈਨ 16ਵੀਂ ਸਦੀ ਦਾ ਰਹੱਸਵਾਦੀ ਸੰਤ ਮੁਸਲਮਾਨ ਪੰਜਾਬੀ ਕਵੀ ਹੋਇਆ ਹੈ। ਉਹ ਮਸਤ, ਅਨੁਭਵੀ, ਸੋਚਵਾਨ, ਚੇਤੰਨ, ਚਿੰਤਕ, ਸਰਬੰਗੀ, ਮਿੱਠਾ, ਮਿਲਾਪੜਾ, ਸਰਬੰਗੀ, ਮਿੱਠਾ, ਮਿਲਾਪੜਾ, ਸ਼ਹਿਰਦ ਨਿਮਾਣਾ ਸੀ। ਉਸ ਦਾ ਜਨਮ 1538 ਈਸਵੀ ਲਾਹੌਰ ਦੇ ਟਕਸਾਲੀ ਦਰਵਾਜ਼ੇ ਅੰਦਰ ਹੋਇਆ। ਦਾਦਾ ਦਾ ਨਾਉਂ ਰੁਲਜਸ ਸੀ, ਜੋ ਕਲਸ ਰਾਇ ਹਿੰਦੂ ਸੀ। ਹਾਲਾਤ ਦੀਆਂ ਮਜਬੂਰੀਆਂ ਸਦਕਾ ਉਹਨਾਂ ਨੂੰ ਧਰਮ ਪਰਿਵਰਤਨ ਕਰਨਾ ਪਿਆ। ਪਿਉ ਦਾ ਨਾਉਂ ਸ਼ੇਖ ਉਸਮਾਨ ਸੀ, ਜੋ ਕਿ ਜੁਲਾਹਾ/ਕਾਸਬੀ ਦਾ ਕੰਮ ਕਰਦਾ ਸੀ। ਆਪਣੇ ਘਰ ਵਿੱਚ ਘੋਰ ਗਰੀਬੀ ਅਤੇ ਬੇਵਸੀ ਦਾ ਸਮਾਂ ਸੀ। ਆਪਣੇ ਪਿਤਾ ਨੇ ਤਲਵਾਰ ਛੱਡ ਦੇ ਖੱਡੀਆਂ ਬੁਨਣ ਦਾ ਕੰਮ ਕੀਤਾ। ਆਪਣੀ ਜਾਤ ਪੇਸ਼ੇ ਅਤੇ ਨਿਰਮਾਣਤਾ ਤੇ ਨਾਮ ਉਪਾਸਨਾ ਬਾਰੇ ਕਹਿੰਦਾ ਹੈ

ਨਾਉਂ ਹੁਸੈਨ ਤੇ ਜਾਤ ਜੁਲਾਹਾ,
ਗਾਲ਼ੀਆਂ ਦੇਂਦੀਆਂ ਤਾਣੀਆਂ ਵਾਲੀਆਂ
ਸੱਭੇ ਜਾਤੀ ਵੱਡੀਆਂ ਨਿਮਾਣੀ ਫਕੀਰਾਂ ਦੀ ਜਾਤ
ਸ਼ਾਹ ਹੁਸੈਨ ਦੀ ਆਜ਼ਿਜੀ ਕਾਠ ਕੁਹਾੜੇ ਵਾਤ
ਇਸ ਦੁਨੀਆਂ ਦਾ ਕੂੜਾ ਖਾਂਦਾ, ਕਹੈ ਹੁਸੈਨ ਜੁਲਾਹਾ।

ਹੁਸੈਨ ਦੀ ਮੁੱਢਲੀ ਵਿਦਿਆ ਲਾਹੌਰ ਵਿੱਚ ਹੋਈ। ਉਹ ਸੱਤ ਸਾਲ ਦਾ ਸੀ ਕਿ ਉਸ ਨੇ ਸ਼ੇਖ ਅਬੂਬਕਰ ਕੋਲੋਂ ਕੁਰਆਨ ਸ਼ਰੀ.ਫ ਪੜ੍ਹਨੀ ਸ਼ੁਰੂ ਕੀਤੀ। ਡਾਕਟਰ ਮੋਹਨ ਸਿੰਘ ਦੀਵਾਨਾ ਅਨੁਸਾਰ ਹੁਸੈਨ ਨੇ ਬਹਿਲੋਲ ਪਾਸੋਂ ਦਸ ਸਾਲ ਦੀ ਉਮਰ ਵਿੱਚ ਬੈਅਤ ਕੀਤਾ। ਬਹਿਲੋਲ ਦਾ ਵਤਨ ਚੰਦਿਊਣ ਕਸਬਾ ਤੋਂ ਸੱਤ ਮੀਲ ਦੂਰੀ ਤੇ ਸੀ। ਹੁਸੈਨ ਨੇ 26 ਸਾਲ ਦੀ ਉਮਰ ਤੱਕ ਸ਼ੇਖ ਸਾਦੂੱਲਾ ਲਹੌਰੀਏ ਪਾਸੋਂ ਤਫ਼ਸੀਰ ਪੜ੍ਹੀ। ਇੱਕ ਦਿਨ ਦਫਸੀਰ ਮਦਾਰਕ ਪੜ ਰਿਹਾ ਸੀ, ਆਇਤ ਆਈ, ਦੁਨੀਆਂ ਬਸ ਮਾਲਕ ਦੀ ਲੀਲ੍ਹਾ ਬਗੈਰ ਹੋਰ ਕੁਝ ਨਹੀਂ ਹੈ ਤਾਂ ਹੁਸੈਨ ਲੀਲ੍ਹਾ ਵਿੱਚ ਜੁੱਟ ਗਿਆ। ਲੀਲ੍ਹਾ ਰਚਾ ਕੇ ਉਮਰ ਦੇ ਬਾਕੀ 27 ਸਾਲ ਗੁਜ਼ਾਰੇ। ਉਸਨੇ ਮਾਲਾਮਤੀ ਫਿਰਕੇ ਦੀ ਚਾਲ ਫੜੀ। ਸਿਰ ਮੂੰਹ ਮੁਨਾ ਛੱਡਿਆ ਤੇ ਲੱਗਾ ਪਿਆਲਾ ਪੀਣ। ਮਸਤਾਨਾ ਬਣ ਕੇ ਗਲੀ ਮੁਹੱਲੇ , ਠੇਕੇ ਤੇ ਮਸੀਤੀ ਫਿਰਨ ਲੱਗਾ। ਕਦੇ ਹੱਸੇ ਕਦੇ ਰੁਵੇ ਕਦੀ ਜੰਗਲੀ ਛੱਪ ਖਲੋਵੇ (ਸੂਫੀਆ ਦਾ ਕਲਾਮ ਸਫ਼ਾ 144) ਲਾਲ ਪੁਸ਼ਾਕ ਪਾ ਲਈ ਲੋਕ ਉਸ ਨੂੰ ਲਾਲ ਹੁਸੈਨ ਕਹਿਣ ਲੱਗੇ।

ਸ਼ਾਹ ਹੁਸੈਨ ਭਾਰਤੀ ਮਹਾਂਦੀਪ ਦੇ ਸਾਹਿਤਕ ਦ੍ਰਿਸ਼ ਵਿੱਚ ਇੱਕ ਰਹੱਸਵਾਦੀ ਪੰਜਾਬੀ ਕਵੀ ਵਜੋਂ ਇੱਕ ਵੱਖਰਾ ਸਥਾਨ ਹੈ। ਲਾਹੌਰ ਦੇ ਸੰਤਾਂ ਦੇ ਸ਼ਹਿਰ ਵਿੱਚ ਸਤਿਕਾਰਿਆ ਜਾਂਦਾ ਸ਼ਾਇਰ ਹੈ। ਹੁਸੈਨ ਦੀ ਪੰਜਾਬ ਸਾਹਿਤਕ ਦੇਣ ਵਿੱਚ ਉਸ ਨੇ ਸਾਹਿਤ ਦੀ ਵਿਧਾ 'ਕਾਫ਼ੀ' ਵੰਨਗੀ ਵਿੱਚ ਦਿਲ ਖੋਹਲ ਕੇ ਕੰਮ ਕੀਤਾ ਹੈ। ਇਸ ਵਿੱਚ ਮੁਹਾਰਤ ਅਤੇ ਹੁਸੈਨ ਦੀ ਕਵਿਤਾ ਪੂਰੀ ਤਰਾਂ ਛੋਟੀਆਂ ਕਵਿਤਾਵਾਂ ਹਨ, ਜਿਹਨਾਂ ਨੂੰ ਕਾਫ਼ਿਸ ਵਜੋਂ ਜਾਣਿਆ ਜਾਂਦਾ ਹੈ। ਆਮ ਤੌਰ ਤੇ 4–10 ਲਾਇਨਾਂ ਦੀਆਂ ਸੰਗੀਤਕ ਰਚਨਾਵਾਂ ਹਨ, ਜਿਹਨਾਂ ਨੂੰ ਗਾਇਆ ਜਾਂਦਾ ਹੈ। ਫ਼ਿਲਮ ਉਦਯੋਗ ਨੇ ਵੀ ਕਾਫ਼ੀਆਂ ਨੂੰ ਵਰਤਿਆ ਹੈ। ਸ਼ਾਹ ਹੁਸੈਨ ਇੱਕ ਨਿਮਰਤਾ ਵਾਲਾ ਸ਼ਾਇਰ ਹੈ, ਉਹ ਆਪਣੀ ਰਚਨਾ ਵਿੱਚ ਹਲੀਮੀ ਇਸ ਤਰਾਂ ਦਰਸਾਉਂਦਾ ਹੈ ਕਿ ਆਪਣੇ ਆਪ ਨੂੰ ਫ਼ਕੀਰ , ਨਿਮਾਣਾ, ਫਕੀਰ ਸੈਨ ਦਾ, ਫਕੀਰ ਮੌਲਾ ਦਾ ਫਕੀਰ ਰੱਬ ਦਾ, ਫਕੀਰ ਗਦਾਈ, ਫਕੀਰ ਭਿਖਾਰੀ ਵਜੋਂ ਆਦਿ। ਹੁਸੈਨ ਦੀ ਕਵਿਤਾ ਦਾ ਆਰੰਭ ਅਰਬ ਤੋਂ ਹੋਇਆ ਹੈ। ਉਸ ਦੀ ਲੇਖਣੀ ਦੀ ਵਿਧਾ ਕਾਫ਼ੀ ਰਾਗਣੀ ਵਜੋਂ ਪੰਜਾਬ ਤੋਂ ਬਾਹਰ ਵੀ ਆਪਣੀ ਹੋਂਦ ਲਈ ਪਿਆਰ ਤੇ ਚਾਉ ਉਤਪੰਨ ਕਰਾ ਚੁੱਕੀ ਸੀ। ਹੁਸੈਨ ਦੀ ਬੋਲੀ ਠੇਠ, ਉੱਤਮ ਕੇਂਦਰੀ ਸਾਹਿਤਕ ਪੰਜਾਬੀ ਹੈ। ਹੁਸੈਨ ਲਹਿੰਦੀ ਮੁਲਤਾਨੀ ਵੀ ਵਰਤਦਾ ਹੈ। ਹੁਸੈਨ ਦੀ ਮਿੱਠੀ, ਸਿੱਧੀ, ਮੁਹਾਵਰੇਦਾਰ, ਲੋਕ ਉਚਾਰਨ ਦੇ ਨੇੜੇ ਅਤੇ ਲੋਕ ਪਿਆਰ ਨਾਵਾਂ ਚੀਜ਼ਾਂ, ਰੂਪਕਾ;, ਉਪਮਾਆ ਨਾਲ ਰਹਲੀ ਬੋਲੀ ਹੈ। ਉਸ ਦੇ ਵਿਚਾਰ ਸਾਦਾ ਮੁਰਾਦੇ ਹਨ। ਹੁਸੈਨ ਨੇ ਉਹਨਾਂ ਚੀਜ਼ਾਂ ਤੇ ਵਿਚਾਰਾਂ ਨੂੰ ਕਵਿਤਾ ਵਿਚ ਰਚਾਇਆ ਜੋ ਨਿੱਤ ਦੇ ਜੀਵਨ ਦੀਆਂ ਹਨ। ਹਰਮਨ ਪਿਆਰੀ ਹਨ। ਘਰ ਦੀਆਂ ਚੀਜ਼ਾਂ, ਆਮ ਰਸਮਾਂ। ਉਸ ਨੇ ਲੇਖਣੀ ਵਿੱਚ ਉਸ ਸਮੇਂ ਮੌਜੂਦਾ ਚੀਜ਼ਾਂ ਦੀ ਖੁੱਲ ਮਾਣੀ ਹੈ।

ਉਸ ਦੇ ਵਿਚਾਰ ਉਸ ਦੇ ਸਾਰੇ ਬਚਨ ਉਸ ਦੀ ਆਤਮਾ ਦੇ ਹੁਲਾਰੇ ਹਨ, ਜੋ ਵੱਖ ਵੱਖ ਤਮਾਸ਼ਾ ਵੇਖਦੀ ਹੈ। ਅਨੁਭਵਾਂ ਦੇ ਬਿਨਾਂ ਟੀਕਾ ਟਿੱਪਣੀ ਸ਼ਿਕਾਇਤ ਕਟਾਖ ਦੇ ਸੁਆਦ ਮਾਣਦੀ ਹੈ। ਉਹ ਬਹੁਤ ਸਾਰੇ ਰੰਗਾਂ ਦੇ ਮੋਟੇ ਪਤਲੇ ਧਾਗਿਆਂ ਦਾ ਕਪੜਾ ਉਣਦਾ ਹੈ। ਉਹ ਹਰ ਰਾਗ ਰਸ ਰੰਗ ਰੂਪ ਦਾ ਪੁਜਾਰੀ ਹੈ। ਉਸ ਲਈ ਪਾਪ ਤੋਂ ਪਰੇ, ਪੁੰਨ ਤੋਂ ਪਰੇ ਕੋਈ ਲੀਲ੍ਹਾ ਮਾਤਰ ਕੰਮ ਹੈ, ਜਿਸ ਨੂੰ ਰੱਬੀ ਹਾਲਤ ਵਿੱਚ ਉਹ ਆਪਣੇ ਵਿੱਚ ਰਹਿ ਕੇ ਖੇਡਦਾ ਹੈ। ਉਹ ਵਿਸ਼ਾ ਬਦਲਦਾ ਹੈ। ਰਾਗ ਬਦਲਤਾ ਹੈ। ਜਬਾਨ ਬਦਲਦਾ ਹੈ। ਰੂਪਕ ਉਪਮਾਂ ਬਦਲਦਾ ਹੈ ਪਰ ਉਹ ਸਾਰੀਆਂ ਹਾਲਤਾਂ ਵਿੱਚ ਆਪਣੀ ਮਸਤੀ ਨੂੰ ਕਾਇਮ ਸਾਬਤ ਬਰਕਰਾਰ ਰੱਖਦਾ ਹੈ।

ਹੁਸੈਨ ਨੇ ਹਾਫ਼ਜ਼ ਬਣਨ ਤੋਂ ਅਨੁਭਵ ਤੇ ਗਿਆਨ ਪ੍ਰਾਪਤ ਕੀਤਾ, ਫੇਰ ਤੱਪ ਸਾਧਿਆ। ਜਦੋਂ ਮਨ ਨਿਰਮਲ ਹੋ ਗਿਆ ਤਾਂ ਉਹ ਮਸਤੀ ਦੇ ਖੁੱਲੇ ਮੰਡਲਾਂ ਵਿੱਚ ਉਡਾਰੀਆਂ ਲਾਉਣ ਲੱਗਾ। ਉਸ ਵਿੱਚ ਪ੍ਰੀਵਰਤਨ ਹੋ ਗਿਆ। ਉਹ ਕੁਰਾਨ ਕਰੀਮ ਨੂੰ ਡੂੰਘਾਈ ਨਾਲ ਜਾਨਣ ਲੱਗਾ। ਬਜਾਇ ਪੀਰ ਅਖਵਾਉਣ ਦੇ ਉਹ ਮੁਲਾਮਤ ਮੁੱਲ ਲੈਣ ਲੱਗਾ। ਬੇਸ਼ਰਾਹੀਪਣੇ ਵਿੱਚ ਰਹਿਣ ਲੱਗਾ। ਉਸ ਨੇ ਲੋਕਾਂ ਤੋਂ ਦੂਰੀ ਬਣਾ ਲਈ। ਮਨ ਨੂੰ ਉਹ ਬੜਾ ਉੱਚਾ ਦਰਜਾ ਦੇਣ ਲੱਗਾ। ਵਸਲ ਤੇ ਵਸਾਲ ਦੇ ਗੀਤ ਗਾਉਣ ਲੱਗਾ। ਉਸ ਦਾ ਬਿਰਹਾ, ਬਿਰਹਾ ਨਹੀਂ, ਜਿਸ ਦੀਆਂ ਸ਼ਿਕਾਇਤਾਂ ਵੀ ਸਿਫ਼ਤ ਹਨ। ਪਿਰਮ ਦੀ ਵਡਿਆਈ ਹੈ। ਦੁੱਖ,ਸੁੱਖ ਪਾਪ ਪੁੰਨ ਵਿਸ਼ਾਲ ਵਿਛੋੜੇ ਤੋਂ ਉਪਰ ਅਡੋਲ, ਟਿੱਕੀ, ਅਨੰਦ ਰਸ, ਬਿਸਮਾਦ, ਹਲੀਮੀ ਨਾਲ ਪ੍ਰੇਮ ਰੱਤੀ ਅਵਸਥਾ ਹੈ।

ਹੁਸੈਨ ਦੀ ਕਵਿਤਾ ਮਸਤੀ ਦੀ ਕਵਿਤਾ ਹੈ
ਕਹੈ ਹੁਸੈਨ ਫਕੀਰ ਸਾਈਂ ਦਾ,
ਸਵਾ ਸੇਰ ਕੀ ਮਸਤੀ ਹੈ
ਜ਼ਾਹਿਰ ਬਾਤਨ ਇੱਕ ਕਰ ਜਾਨਣ
ਸਭ ਮੁਸ਼ਕਲ ਥੀਆ ਅਸਾਨ
ਸ਼ਾਦੀ ਗ਼ਮੀ ਨ ਦਿਲ ਤੇ ਮਾਨਣ
ਸਦਾ ਰਹਿਣ ਮਸਤਾਨ
ਜਾਂ ਫਿਰ ਮਸਤੀ ਦੀ ਪ੍ਰਾਪਤੀ ਦੀ, ਵਿਸਾਲ ਦੀ,
ਆਪਾ ਪਛਾਣ ਦੀ ਮਸਤੀ ਹੈ
ਜਿਸ ਸ਼ਹੁ ਨੂੰ ਮੈਂ ਢੂੰਡਦੀ,
ਢੂੰਡ ਲੱਧਾ ਸ਼ਹੁ ਸੋਈ
ਤੁਸੀਂ ਰਲ ਮਿਲ ਦਿਉਹ ਮੁਮਾਰਖਾਂ,
ਮੇਰਾ ਸੋਹਣਾ ਸੱਜਣ ਘਰ ਆਇਆ ਹੀ
ਜਿਸ ਸੱਜਣ ਨੂੰ ਮੈਂ ਢੂੰਡਦੀ ਵੱਤਾਂ,
ਸੋ ਸੱਜਣ ਮੈਂ ਪਾਇਆ ਹੀ
ਵਿਹੜਾ ਤਾਂ ਆਂਗਣ ਮੇਰਾ ਭਇਆ ਸੁਹਾਵਣਾ
ਮਾਥੈ ਨੂਰ ਸੁਹਾਇਆ ਹੀ
ਕਹੈ ਹੁਸੈਨ ਫ਼ਕੀਰ ਨਿਮਾਣਾ, ਮੁਰਸ਼ਦ ਦੋਸਤ ਮਿਲਾਇਆ ਹੀ।

ਮਸਤੀ ਦੀਂ ਪ੍ਰਾਪਤੀ ਦੇ ਕੀ ਸਾਧਨ ਹਨ ? ਇਹੋ ਸੂਫੀ ਸਿਧਾਂਤ ਵਿੱਚ ਹਨ। ਓਹੀ ਸਾਧੂ, ਸੰਤ, ਸੂਫ਼ੀ, ਮਸਤ, ਮਲੰਗ ਬਣ ਸਕਦਾ ਹੈ ਜਿਸਦੇ ਭਾਗ ਵਿੱਚ ਲਿਖਿਆ ਹੋਇਆ ਹੈ। ਪ੍ਰਭੂ ਉਸ ਨੂੰ ਆਪ ਚੁਣਦਾ ਹੈ, ਜਿਸ ਤੇ ਪ੍ਰਭੂ ਦੀ ਮਿਹਰ, ਕ੍ਰਿਪਾ, ਰਹਿਮਤ, ਫ਼ਜ਼ਲ ਹੁੰਦਾ ਹੈ। ਜਿਸ ਨੂੰ ਪ੍ਰਭੂ ਆਪ ਚੁਣਦਾ ਹੈ। ਇਹ ਧੁਰ ਦੇ ਪਹਿਲੇ ਲਿਖੇ ਲੇਖ ਹਨ।

ਮਸਤਕ ਜਿੰਨਾ ਦੇ ਪਈ ਫਕੀਰੀ ਭਾਗ ਤਿਨਹਾ ਦੇ ਚੰਗੇ
ਕਹੈ ਹੁਸੈਨ ਸੁਹਾਗਨ ਸਾਈਂ ਜਾਂ ਸਹੁ ਆਪ ਸਿੰਞਾਪੇ
ਕਹੈ ਹੁਸੈਨ ਫਕੀਰ ਸਾਈਂ ਦਾ ਫ਼ਜ਼ਲ ਕਰੇ ਤਾਂ ਮੈਂ ਤਾਰੀਆਂ
ਜੇ ਤੂੰ ਨਜ਼ਰ ਮਿਹਰ ਦੀ ਭਾਲੇ, ਚੜ ਚੌਬਾਰੇ ਮੈਂ ਸੁੱਤੀਆਂ
ਕਹੈ ਹੁਸੈਨ ਫਕੀਰ ਨਿਮਾਣਾ ਛੁੱਟਾਂ ਕਰੇ ਸੱਤਾਰੀ।

ਪ੍ਰੇਮ ਦੇ ਝਰੋਖੇ ਵਿਚੋਂ ਉਹ ਦਿੱਸਣ ਲੱਗ ਪੈਂਦਾ ਹੈ। ਮੈਂ ਨਹੀਂ ਰਹਿੰਦਾ, ਤੂੰ ਹੀ ਹੋ ਜਾਂਦਾ ਹੈ। ਸਾਹਿਬ ਨਾਲ ਰਾਤਾਂ ਲੰਘਦੀਆਂ ਹਨ। ਦੁਨੀਆਂ ਨਾਲੋਂ ਪੂਰਨ ਟੁੱਟ ਜਾਂਦੀ ਹੈ। ਨਮਿਤ ਮਾਤਰ ਜੋੜ ਰਹਿ ਜਾਂਦਾ ਹੈ।

ਜਿਨਹਾ ਪਾਕ ਨਿਗਾਹਾਂ ਹੋਈਆਂ ਸੇ ਕਹੀਂ ਨਾ ਜਾਂਦੇ ਠੱਗੇ
ਜੈ ਘੱਟ ਵਸਿਆ ਮੇਰਾ ਪਿਆਰਾ,
ਉਥੇ ਦੂਜਾ ਨਹੀਂ ਸਮਾਉਂਦਾ
ਕਹੈ ਹੁਸੈਨ ਫਕੀਰ ਸਾਈਂ ਜੀਵੰਦਿਆਂ ਮਰ ਰਹੀਏ ਵੋ।

ਹੁਸੈਨ ਦੀ ਕਵਿਤਾ ਸੂਫ਼ੀ ਸਿਧਾਂਤ ਤੋਂ ਪ੍ਰੇਰਿਤ ਹੈ। ਸੂਫ਼ੀ ਸਿਧਾਂਤ ਵਿੱਚ ਉਦੇਸ਼ ਹੈ ਪ੍ਰਭੂ ਪ੍ਰਾਪਤੀ ਤੇ ਸਾਧਨ ਹੈ ਪ੍ਰੇਮ। ਉਦੇਸ਼ ਹੈ ਮਸਤੀ ਤੇ ਸਾਧਨ ਹੈ। ਆਪਣਾ ਤਿਆਗ, ਆਪਾ ਮਾਰ। ਉਦੇਸ਼ ਹੈ ਰੱਬ ਦੀ ਪਛਾਨ ਤੇ ਸਾਧਨ ਹੈ ਆਪਾ ਪਛਾਣ। ਉਦੇਸ਼ ਹੈ ਆਨੰਦ ਤੇ ਬਿਸਮਾਦ ਤੇ ਸਾਧਨ ਹਨ ਦੁੱਖ ਸੁੱਖ ਤੋਂ ਉਚਾ ਉਠਣਾਂ ਤੇ ਅਕਾਲੀ ਤੇ ਦਿਲ ਤੋਂ ਉਚਰਾ ਉਡਣਾ।

ਹੁਸੈਨ ਕੋਲ ਪੰਜਾਬੀ ਸਾਹਿਤ ਦੇ ਵਿਚਾਰ ਦੀ ਦਾਤ ਰੱਬੀ ਦੇਣ ਹੈ ਤੇ ਉਸਤੇ ਕਿਸੇ ਦਾ ਪ੍ਰਭਾਵ ਨਹੀਂ ਹੈ। ਉਸ ਨੇ ਸਿਰਫ਼ ਜੀਵਨ ਦੇ ਚਲੰਤ ਧਾਰਨੀਆਂ ਨੂੰ ਲੈ ਕੇ ਵਰਤਿਆ ਹੈ। ਪੰਜਾਬੀ ਸਾਹਿਤ ਦੇ ਅਲੰਕਾਰ ਉਸ ਦੇ ਦੁਆਲੇ ਪਸਰੇ ਪਏ ਸਨ। ਉਸ ਨੇ ਚਰਖਾ ਅਤੇ ਖੱਡੀ ਜੋ ਆਰਥਿਕਤਾ ਦਾ ਪ੍ਰਤੀਕ ਹੈ ਨੂੰ ਪੰਜਾਬੀ ਬੋਲੀ ਵਿੱਚ ਲੋਕ ਬੋਲੀ ਵਿੱਚ ਇਕ ਸੁਰ ਕਰ ਦਿੱਤਾ। ਉਸ ਦੀ ਕਵਿਤਾ ਵਿੱਚ ਪੰਜਾਬੀ ਦੀ ਕੁਦਰਤ, ਧਰਤੀ ਅੁਤੇ ਸਭਿਆਚਾਰ ਝਲਕਦਾ ਹੈ। ਰੋਜ਼ਾਨਾ ਜੀਵਨ ਰੱਾਓ ਵੱਲ ਯਾਤਰਾ ਦਾ ਅਲੰਕਾਰ ਹੈ। ਬ੍ਰਹਮ ਲਈ ਇੱਕ ਸਰਵ ਵਿਆਪਕ ਪਿਆਰ ਹੈ। ਇਸ ਦੁਨਿਆਵੀ ਇੱਛਾਵਾਂ ਪਿਆਰ ਅਤੇ ਸਮਾਜਿਕ ਬੰਧਨਾ ਤੋਂ ਪਾਰ ਹੈ। ਹੁਸੈਨ ਦੀ ਰਚਨਾ ਪਰਮਾਤਮਾ ਨਾਹਲ ਮਿਲਣ ਦੀ ਖ਼ੋਜ਼ ਹੈ। ਮੱਖਣ ਦਾ ਰਿੜਕਣਾ, ਨਦੀ ਦਾ ਗੂੰਜਣਾਂ, ਪੰਛੀਆਂ ਦਾ ਚਹਿਕਣਾ ਰੋਜ਼ਾਨਾ ਜੀਵਨ ਤੋਂ ਖਿੱਚੀ ਕਲਪਨਾ ਦੀ ਵਰਤੋ ਕਰਕੇ ਉਹ ਕਿਸਾਨਾਂ ਅਤੇ ਜੁਲਾਹੇ, ਪ੍ਰੇਮੀਆਂ ਅਤੇ ਰਾਜਿਆਂ ਤੇ ਰੋਜਾਨਾਂ ਸੰਸਾਰ ਅਤੇ ਬ੍ਰਹਮ ਪਿਆਰ ਅਤੇ ਬ੍ਰਹਿਮੰਡੀ ਚੇਤਨਾ ਦੇ ਖੇਤਰ ਵਿੱਚ ਵਿਛੋੜੇ ਅਤੇ ਤਾਂਘ ਲਈ ਇੱਛਾ ਅਤੇ ਆਨੰਦਮਈ ਅਨਾਦ ਦਾ ਗਾਉਣਾ ਹੈ। ਇਹ ਸੰਜੋਗ ਵਿੱਚ ਵਿਲੱਖਣ ਤਣਾਅ ਅਤੇ ਡੂੰਘਾਈ ਪੈਂਦਾ ਕਰਦਾ ਹੈ ਕਿ ਬ੍ਰਹਮ ਮੰਦਰ ਅਤੇ ਮਸਜਿਦਾਂ ਤੱਕ ਸੀਮਿਤ ਨਹੀਂ।

ਪੰਜਾਬੀ ਸਾਹਿਤ ਵਿੱਚ ਸਤਿਕਾਰੇ ਜਾਂਦੇ ਸ਼ਾਇਰ ਦਾ ਦਿਹਾਂਤ 1601 ਈਸਵੀ ਵਿੱਚ 63 ਸਾਲ ਦੀ ਉਮਰ ਵਿੱਚ ਸ਼ਾਹਦਰੇ ਵਿਖੇ ਰਾਵੀ ਨਦੀ ਦੇ ਕੰਢੇ ਹੋਇਆ। ਲਾਹੌਰ ਵਿੱਚ ਉਸ ਦਾ ਮਜ਼ਾਰ ਹੈ। ਲਾਹੌਰ ਦੇ ਸ਼ਾਲਾਮਾਰ ਬਾਗ ਦੇ ਬਾਹਰ ਹੁਸੈਨ ਦੀ ਕਬਰ ਨੇੜੇ ਬਸੰਤ ਦੀ ਰੁੱਤ ਵਿੱਚ 'ਮੇਲਾ ਚਿਰਾਘਣ' ਜਾਂ ਰੋਸ਼ਨੀਆਂ ਦਾ ਤਿਉਹਾਰ ਨਾਮਕ ਸਲਾਨਾ ਤਿਉਹਾਰ ਮਨਾਇਆ ਜਾਂਦਾ ਹੈ। ਨਾਚ ਗਾਉਣ ਦੇ ਕਲਾਕਾਰ ਹੁੰਮ ਹੁੰਮਾ ਕੇ ਇੱਕਠੇ ਹੋ ਕੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਹਨ। ਅਜਿਹਾ ਰੰਗ ਬੱਝਦਾ ਹੈ ਕਿ ਸ਼ਾਹ ਹੁਸੈਨ ਦੀ ਯਾਦ ਹਮੇਸ਼ਾ ਤਾਜ਼ਾ ਹੁੰਦੀ ਰਹਿੰਦੀ ਹੈ।

ਸ਼ਾਹ ਹੁਸੈਨ, ਬਾਬਾ ਫਰੀਦ ਤੋਂ ਬਾਅਦ ਇੱਕ ਮੁੱਖ ਸੂਫ਼ੀ ਪੰਜਾਬੀ ਕਵੀ ਹੈ। ਉਹ ਕਾਫ਼ੀਆਂ ਦੀ ਸਾਹਿਤ ਵਿਧਾ ਵਿੱਚ ਇੱਕ ਉਸਤਾਦ ਹੈ। ਇਸ ਖੇਤਰ ਵਿੱਚ ਉਸ ਦਾ ਕੋਈ ਮੁਕਾਬਲਾ ਨਹੀਂ ਹੈ। ਉਸ ਨੇ ਅਰਬੀ ਭਾਸ਼ਾ ਦੀ ਕਾਫ਼ੀ ਵਿਧਾ ਨੂੰ ਪੰਜਾਬੀ ਬੋਲੀ ਵਿੱਚ ਪ੍ਰਚਲਤ ਕਰਕੇ ਪੰਜਾਬੀ ਸਾਹਿਤ ਨੂੰ ਹੋਰ ਅਮੀਰੀ ਬਖ਼ਸ਼ੀ ਹੈ।








# ਹਰੀਆਂ ਸਬਜ਼ੀਆਂ ਖਾਓ, ਨੀਂਦ ਸਬੰਧੀ ਬਿਮਾਰੀਆਂ ਘਟਾਓ

## ਈ.ਆਰ.ਜੇ. ਓਪਨ ਰਿਸਰਚ 'ਚ ਪ੍ਰਕਾਸ਼ਿਤ ਸੋਧ ਰਾਹੀਂ ਹੋਇਆ ਖ਼ੁਲਾਸਾ

ਮੈਲਬੋਰਨ/ਏ.ਟੀ.ਨਿਊਜ਼ : ਸਿਹਤਮੰਦ ਰਹਿਣ ਲਈ ਹਰੀਆਂ ਭਰੀਆਂ ਸਬਜ਼ੀਆਂ, ਫਲ, ਡਰਾਈ ਫਰੂਟ ਤੇ ਸਾਬਤ ਅਨਾਜ ਆਦਿ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਇੱਕ ਸੋਧ 'ਚ ਸਾਹਮਣੇ ਆਇਆ ਹੈ ਕਿ ਇਹ ਨੀਂਦ ਸਬੰਧੀ ਬਿਮਾਰੀ ਆਬਸਟ੍ਰਕਟਿਵ ਸਲੀਪ ਐਪਨੀਆ (ਓ.ਐੱਸ.ਏ.) ਦੇ ਖਤਰੇ ਨੂੰ ਵੀ ਘੱਟ ਕਰਦਾ ਹੈ। ਇਹ ਸੋਧ ਈ.ਆਰ.ਜੇ. ਓਪਨ ਰਿਸਰਚ 'ਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜੋ ਮਿੱਠੇ ਤਰਲ ਪਦਾਰਥ, ਤਲੇ ਭੁੱਜੇ ਤੇ ਵੱਧ ਨਮਕ ਵਾਲੇ ਖਾਧ ਪਦਾਰਥਾਂ ਦਾ ਸੇਵਨ ਕਰਦੇ ਹਨ, ਉਨ੍ਹਾਂ 'ਚ ਓ.ਐੱਸ.ਏ. ਵਿਕਸਿਤ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇਹ ਸੋਧ ਆਸਟ੍ਰੇਲੀਆ ਦੇ ਵਿਗਿਆਨੀਆਂ ਵੱਲੋਂ ਕੀਤੀ ਗਈ ਹੈ।

ਆਬਸਟ੍ਰਕਟਿਵ ਸਲੀਪ ਐਪਨੀਆ ਨੀਂਦ ਨਾਲ ਸਬੰਧਿਤ ਸਭ ਤੋਂ ਆਮ ਬਿਮਾਰੀ ਹੈ। ਇਹ ਕਈ ਤਰ੍ਹਾਂ ਦੀ ਹੁੰਦੀ ਹੈ। ਆਬਸਟ੍ਰਕਟਿਵ ਸਲੀਪ ਐਪਨੀਆ ਉਦੋਂ ਹੁੰਦਾ ਹੈ, ਜਦੋਂ ਗਲੇ ਦੀਆਂ ਮਾਸਪੇਸ਼ੀਆਂ ਸੁੰਨ ਹੋ ਜਾਂਦੀਆਂ ਹਨ ਤੇ ਹਵਾ ਦਾ ਰਾਹ ਬੰਦ ਕਰ ਦਿੰਦੀਆਂ ਹਨ। ਅਜਿਹਾ ਨੀਂਦ ਦੌਰਾਨ ਕਈ ਵਾਰ ਰੁਕ ਰੁਕ ਕੇ ਹੁੰਦਾ ਹੈ। ਖਰਾਟੇ ਲੈਣਾ ਆਬਸਟ੍ਰਕਟਿਵ ਸਲੀਪ ਐਪਨੀਆ ਦਾ ਸੰਕੇਤ ਹੈ। ਇਸ ਨਾਲ ਪੀੜਤ ਸ਼ਖਸ ਰਾਤ ਦੇ ਸਮੇਂ ਕਈ ਵਾਰ ਹਾਈ ਬਲੱਡ ਪ੍ਰੈਸ਼ਰ ਦੇ ਨਾਲ ਹੀ ਦਿਲ ਸਬੰਧੀ ਹੋਰਨਾਂ ਬਿਮਾਰੀਆਂ ਤੇ ਟਾਈਪ-2 ਡਾਇਬਟੀਜ਼ ਦਾ ਵੀ ਖਤਰਾ ਹੁੰਦਾ ਹੈ। ਇਹ ਬੂਟਾ ਆਧਾਰਿਤ ਖਾਣੇ ਤੇ ਆਬਸਟ੍ਰਕਟਿਵ ਸਲੀਪ ਐਪਨੀਆ ਵਿਚਾਲੇ ਸਬੰਧਾਂ ਨੂੰ ਲੈਕੇ ਵੱਡੀ ਸੋਧ ਹੈ। ਖੋਜੀਆਂ ਦਾ ਕਹਿਣਾ ਹੈ ਕਿ ਅਧਿਐਨ ਦੌਰਾਨ ਸਾਹਮਣੇ ਆਈਆਂ ਗੱਲਾਂ ਇਸ ਵੱਲ ਇਸ਼ਾਰਾ ਕਰਦੀਆਂ ਹਨ ਕਿ ਜੇ ਬੂਟੇ ਆਧਾਰਿਤ ਸਿਹਤ ਲਈ ਖਾਣੇ ਦਾ ਸੇਵਨ ਕੀਤਾ ਜਾਵੇ ਤਾਂ ਇਹ ਆਬਸਟ੍ਰਕਟਿਵ ਸਲੀਪ ਐਪਨੀਆ ਦੇ ਖਤਰੇ ਨੂੰ ਦੂਰ ਰੱਖਦਾ ਹੈ। ਇਸ ਨਾਲ ਓ.ਐੱਸ.ਓ. ਨੂੰ ਠੀਕ ਕਰਨ ਵਿੱਚ ਵੀ ਮਦਦ ਮਿਲਦੀ ਹੈ।





# ਔਰਤਾਂ ਲਈ ਕਿਹੜੇ ਖਾਣੇ ਬਿਹਤਰੀਨ ਹਨ ?

ਡਾ. ਹਰਸ਼ਿੰਦਰ ਕੌਰ, ਐੱਮ.ਡੀ.,
0175-2216783

ਔਰਤ ਅਤੇ ਮਰਦ ਦੇ ਵੱਖਰੇ ਹਾਰਮੋਨ, ਬੱਚੇ ਦਾ ਠਹਿਰਨਾ, ਮਾਹਵਾਰੀ ਆਦਿ ਅਨੇਕ ਕਾਰਨਾਂ ਕਰ ਕੇ ਕੁੱਝ ਕਿਸਮਾਂ ਦੇ ਖਾਣੇ ਔਰਤਾਂ ਨੂੰ ਜ਼ਰੂਰ ਲੈਣੇ ਚਾਹੀਦੇ ਹਨ। ਹੱਡੀਆਂ ਨੂੰ ਛੇਤੀ ਖੁਰਨ ਤੋਂ ਬਚਾਉਣਾ, ਬੱਚੇ ਨੂੰ ਦੁੱਧ ਚੁੰਘਾਉਣਾ, ਛਾਤੀ ਦੇ ਕੈਂਸਰ ਤੋਂ ਬਚਾਓ ਆਦਿ, ਲਈ ਖ਼ੁਰਾਕ ਦਾ ਅਹਿਮ ਰੋਲ ਲੱਭਿਆ ਜਾ ਚੁੱਕਿਆ ਹੈ। ਇਹ ਖਾਣੇ ਹਨ :-

1. **ਸੋਇਆਬੀਨ ਦੀਆਂ ਫਲੀਆਂ** :- ਮਾਹਵਾਰੀ ਬੰਦ ਹੋ ਜਾਣ ਬਾਅਦ ਇਕਦਮ ਗਰਮੀ ਤੇ ਘਬਰਾਹਟ ਮਹਿਸੂਸ ਹੋਣ ਲੱਗ ਪੈਂਦੀ ਹੈ। ਅਜਿਹੀ ਹਾਰਮੋਨਾਂ ਦੀ ਤਬਦੀਲੀ ਦੌਰਾਨ ਈਸਟਰੋਜਨ ਵਰਗੇ ਕੁਦਰਤੀ ਤੱਤ ਕਾਫ਼ੀ ਫ਼ਾਇਦਾ ਦਿੰਦੇ ਹਨ। ਸੋਇਆਬੀਨ ਦੀਆਂ ਹਰੀਆਂ ਫਲੀਆਂ ਵਿੱਚ ਆਈਸੋਫਲੇਵੋਨ ਹੁੰਦੇ ਹਨ ਜੋ ਈਸਟਰੋਜਨ ਵਰਗਾ ਅਸਰ ਵਿਖਾਉਂਦੇ ਹਨ। ਇਨ੍ਹਾਂ ਵਿੱਚ ਫਾਈਬਰ ਵੀ ਕਾਫ਼ੀ ਹੁੰਦਾ ਹੈ।

2. ਕੇਲ ਪੱਤਾ :- ਵਿਟਾਮਿਨ ਏ, ਡੀ, ਸੀ ਤੇ ਕੇ ਨਾਲ ਭਰੇ ਇਹ ਪੱਤੇ ਹੱਡੀਆਂ ਮਜ਼ਬੂਤ ਰੱਖਣ ਵਿੱਚ ਮਦਦ ਕਰਦੇ ਹਨ। ਵਿਟਾਮਿਨ ਏ ਅਤੇ ਸੀ ਦੀ ਰੋਜ਼ਾਨਾ ਲੋੜੀਂਦੀ ਮਾਤਰਾ ਦਾ 20 ਫੀਸਦੀ ਹਿੱਸਾ ਇੱਕ ਵੇਲੇ ਦਾ ਰੱਜ ਕੇ ਖਾਧਾ ਕੇਲ ਪੱਤਿਆਂ ਦੇ ਸਲਾਦ ਨਾਲ ਹੀ ਪੂਰਾ ਹੋ ਜਾਂਦਾ ਹੈ।

3. **ਐਸਪੈਰਾਗਸ ਬੂਟੀ** :- ਵਿਟਾਮਿਨ ਕੇ ਤੇ ਫੋਲੇਟ ਭਰਪੂਰ ਇਹ ਬੂਟੀ ਹੁਣ ਵੱਡੇ ਹੋਟਲਾਂ ਵਿੱਚ ਬਹੁਤ ਮਹਿੰਗੇ ਭਾਅ ਖਾਣ ਨੂੰ ਮਿਲਦੀ ਹੈ। ਰੀੜ੍ਹ ਦੀ ਹੱਡੀ ਦੇ ਜਮਾਂਦਰੂ ਨੁਕਸ ਰੋਕਣ ਲਈ ਇਸ ਵਿਚਲਾ ਫੋਲੇਟ ਵਧੀਆ ਹੈ ਤੇ ਵਿਟਾਮਿਨ ਕੇ ਹੱਡੀਆਂ ਵੀ ਤਗੜੀਆਂ ਕਰਦਾ ਹੈ।

4. **ਰਾਜਮਾਂਹ, ਸੋਇਆਬੀਨ ਤੇ ਰੌਂਗੀ** :- ਪ੍ਰੋਟੀਨ ਪੂਰੀ ਕਰਨ ਲਈ ਇਹ ਜ਼ਰੂਰ ਖਾਣੇ ਚਾਹੀਦੇ ਹਨ ਕਿਉਂਕਿ ਅਣਗਿਣਤ ਔਰਤਾਂ ਪ੍ਰੋਟੀਨ ਦੀ ਕਮੀ ਨਾਲ ਜੂਝਦੀਆਂ ਸਤਮਾਹੇ ਬੱਚੇ ਪੈਦਾ ਕਰਕੇ ਜਹਾਨੋਂ ਕੂਚ ਕਰ ਜਾਂਦੀਆਂ ਹਨ। ਲਹੂ ਦੀ ਕਮੀ ਵੀ ਲਗਭਗ 80 ਫੀਸਦੀ ਔਰਤਾਂ ਵਿੱਚ ਲੱਭੀ ਗਈ ਹੈ ਜਿਸ ਸਦਕਾ ਮੰਦਬੁੱਧ ਬੱਚੇ ਪੈਦਾ ਹੋ ਸਕਦੇ ਹਨ। ਇਸੇ ਲਈ ਫਲ ਸਬਜ਼ੀਆਂ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ ਜਿਨ੍ਹਾਂ ਵਿਚਲਾ ਫਾਈਬਰ ਵੀ ਅੰਤੜੀਆਂ ਲਈ ਵਧੀਆ ਹੈ ਤੇ ਇਹ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਵੀ ਸਹੀ ਰੱਖਦਾ ਹੈ। ਇੰਝ ਭਾਰ ਵੀ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ। ਅੱਜ ਦੇ ਦਿਨ ਅਮਰੀਕਾ ਵਿੱਚ ਔਰਤਾਂ ਦੇ ਦਿਲ ਦੇ ਰੋਗ ਉਨ੍ਹਾਂ ਦੀ ਮੌਤ ਦਾ ਪਹਿਲਾ ਕਾਰਨ ਬਣ ਚੁੱਕੇ ਹੋਏ ਹਨ।

5. **ਚਕੋਧਰਾ** :- ਔਰਤਾਂ ਵਿੱਚ ਪਾਸੇ ਦਾ ਮਾਰਿਆ ਜਾਣਾ (ਸਟਰੋਕ) ਵੀ ਆਮ ਹੀ ਵੇਖਿਆ ਜਾਣ ਲੱਗ ਪਿਆ ਹੈ। ਚਕੋਧਰਾ ਜਿੱਥੇ ਸਟਰੋਕ ਦਾ ਖ਼ਤਰਾ ਘਟਾਉਂਦਾ ਹੈ, ਉੱਥੇ ਦਿਲ ਦੇ ਰੋਗਾਂ ਤੋਂ ਵੀ ਬਚਾਉਂਦਾ ਹੈ। ਹਾਲਾਂਕਿ ਸੰਤਰੇ ਵੀ ਵਧੀਆ ਹਨ ਪਰ ਚਕੋਧਰੇ ਵਿੱਚ ਸੰਤਰੇ ਨਾਲੋਂ ਘੱਟ ਮਿੱਠਾ ਹੁੰਦਾ ਹੈ। ਇਸ ਵਿਚਲੇ ਫਲੇਵੋਨਾਇਡ ਬੇਸ਼ਕੀਮਤੀ ਹਨ। ਕੁੱਝ ਕਿਸਮ ਦੀਆਂ ਦਵਾਈਆਂ ਨਾਲ ਚਕੋਧਰਾ ਨਹੀਂ ਖਾਧਾ ਜਾ ਸਕਦਾ। ਸੋ ਇਸ ਵਾਸਤੇ ਡਾਕਟਰੀ ਸਲਾਹ ਲੈ ਲੈਣੀ ਚਾਹੀਦੀ ਹੈ।

6. **ਬਲੂਬੈਰੀ, ਸਟਰਾਅਬੈਰੀ ਅਤੇ ਚੈਰੀਆਂ** :- ਫਲੇਵੋਨਾਇਡ ਅਤੇ ਐਂਟੀਆਕਸੀਡੈਂਟ ਨਾਲ ਭਰਪੂਰ ਰੰਗ ਬਿਰੰਗੀਆਂ ਬੈਰੀਆਂ ਅਤੇ ਚੈਰੀਆਂ ਜਿੱਥੇ ਦਿਮਾਗ਼ ਨੂੰ ਚੁਸਤ ਰੱਖਦੀਆਂ ਹਨ ਉੱਥੇ ਇਨ੍ਹਾਂ ਵਿਚਲਾ ਵਿਟਾਮਿਨ 'ਸੀ' ਚਮੜੀ ਹੇਠਲੇ ਕੋਲਾਜਨ ਨੂੰ ਤੰਦਰੁਸਤ ਰੱਖਦਾ ਹੈ ਤੇ ਛੇਤੀ ਝੁਰੜੀਆਂ ਨਹੀਂ ਪੈਣ ਦਿੰਦਾ। ਸੈੱਲਾਂ ਦੀ ਟੁੱਟ ਫੁੱਟ ਨੂੰ ਵੀ ਇਹ ਘਟਾ ਦਿੰਦਾ ਹੈ।

7. **ਪਪੀਤਾ** :- ਬੀਟਾ ਕੈਰੋਟੀਨ ਅਤੇ ਲਾਈਕੋਪੀਨ ਨਾਲ ਭਰਪੂਰ ਪਪੀਤਾ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਅਤੇ ਛਾਤੀ ਦੇ ਕੈਂਸਰ ਨੂੰ ਰੋਕਣ ਵਿੱਚ ਕੁੱਝ ਰੋਲ ਜ਼ਰੂਰ ਅਦਾ ਕਰਦਾ ਹੈ। ਬੀਟਾ ਕੈਰੋਟੀਨ ਗਾਜਰਾਂ ਵਿੱਚ ਵੀ ਹੁੰਦਾ ਹੈ। ਇੰਝ ਹੀ ਲਾਈਕੋਪੀਨ ਟਮਾਟਰ ਅਤੇ ਮਤੀਰੇ (ਹਦਵਾਣੇ) ਵਿੱਚ ਵੀ ਹੁੰਦਾ ਹੈ। ਸੋ ਉਹ ਵੀ ਰੈਗੂਲਰ ਵਰਤਣੇ ਚਾਹੀਦੇ ਹਨ। ਪਪੀਤੇ ਵਿਚਲੇ ਐਂਟੀਆਕਸੀਡੈਂਟ ਕੋਲੈਸਟਰੋਲ ਅਤੇ ਬਲੱਡ ਪ੍ਰੈੱਸ਼ਰ ਨੂੰ ਸਹੀ ਰੱਖਣ ਵਿੱਚ ਵੀ ਮਦਦ ਕਰਦੇ ਹਨ। ਇੰਝ ਦਿਲ ਵੀ ਸਿਹਤਮੰਦ ਰੱਖਿਆ ਜਾ ਸਕਦਾ ਹੈ।

8. **ਘੱਟ ਥਿੰਦੇ ਵਾਲਾ ਦਹੀਂ** :- ਤਾਜ਼ਾ ਜੰਮਿਆ ਸਪਰੇਟੇ ਦੁੱਧ ਦਾ ਦਹੀਂ ਜਿਸ ਵਿੱਚ ਮਿੱਠਾ ਜਾਂ ਲੂਣ ਨਾ ਪਾਇਆ ਹੋਵੇ, 40 ਵਰ੍ਹਿਆਂ ਦੀ ਉਮਰ ਤੋਂ ਬਾਅਦ ਰੈਗੂਲਰ ਖਾਣਾ ਚਾਹੀਦਾ ਹੈ। ਸਿਰਫ਼ 8 ਔਂਸ ਨਾਲ ਹੀ ਰੋਜ਼ ਦੇ ਲੋੜੀਂਦੇ ਕੈਲਸ਼ੀਅਮ ਦਾ ਇੱਕ ਤਿਹਾਈ ਹਿੱਸਾ ਪੂਰਾ ਹੋ ਜਾਂਦਾ ਹੈ।

9. **ਫਲੈਕਸ ਬੀਜ (ਅਲਸੀ)** :- ਫਾਈਬਰ ਅਤੇ ਲਿਗਨੈਨ ਜਿਹੜੇ ਈਸਟਰੋਜਨ ਵਾਂਗ ਅਸਰ ਵਿਖਾਉਂਦੇ ਹਨ, ਛਾਤੀ ਦੇ ਕੈਂਸਰ ਨੂੰ ਹੋਣ ਤੋਂ ਰੋਕਦੇ ਹਨ। ਇਸ ਵਿੱਚ ਲੋੜੀਂਦੇ ਓਮੇਗਾ ਤਿੰਨ ਫੈਟੀ ਏਸਿਡ ਵੀ ਹਨ।

10. **ਅਖਰੋਟ** :- ਇਸ ਵਿਚਲੇ ਵਧੀਆ ਫੈਟੀ ਏਸਿਡ ਜਿੱਥੇ ਕੈਂਸਰ ਰੋਕਣ ਵਿੱਚ ਕੁੱਝ ਰੋਲ ਅਦਾ ਕਰਦੇ ਹਨ, ਉੱਥੇ ਅੰਤੜੀਆਂ ਨੂੰ ਤੰਦਰੁਸਤ ਰੱਖਣ, ਸ਼ੱਕਰ ਰੋਗ ਅਤੇ ਬਲੱਡ ਪ੍ਰੈੱਸ਼ਰ ਕਾਬੂ ਵਿੱਚ ਰੱਖਣ ਦੇ ਨਾਲ-ਨਾਲ ਦਿਮਾਗ਼ ਵੀ ਚੁਸਤ ਦਰੁਸਤ ਰੱਖਦੇ ਹਨ। ਰੋਜ਼ 4-5 ਅਖਰੋਟ ਜ਼ਰੂਰ ਖਾ ਲੈਣੇ ਚਾਹੀਦੇ ਹਨ ਤੇ ਏਨੇ ਹੀ ਬਦਾਮ ਵੀ।

11. **ਸਾਰਡੀਨ ਮੱਛੀ** :- ਵਿਟਾਮਿਨ ਡੀ, ਕੈਲਸ਼ੀਅਮ, ਓਮੇਗਾ ਤਿੰਨ ਫੈਟੀ ਏਸਿਡ ਨਾਲ ਭਰੀ ਮੱਛੀ ਦੁੱਧ ਪਿਆਉਂਦੀਆਂ ਮਾਵਾਂ ਲਈ ਕਾਫ਼ੀ ਲਾਹੇਵੰਦ ਹੈ। ਇੰਝ ਹੀ ਗਰਭਵਤੀ ਮਾਵਾਂ ਲਈ ਵੀ ਚੰਗੀ ਸਾਬਤ ਹੋ ਚੁੱਕੀ ਹੈ।



12. **ਐਵੋਕੈਡੋ** :- ਚਮੜੀ ਅਤੇ ਅੱਖਾਂ ਲਈ ਵਧੀਆ ਐਵੋਕੈਡੋ, ਮਾੜਾ ਕੋਲੈਸਟਰੋਲ ਘਟਾਉਂਦਾ ਹੈ ਅਤੇ ਚੰਗਾ ਕੋਲੈਸਟਰੋਲ ਵਧਾ ਦਿੰਦਾ ਹੈ। ਇਸ ਨੂੰ ਚਟਨੀ ਵਿੱਚ ਪਾ ਕੇ ਵੀ ਖਾਧਾ ਜਾ ਸਕਦਾ ਹੈ ਅਤੇ ਸਲਾਦ ਵਿੱਚ ਵੀ।

13. **ਬਕਰੇ ਦਾ ਜਿਗਰ** :- ਇਸ ਵਿੱਚ ਪਾਲਕ ਤੋਂ ਕਿਤੇ ਵੱਧ ਫੋਲੇਟ ਹੈ ਜੋ ਭਰੂਣ ਲਈ ਬਹੁਤ ਵਧੀਆ ਹੈ।

14. **ਪਾਲਕ** :- ਇਸ ਨੂੰ ਐਵੇਂ ਹੀ ਪਾਲਣਹਾਰ ਨਹੀਂ ਕਿਹਾ ਜਾਂਦਾ। ਦਿਮਾਗ਼ ਨੂੰ ਤਰੋਤਾਜ਼ਾ ਰੱਖਣਾ, ਦਿਮਾਗ਼ ਦਾ ਸੁੰਗੜਨਾ ਰੋਕਣਾ, ਦਿਲ ਨੂੰ ਨਿਰੋਗ ਰੱਖਣਾ, ਅੰਤੜੀਆਂ ਦੇ ਕੈਂਸਰ ਤੋਂ ਬਚਾਉਣਾ, ਲਿਊਟੀਨ ਅਤੇ ਫੋਲੇਟ ਸਦਕਾ ਅੱਖਾਂ ਵਿਚਲੇ ਲੈਂਸ ਅਤੇ ਰੈਟੀਨਾ ਪਰਤ ਨੂੰ ਤੰਦਰੁਸਤ ਰੱਖਣਾ, ਚਮੜੀ ਦੀਆਂ ਝੁਰੜੀਆਂ ਪੈਣ ਤੋਂ ਰੋਕਣਾ ਆਦਿ ਪਾਲਕ ਨੂੰ ਬਿਹਤਰੀਨ ਖ਼ੁਰਾਕ ਬਣਾ ਦਿੰਦਾ ਹੈ।

**ਸਾਰ** :- ਕਿਹਾ ਜਾਂਦਾ ਹੈ ਕਿ ਘਰ ਵਿਚਲੀ ਇੱਕ ਔਰਤ ਪੜ੍ਹ ਜਾਵੇ ਤਾਂ ਸਾਰਾ ਟੱਬਰ ਹੀ ਪੜ੍ਹ ਜਾਂਦਾ ਹੈ। ਇੰਝ ਹੀ ਮਾਂ ਸਿਹਤਮੰਦ ਹੋਵੇ ਤਾਂ ਬੱਚਾ ਭਾਵੇਂ ਕੁੜੀ ਹੋਵੇ ਜਾਂ ਮੁੰਡਾ, ਸਿਹਤਮੰਦ ਹੀ ਰਹਿੰਦਾ ਹੈ। ਇਸੇ ਲਈ ਹਰ ਬੇਟੀ ਦੀ ਸਿਹਤ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ ਜਿਸ ਵਾਸਤੇ ਸਹੀ ਖ਼ੁਰਾਕ ਖਾਣੀ ਲਾਜ਼ਮੀ ਹੈ। ਰੋਜ਼ਾਨਾ ਕਸਰਤ ਵੀ ਨਾਲੋਂ ਨਾਲ ਕਰਨੀ ਜ਼ਰੂਰੀ ਹੈ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

## ਕਹਾਣੀ — ਚੋਣ

ਗੁਰਮੇਲ ਮਡਾਹੜ



ਜਿਸ ਕੁਰਸੀ ’ਤੇ ਮੈਂ ਬੈਠਾ ਸਾਂ, ਮੇਰੇ ਸੱਜੇ-ਖੱਬੇ, ਆਲੇ-ਦੁਆਲੇ ਮੁੱਕੇਬਾਜ਼ ਹੀ ਮੁੱਕੇਬਾਜ਼ ਬੈਠੇ ਸਨ। ਵੱਖ-ਵੱਖ ਇਲਾਕਿਆਂ ਦੇ, ਵੱਖ-ਵੱਖ ਰੰਗਾਂ ਦੇ, ਖੇਡ ਵਸਤਰਾਂ ਤੇ ਬਲੈਜ਼ਰਾਂ ਵਿੱਚ ਸਜੇ ਹੋਏ। ਸਾਰਿਆਂ ਦੀਆਂ ਨਜ਼ਰਾਂ ਸਾਹਮਣੇ ਮੰਚ ’ਤੇ ਗੱਡੀਆਂ ਹੋਈਆਂ ਸਨ ਜਿਸ ਦੁਆਲੇ ਚਾਰ ਪੋਲ ਗੱਡ ਕੇ ਉਨ੍ਹਾਂ ਵਿਚੋਂ ਦੋ ਉਤੇ ਚਿੱਟਾ ਤੇ ਇੱਕ ਲਾਲ ਅਤੇ ਇੱਕ ਉਤੇ ਹਰਾ ਕੱਪੜਾ ਚਾੜ੍ਹਿਆ ਹੋਇਆ ਸੀ। ਇਨ੍ਹਾਂ ਸਾਰੇ ਪੋਲਾਂ ਨੂੰ ਹਰੇ ਅਤੇ ਲਾਲ ਰੰਗ ਦੇ ਰੱਸਿਆਂ ਨਾਲ ਬੰਨ੍ਹ ਕੇ ਦੋ ਚੱਕਰ ਮਾਰੇ ਹੋਏ ਸਨ ਤਾਂ ਕਿ ਕੋਈ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਦਾ ਕੁੱਟਿਆ ਮਾਰਿਆ ਜਾਂ ਧੱਕਿਆ ਹੋਇਆ ਮੰਚ ਤੋਂ ਹੇਠਾਂ ਨਾ ਜਾ ਡਿੱਗੇ।

ਮੁਕਾਬਲਾ ਸ਼ੁਰੂ ਹੋਣ ਵਿੱਚ ਕੁਝ ਮਿੰਟ ਬਾਕੀ ਸਨ, ਲੋਕੀਂ ਗੱਪਾਂ ਹੱਕ ਕੇ ਇਹ ਵਕਤ ਪੂਰਾ ਕਰ ਰਹੇ ਸਨ।

ਨੈਸ਼ਨਲ ਵਾਸਤੇ ਮੁੰਡੇ ਇੱਥੋਂ ਈ ਚੁਣੇ ਜਾਣਗੇ? ਮੇਰੇ ਸੱਜੇ ਹੱਥ ਦੀ ਕੁਰਸੀ ’ਤੇ ਬੈਠੇ ਮੁੱਕੇਬਾਜ਼ ਤੋਂ ਉਸ ਦਾ ਸਾਥੀ ਪੁੱਛ ਰਿਹਾ ਸੀ।

ਆਹੋ, ਜਿਹੜੇ ਫ਼ਸਟ ਆਉਣਗੇ...ਉਨ੍ਹਾਂ ਨੂੰ ਹੀ ਲੈ ਕੇ ਜਾਣਗੇ?

ਮੁੱਕੇਬਾਜ਼ ਦੇ ਸਾਥੀ ਮੂੰਹੋਂ ‘ਚੋਣ’ ਸ਼ਬਦ ਸੁਣ ਕੇ ਮੇਰੇ ਕੰਨ ਖੜ੍ਹੇ ਹੋ ਗਏ ਸਨ ਤੇ ਨਾਲ ਹੀ ਮੈਨੂੰ ਇੱਕ ਗੱਲ ਚੇਤੇ ਆ ਗਈ ਸੀ। ਮੈਂ ਰੇਲਗੱਡੀ ਵਿੱਚ ਸਫ਼ਰ ਕਰ ਰਿਹਾ ਸਾਂ। ਡੱਬੇ ਵਿੱਚ ਭਾਰਤ ਦੀ ਹਾਕੀ ਵਿੱਚ ਹੋਈ ਹਾਰ ਬਾਰੇ ਗੱਲਾਂ ਹੋ ਰਹੀਆਂ ਸਨ।

ਜੀ ਹਾਰਦੇ ਕਿਮੇ ਨਾ...ਚੋਣ ਕਰਨ ਵੇਲੇ ਤਾਂ ਲਿਹਾਜ਼ਾਂ ਪੂਰਨ ਲੱਗ ਪੈਂਦੇ ਨੇ। ਕਿਸੇ ਆਦਮੀ ਦੇ ਸ਼ਬਦ ਸਨ।

ਇਹ ਵੀ ਛੱਡੋ ਜੀ, ਜਿਵੇਂ ਨੌਕਰੀਆਂ ਲਈ ਸੀਟਾਂ ਰਿਜ਼ਰਵ ਕਰ ਦਿੱਤੀਆਂ ਜਾਂਦੀਆਂ ਨੇ, ਉਮੇ ਹੀ ਖੇਡਾਂ ਵਿੱਚ ਰਿਜ਼ਰਵੇਸ਼ਨਾਂ ਘਸੋੜ ਦਿੱਤੀਆਂ ਨੇ...ਆਦਿਵਾਸੀ, ਵੱਖ-ਵੱਖ ਜਾਤਾਂ ਤੇ ਵੱਖ-ਵੱਖ ਸਟੇਟਾਂ ਲਈ। ਇੱਕ ਹੋਰ ਆਦਮੀ ਨੇ ਪਹਿਲੇ ਦੀ ਗੱਲ ਨੂੰ ਹੋਰ ਅੱਗੇ ਤੋਰਿਆ ਸੀ।

ਦੂਜੇ ਦੀ ਗੱਲ ਸੁਣ ਕੇ ਸਾਰੇ ਡੱਬੇ ਵਿੱਚ ਹਾਸਾ ਛਣਕ ਗਿਆ ਸੀ। ਉਦੋਂ ਮੇਰੇ ਮਨ ਵਿੱਚ ਸਵਾਲ ਉਠਿਆ ਸੀ, ‘ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਚੋਣ ਕਰਨ ਵਾਲਿਆਂ ਨੂੰ ਕੀ ਆਪਣੇ ਮੁਲਕ ਦੀ ਇੱਜ਼ਤ ਨਹੀਂ ਚਾਹੀਦੀ ਹੁੰਦੀ।’

ਚੰਗਾ ਹੁਣ ਸਾਹਮਣੇ ਦੇਖ ਫ਼ਾਈਟ ਸ਼ੁਰੂ ਹੋ ਗਈ ਐ। ਮੁੱਕੇਬਾਜ਼ ਆਪਣੇ ਸਾਥੀ ਨੂੰ ਭੱਜ ਕੇ ਪਿਆ ਸੀ। ਉਸ ਦੀ ਕੜਕਵੀਂ ਅਵਾਜ਼ ਸੁਣ ਕੇ ਮੈਂ ਵੀ ਯਾਦਾਂ ਦੇ ਅਪੋਲੋ ਤੋਂ ਉਤਰ ਕੇ ਮੁਕਾਬਲਾ ਦੇਖਣ ਲੱਗ ਪਿਆ ਸਾਂ।

ਮੁਕਾਬਲਾ ਕੁਝ ਨਹੀਂ ਸੀ। ਦੋਵੇਂ ਮੁੰਡੇ ਇੱਕੋ ਕਾਲਜ ਦੇ ਵਿਦਿਆਰਥੀ ਸਨ। ਦੋਵੇਂ ਜਣੇ ਜਿੱਤਦੇ-ਜਿੱਤਦੇ ਫ਼ਾਈਨਲ ਵਿੱਚ ਪਹੁੰਚ ਗਏ ਸਨ। ਪਹਿਲਾ ਰਾਊਂਡ ਮੁਕਾ ਕੇ, ਦੂਜੇ ਵਿੱਚ ਦੋਵਾਂ ਨੇ ਸੰਧੀ ਕਰ ਕੇ ਇੱਕ ਨੇ ਹਾਰ ਮੰਨ ਲਈ ਸੀ।

ਪਿੰਨ ਵੇਟ ਤੋਂ ਜਿਉਂ-ਜਿਉਂ ਉੱਪਰ ਫ਼ਲਾਈ, ਬੈਟਮ, ਫ਼ੈਦਰ, ਲਾਈਟ, ਮਿਡਲ ਆਦਿ ਵੇਟ ਹੁੰਦੇ ਜਾਂਦੇ ਸਨ, ਤਿਉਂ-ਤਿਉਂ ਮੁਕਾਬਲੇ ਜ਼ੋਰ ਫੜਦੇ ਜਾ ਰਹੇ ਸਨ। ਦੇਖਣ ਵਾਲਿਆਂ ਨੂੰ ਵੀ ਸੁਆਦ ਆਉਣ ਲੱਗ ਪਿਆ ਸੀ। ਆਉਂਦਾ ਵੀ ਕਿਉਂ ਨਾ, ਸਟੇਟ ਬੌਕਸਿੰਗ ਚੈਂਪੀਅਨਸ਼ਿਪ ਜੋ ਦੇਖ ਰਹੇ ਸਨ।

ਫ਼ਿਰ ਜਦ ਲਾਈਟ ਹੈਵੀ ਵੇਟ ਲਈ ਅਨਾਉਸਰ ਨੇ ਮੁੱਕੇਬਾਜ਼ਾਂ ਦੇ ਨਾਂ ਬੋਲੇ ਤਾਂ ਪੰਡਾਲ ਵਿੱਚ ਮੱਛੀ ਬਾਜ਼ਾਰ ਜਿਹਾ ਰੌਲਾ ਪੈਣ ਲੱਗ ਪਿਆ ਸੀ।

ਸਰੂਪ ਨੂੰ ਪਿਛਲੇ ਸਾਲ ਸਟੇਟ ਦਾ ਬੈਸਟ ਲੂਜ਼ਰ ਐਵਾਰਡ ਮਿਲਿਆ ਸੀ। ਮੁੱਕੇਬਾਜ਼ ਆਪਣੇ ਸਾਥੀ ਨੂੰ ਦੱਸ ਰਿਹਾ ਸੀ।

ਉਹ ਕੀ ਹੁੰਦੈ?

ਜਿਸ ਦੇ ਮੁਕਾਬਲੇ ਦਾ ਆਦਮੀ ਬਹੁਤ ਹੀ ਤਕੜਾ ਹੋਵੇ ਤੇ ਮੁਕਾਬਲਾ ਪਹਿਲਾਂ ਹੀ ਇਕਤਰਫ਼ਾ ਦਿਖਾਈ ਦੇ ਰਿਹਾ ਹੋਵੇ, ਪਰ ਉਹ ਫ਼ਿਰ ਵੀ ਹੌਂਸਲੇ ਨਾਲ ਮੁਕਾਬਲਾ ਲੜੇ...ਕੁੱਟ ਖਾਏ...ਤੇ ਸਾਰੇ ਰਾਊਂਡ ਪੂਰੇ ਕਰੇ।

ਸਰੂਪ ਕਿੱਥੇ ਦਾ ਐ?

’ਕੱਠਾ ਕਰਨ ਵਿੱਚ ਇਸੇ ਦਾ ਹੀ ਹੱਥ ਹੈ।

ਤੇ ਰਾਮ ਸਰਨ?

ਏਅਰ ਫ਼ੋਰਸ ਵਿੱਚ ਐ, ਚੰਡੀਗੜ੍ਹ।

ਸਰੂਪ ਤੇ ਰਾਮ ਸਰਨ ਦੋਵੇਂ ਰਿੰਗ ’ਚ ਆ ਕੇ ਇੱਕ ਲਾਈਨ ਵਿੱਚ ਇੱਕ ਦੂਜੇ ਦੇ ਬਰਾਬਰ ਖੜ੍ਹੇ ਹੋ ਗਏ ਸਨ। ਦਰਸ਼ਕ ਬੜੇ ਗੌਰ ਨਾਲ ਮੁੱਕੇਬਾਜ਼ਾਂ ਨੂੰ ਦੇਖ ਰਹੇ ਸਨ। ਸਰੂਪ ਦਾ ਜਿਸਮ ਜਿੱਥੇ ਆੜ੍ਹਤ ਦੀ ਦੁਕਾਨ ’ਤੇ ਬੈਠੇ ਚੰਗੇ ਸੇਠ ਵਰਗਾ ਸੀ, ਉਥੇ ਰਾਮ ਸਰਨ ਦੇ ਜਿਸਮ ਦਾ ਇੱਕ-ਇੱਕ ਪੱਠਾ ਅੱਡ-ਅੱਡ ਦਿਖਾਈ ਦੇ ਰਿਹਾ ਸੀ, ਚੰਗੇ ਨਾਮਵਰ ਬਾਡੀ ਬਿਲਡਰ ਦੇ ਜਿਸਮ ਦੇ ਪੱਠਿਆਂ ਵਾਂਗ।

ਰੈਫ਼ਰੀ ਨੇ ਦੋਵਾਂ ਮੁੱਕੇਬਾਜ਼ਾਂ ਦੇ ਗਲੱਵਜ਼ ਦੀ ਪੜਤਾਲ ਕੀਤੀ। ਫ਼ਲੀਟ ਦੇਖੇ। ਦੋਵਾਂ ਦੇ ਹੱਥ ਮਿਲਾਏ ਤੇ ਦੋਵੇਂ ਮੁੱਕੇਬਾਜ਼ ਪਿੱਛੇ ਹਟ ਗਏ। ਦੋਵੇਂ ਆਪੋ-ਆਪਣੀਆਂ ਆਰਾਮ ਥਾਂਵਾਂ ’ਤੇ ਖਲੋ ਗਏ, ਹਰੀ ਬੈਲਟ ਵਾਲਾ ਸਰੂਪ ਗਰੀਨ ਕੌਰਨਰ ਵਿੱਚ। ਲਾਲ ਬੈਲਟ ਵਾਲਾ ਰਾਮ ਸਰਨ ਰੈਡ ਕਾਰਨਰ ਵਿੱਚ, ਇੱਕ ਦੂਜੇ ਵੱਲ ਪਿੱਠਾਂ ਕਰ ਕੇ ਰੱਸਿਆਂ ਨੂੰ ਹੱਥ ਪਾ ਕੇ ਵਾਰਮ-ਅੱਪ ਹੋਣ ਲੱਗ ਗਏ ਸਨ।

ਘੰਟੀ ਵੱਜੀ।

ਰੈਫ਼ਰੀ ਨੇ ਮੁੱਕੇਬਾਜ਼ੀ ਸ਼ੁਰੂ ਕਰਨ ਦਾ ਇਸ਼ਾਰਾ ਕੀਤਾ।

ਦੋਵੇਂ ਮੁੱਕੇਬਾਜ਼ ਬਾਜ਼ਾਂ ਵਾਂਗ ਇੱਕ ਦੂਜੇ ’ਤੇ ਝਪਟੇ। ਪਟਾਕ ਪਟਾਕ ਦੋਵੇਂ ਪਾਸਿਆਂ ਤੋਂ ਮੁੱਕੇ ਪੂਰੇ ਜ਼ੋਰ ਦੀ ਚੱਲਣ ਲੱਗੇ। ਸਥਾਨਕ ਦਰਸ਼ਕ ਸਰੂਪ ਦੀ ਹੌਂਸਲਾ ਅਫ਼ਜ਼ਾਈ ਲਈ ਸ਼ੋਰ ਮਚਾ ਰਹੇ ਸੀ।

ਦੇਖੀਂ ਕਿਤੇ ਇਸ ਸ਼ਹਿਰ ਨੂੰ ਲਾਜ ਨਾ ਲਾ ਦਈਂ...। ਕੋਈ ਦਰਸ਼ਕ ਕਹਿ ਰਿਹਾ ਸੀ। ਸਰੂਪ ਦਾ ਕੋਚ ਵੀ ਉਸ ਨੂੰ ਬਾਹਰ ਬੈਠਾ ਹਦਾਇਤਾਂ ਦੇ ਰਿਹਾ ਸੀ। ਸਰੂਪ ਦੀਆਂ ਬਾਹਾਂ ਦੀ ਹਰਕਤ ਦੇ ਨਾਲ-ਨਾਲ ਉਹਦੀਆਂ ਬਾਹਾਂ ਤੇ ਜ਼ੁਬਾਨ ਵੀ ਚੱਲ ਰਹੀ ਸੀ। ਲੈਫ਼ਟ...ਲੈਫ਼ਟ...ਲੈ...ਫ਼..ਟ ਤੇ ਹੁਣ ਰਾਈਟ...ਉਹ...ਸਟ੍ਰੇਟ ਕੱਢ...ਸਟ੍ਰੇਟ...ਹਾਂ...ਹਾਂ...ਸ਼ਾਬਾਸ਼ ਲੈਫ਼..ਟ...ਲੈ...ਫ਼..ਟ...ਹੁੱਕ। ਪਰ ਸਰੂਪ ਦੇ ਕੋਚ ਦੀ ਕੋਚਿੰਗ ਦਾ ਬਹੁਤ ਲਾਭ ਰਾਮ ਸਰਨ ਹੀ ਉਠਾ ਜਾਂਦਾ ਸੀ। ਸਰੂਪ ਦੇ ਚਲਾਏ ਹੋਏ ਮੁੱਕੇ ਬਹੁਤੇ ਹਵਾ ਵਿੱਚ ਹੀ ਰਹਿ ਜਾਂਦੇ, ਕਿਉਂਕਿ ਰਾਮ ਸਰਨ ਹਮਲਾ ਕਰ ਕੇ ਸਰੂਪ ਦੀ ਵਾਰੀ ਝੱਟ ਪਿੱਛੇ ਹਟ ਜਾਂਦਾ ਜਿਸ ਕਰ ਕੇ ਉਸ ਦਾ ਵਾਰ ਖਾਲੀ ਚਲਿਆ ਜਾਂਦਾ।

ਸਰੂਪ ਦਾ ਫ਼ੁੱਟ ਵਰਕ ਦੇਖ ਕਿੰਨਾ ਤਕੜੈ। ਪਰ੍ਹੇ ਬੈਠਾ ਇੱਕ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਨੂੰ ਕਹਿ ਰਿਹਾ ਸੀ।

ਫ਼ੌਜੀ ਐ...ਇਨ੍ਹਾਂ ਜਿੰਨੀ ਪ੍ਰੈਕਟਿਸ ਕੌਣ ਕਰ ਸਕਦੈ?

ਇਧਰ ਰਾਮ ਸਰਨ ਦੇ ਪੱਖ ਵਿੱਚ ਨਾ ਤਾਂ ਕੋਈ ਸ਼ੋਰ ਪੈ ਰਿਹਾ ਸੀ ਤੇ ਨਾ ਹੀ ਉਸ ਦਾ ਕੋਚ ਉਸ ਨੂੰ ਕੋਈ ਹਦਾਇਤ ਦੇ ਰਿਹਾ ਸੀ। ਬੱਸ ਚੁੱਪ-ਚੁਪੀਤੇ ਬੜੇ ਇਤਮਿਨਾਨ ਨਾਲ ਮੁਕਾਬਲਾ ਦੇਖੀ ਜਾ ਰਿਹਾ ਸੀ। ਜਾਂ ਫ਼ੇਰ ਕੁਝ ਨੋਟ ਕਰੀ ਜਾ ਰਿਹਾ ਸੀ। ਜਾਂ ਕਦੇ-ਕਦੇ ਉਸ ਦੀ ਟੀਮ ਦੇ ਉਸ ਦੇ ਸਾਥੀਆਂ ’ਚੋਂ ਕੋਈ ਉਸ ਦੇ ਕੀਤੇ ਗਏ ਵਧੀਆ ਹਮਲੇ ’ਤੇ ਬੋਲ ਉਠਦਾ ਸੀ, ਵੈਰੀ ਗੁੱਡ।

ਦੂਜੇ ਰਾਊਂਡ ਵਿੱਚ ਲੋਕਾਂ ਦਾ ਸ਼ੋਰ ਪੈਣਾ ਘੱਟ ਹੋ ਗਿਆ ਸੀ। ਸਰੂਪ ਦੇ ਕੋਚ ਦੀਆਂ ਬਾਹਾਂ ਤੇ ਜ਼ੁਬਾਨ ਚੱਲਣੀ ਬੰਦ ਹੋ ਗਈ ਸੀ। ਸਰੂਪ ਹੁਣ ਹਮਲੇ ਕਰਨ ਦੀ ਥਾਂ ਬਚਾਓ ਕਰਨ ਲੱਗ ਪਿਆ ਸੀ, ਪਰ ਰਾਮ ਸਰਨ ਦੇ ਹਮਲੇ ਉਸੇ ਤਰ੍ਹਾਂ ਹੀ ਜਾਰੀ ਸਨ।

ਤੀਜੇ ਰਾਊਂਡ ਵਿੱਚ ਸਰੂਪ ਦਾ ਸਾਹ ਫ਼ੁੱਲ ਜਾਣ ਕਰ ਕੇ ਉਸ ਦਾ ਮੂੰਹ ਖੁੱਲ੍ਹ ਗਿਆ ਸੀ। ਪੈਰਾਂ ਦੀ ਫ਼ੁਰਤੀ ਮੁੱਕ ਚੁੱਕੀ ਸੀ। ਹੁਣ ਉਹ ਪੈਰ ਇਸ ਤਰ੍ਹਾਂ ਮੁਸ਼ਕਿਲ ਨਾਲ ਉਠਾ ਰਿਹਾ ਸੀ, ਜਿਵੇਂ ਧਰਤੀ ਵਿਚ ਗੱਡੇ ਗਏ ਹੋਣ ਤੇ ਬਾਹਾਂ ਦੇ ਗਾਰਡ ਬਣਾ ਕੇ ਸਿਰ ਆਪਣੇ ਢਿੱਡ ਵਿੱਚ ਲੁਕਾਉਣ ਲੱਗ ਪਿਆ ਸੀ। ਕਦੇ ਗੋਡਿਆਂ ਵਿੱਚ ਸਿਰ ਦੇ ਕੇ ਬੈਠ ਕੇ ਸਾਹ ਲੈਂਦਾ। ਰੈਫ਼ਰੀ ਦੀ ਵਾਰਨਿੰਗ ’ਤੇ ਫ਼ੇਰ ਖੜ੍ਹਾ ਹੁੰਦਾ। ਮੁਕਾਬਲਾ ਲੜਨ ਦੀ ਫ਼ਿਰ ਅਸਫ਼ਲ ਕੋਸ਼ਿਸ਼ ਕਰਦਾ, ਪਰ ਰਾਮ ਸਰਨ ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਹੁਣੇ ਹੀ ਰਿੰਗ ਵਿੱਚ ਦਾਖਲ ਹੋਇਆ ਹੋਵੇ। ਸਰੂਪ ਉਸ ਦੇ ਮੁੱਕਿਆਂ ਦਾ ਮੁਕਾਬਲਾ ਨਾ ਕਰ ਸਕਦਾ, ਫ਼ਿਰ ਸਾਹ ਚੜ੍ਹ ਜਾਣ ’ਤੇ ਬਾਹਾਂ ਦੇ ਗਾਰਡ ਬਣਾ ਕੇ ਸਿਰ ਢਿੱਡ ਵਿੱਚ ਦੇ ਲੈਂਦਾ। ਇਸ ’ਤੇ ਰਾਮ ਸਰਨ ਉਸ ਦੀਆਂ ਵੱਖੀਆਂ ਕੁੱਟਣ ਲੱਗ ਪੈਂਦਾ। ਵੱਖੀਆਂ ਕੁੱਟੀਆਂ ਜਾ ਰਹੀਆਂ ਦੇਖ ਕੇ ਸਰੂਪ ਖੜ੍ਹਾ ਹੁੰਦਾ। ਉਸ ਦੇ ਗਾਰਡ ਵੀ ਹੁਣ ਢਿੱਲੇ ਪੈ ਗਏ ਸਨ। ਸਰੂਪ ਦੇ ਸਿੱਧਾ ਖੜ੍ਹਾ ਹੁੰਦੇ ਹੀ ਰਾਮ ਸਰਨ ਪੂਰੇ ਜ਼ੋਰ ਨਾਲ ਸਟ੍ਰੇਟ ਸਰੂਪ ਦੇ ਨੱਕ ’ਤੇ ਜੜ ਦਿੰਦਾ। ਸਟ੍ਰੇਟ ਵੱਜਦੇ ਹੀ ਸਰੂਪ ਸੁੱਕੇ ਛੱਪੜ ਵਿੱਚ ਪਈ ਮੱਛੀ ਵਾਂਗ ਤੜਫ਼ ਉਠਦਾ ਤੇ ਲੜਖੜਾ ਕੇ ਡਿੱਗ ਪੈਂਦਾ। ਰੈਫ਼ਰੀ ਦੇ ਕਦੇ ਸੱਤ, ਅੱਠ, ਕਦੇ ਨੌਂ ਗਿਣਦੇ ਹੀ ਉਠ ਕੇ ਫ਼ਿਰ ਮੁਕਾਬਲਾ ਲੜਨਾ ਸ਼ੁਰੂ ਕਰ ਦਿੰਦਾ।

ਰਾਮ ਸਰਨ ਦਾ ਚਿਹਰਾ ਦੇਖ ਹੁਣ। ਮੇਰਾ ਗੁਆਂਢੀ ਮੁੱਕੇਬਾਜ਼ ਆਪਣੇ ਸਾਥੀ ਨੂੰ ਕਹਿ ਰਿਹਾ ਸੀ।

ਐਂ ਲੱਗਦੈ ਜਿਵੇਂ ਸਰੂਪ ਨੂੰ ਕੱਚਾ ਈ ਚੱਬ ਜਾਊ। ਮੁੱਕੇਬਾਜ਼ ਦੇ ਸਾਥੀ ਨੇ ਹੁੰਗਾਰਾ ਭਰਿਆ ਸੀ।

ਜੇ ਇਹੀ ਹਾਲ ਰਿਹਾ ਤਾਂ ਸਰੂਪ ਸ਼ਾਇਦ ਨਾਕ ਆਊਟ ਹੀ ਹੋ ਜੇ। ਕੋਈ ਹੋਰ ਮੁੱਕੇਬਾਜ਼ ਬੁੜਬੁੜਾਇਆ, ਹੋ ਸਕਦੈ ਹੱਥ ਖੜ੍ਹਾ ਹੀ ਕਰ ਦੇਵੇ...।

ਨਹੀਂ ਐਂ ਤਾਂ ਇਹ ਪੱਕਾ ਰੰਘੜ ਐ...ਮਰ ਕੇ ਹੀ ਰਿੰਗ ’ਚੋਂ ਨਿਕਲੂ।

ਇਹ ਵੀ ਕੋਈ ਖੇਡ ਹੈ? ਮੁੰਡੇ ਦਾ ਸੱਤਿਆਨਾਸ ਕਰ ਦਿੱਤਾ। ਪਰ੍ਹੇ ਖੜ੍ਹਾ ਇੱਕ ਬੁੱਢਾ ਸਰੂਪ ਦਾ ਲਹੂ ਲਿਬੜਿਆ ਚਿਹਰਾ ਤੇ ਬੁਨੈਣ ਦੇਖ ਕੇ ਕਹਿ ਰਿਹਾ ਸੀ।

ਹੁਣ ਦੇਖ ਸਰੂਪ ਦਾ ਮੂੰਹ ਮੇਰਾ ਨਾਮ ਜੋਕਰ ਦੇ ਰਾਜ ਕਪੂਰ ਵਰਗਾ ਹੋ ਗਿਐ। ਬੁੱਢੇ ਤੋਂ ਥੋੜ੍ਹਾ ਹੋਰ ਅੱਗੇ ਖੜ੍ਹੇ ਇੱਕ ਮਨਚਲੇ ਮੁੰਡੇ ਨੇ ਕਿਹਾ ਸੀ ਤੇ ਉਸ ਦੇ ਕੋਲ ਖੜ੍ਹੇ ਕਈ ਹੋਰ ਦਰਸ਼ਕ ਇਹ ਗੱਲ ਸੁਣ ਕੇ ਹੱਸ ਪਏ ਸਨ।

ਘੰਟੀ ਵੱਜੀ। ਤੀਜਾ ਰਾਊਂਡ ਵੀ ਖ਼ਤਮ ਹੋ ਗਿਆ। ਸਰੂਪ ਬੜੀ ਮੁਸ਼ਕਿਲ ਨਾਲ ਤੁਰ ਰਿਹਾ ਸੀ। ਉਸ ਦੀ ਸੈਕਿੰਡ ਕਰਨ ਵਾਲਾ ਮੁੰਡਾ ਫ਼ਟਾਫ਼ਟ ਮੰਚ ’ਤੇ ਆ ਕੇ ਉਸ ਨੂੰ ਸਹਾਰਾ ਦੇ ਕੇ ਗਰੀਨ ਕੌਰਨਰ ਵਿੱਚ ਡਹੇ ਸਟੂਲ ਤਕ ਲੈ ਗਿਆ ਸੀ। ਉਹ ਸਪੰਜ ਨਾਲ ਉਸ ਦਾ ਮੂੰਹ ਗਿੱਲਾ ਕਰ ਰਿਹਾ ਸੀ ਤੇ ਤੌਲੀਏ ਨਾਲ ਉਸ ਦਾ ਖ਼ੂਨ ਸਾਫ਼ ਕਰ ਰਿਹਾ ਸੀ। ਦੂਜੇ ਪਾਸੇ ਰਾਮ ਸਰਨ ਆਰਾਮ ਨਾਲ ਰੱਸਿਆਂ ’ਤੇ ਬਾਹਾਂ ਧਰੀ ਖੜ੍ਹਾ ਸੀ। ਉਸ ਦਾ ਕੋਚ ਉਸ ਦੀ ਕੰਡ ਥਾਪੜ ਕੇ ਉਸ ਨੂੰ ਸੰਤਰਾ ਛਿੱਲ-ਛਿੱਲ ਕੇ ਦੇ ਰਿਹਾ ਸੀ।

ਸਰੂਪ ਦਾ ਤੀਜਾ ਰਾਊਂਡ ਕੱਟਣ ਦੀ ਆਸ ’ਤੇ ਨਹੀਂ ਸੀ...। ਪਰ੍ਹੇ ਦੂਰ ਬੈਠਾ ਇੱਕ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਨੂੰ ਕਹਿ ਰਿਹਾ ਸੀ।

ਮੰਚ ’ਤੇ ਰੈਫ਼ਰੀ ਜੱਜਾਂ ਤੋਂ ਪਰਚੀਆਂ ਇਕੱਠੀਆਂ ਕਰ ਰਿਹਾ ਸੀ। ਦਰਸ਼ਕ ਉਤਸੁਕਤਾ ਨਾਲ ਰੈਫ਼ਰੀ ਦੀ ਹਰ ਹਰਕਤ ਨੂੰ ਦੇਖ ਰਹੇ ਸਨ। ਪਰਚੀਆਂ ਇਕੱਠੀਆਂ ਕਰ ਕੇ, ਉਸ ਨੇ ਪਰਚੀਆਂ ਪੜ੍ਹੀਆਂ ਤੇ ਦੋਵਾਂ ਮੁੱਕੇਬਾਜ਼ਾਂ ਨੂੰ ਆਪਣੇ ਕੋਲ ਸੱਦਿਆ। ਦੋਵਾਂ ਦੇ ਵਿਚਕਾਰ ਖੜ੍ਹ ਕੇ ਦੋਵਾਂ ਦੇ ਗੁੱਟ ਫ਼ੜ ਲਏ। ਇੱਕ ਦਾ ਸੱਜੇ ਹੱਥ ਨਾਲ ਦੂਜੇ ਦਾ ਖੱਬੇ ਹੱਥ ਨਾਲ। ਦਰਸ਼ਕਾਂ ਦੀ ਨਜ਼ਰ ਰੈਫ਼ਰੀ ਦੇ ਖੱਬੇ ਹੱਥ ਖੜ੍ਹੇ ਰਾਮ ਸਰਨ ਦੀ ਬਾਂਹ ’ਤੇ ਟਿਕੀ ਹੋਈ ਸੀ ਪਰ ਰੈਫ਼ਰੀ ਨੇ ਬਾਂਹ ਸਰੂਪ ਦੀ ਖੜ੍ਹੀ ਕਰ ਦਿੱਤੀ। ਫ਼ੋਟੋਗਰਾਫ਼ਰ ਨੇ ਫ਼ੋਟੋ ਖਿੱਚ ਲਈ। ਲੋਕ ਹੈਰਾਨ ਸਨ। ਚੀਕਾਂ, ਵਿਸਲਾਂ, ਕੁਰਸੀਆਂ ਦੇ ਹਿੱਲਣ-ਜੁਲਣ ਦਾ ਖੜਾਕ। ਪੰਡਾਲ ਵਿੱਚ ਬੇਚੈਨੀ ਫ਼ੈਲ ਚੁੱਕੀ ਸੀ।

ਰਾਮ ਸਰਨ ਨਾਲ ਪੁੱਜ ਕੇ ਬੇਇਨਸਾਫ਼ੀ ਹੋਈ ਹੈ। ਲੋਕ ਕਹਿ ਰਹੇ ਸਨ। ਉਹ ਵੀ ਮੰਚ ’ਤੇ ਭੜਕਿਆ ਖੜ੍ਹਾ ਸੀ। ਉਸ ਦਾ ਕੋਚ ਮੁੜ-ਮੁੜ ਆਪਣੇ ਨੋਟ ਕੀਤੇ ਪੁਆਇੰਟ ਜੱਜਾਂ ਤੇ ਕਮੇਟੀ ਨੂੰ ਦਿਖਾ ਰਿਹਾ ਸੀ, ਪਰ ਉਸ ਦੀ ਕੋਈ ਨਹੀਂ ਸੀ ਸੁਣ ਰਿਹਾ। ਉਧਰ, ਰਾਮ ਸਰਨ ਦੀ ਟੀਮ ਦੇ ਸਾਥੀ ਵੀ ਮਰਨ-ਮਾਰਨ ਨੂੰ ਤਿਆਰ ਹੋਏ ਖੜ੍ਹੇ ਸੀ। ਕੋਚ ਉਨ੍ਹਾਂ ਨੂੰ ਵੀ ਰੋਕ ਰਿਹਾ ਸੀ। ਫ਼ੌਜੀ ਕੋਚ ਅਨੁਸ਼ਾਸਨ ਦਾ ਜੋ ਪੱਕਾ ਸੀ।

ਲੋਕ ਆਪੋ-ਆਪਣੀਆਂ ਥਾਂਵਾਂ ’ਤੇ ਖੜ੍ਹੇ ਹੋ ਗਏ ਸੀ। ਪੁਲਿਸ ਦੇ ਕਰਮਚਾਰੀਆਂ ਨੇ ਕਿਤੇ ਆ ਕੇ ਉਨ੍ਹਾਂ ਨੂੰ ਬਿਠਾਇਆ।

ਕੁਝ ਟਿਕ-ਟਿਕਾ ਹੋਣ ’ਤੇ ਰਹਿੰਦੇ ਮੁਕਾਬਲੇ ਹੋਏ। ਨਾ ਕਿਸੇ ਨੇ ਸੁਆਦ ਨਾਲ ਦੇਖੇ, ਨਾ ਹੀ ਕਿਸੇ ਨੂੰ ਦੇਖਣ ਦਾ ਚਾਅ ਰਿਹਾ ਸੀ। ਸਾਰੇ ਰਾਮ ਸਰਨ ਬਾਰੇ ਸੋਚ ਰਹੇ ਸਨ। ਘੁਸਰ-ਮੁਸਰ ਜਾਰੀ ਸੀ। ਪੁਲਿਸ ਦੇ ਸਿਪਾਹੀ ਸੰਮਾਂ ਵਾਲੀਆਂ ਡਾਂਗਾਂ ਲਈ ਖੜ੍ਹੇ ਸਨ।

ਇਨਾਮ ਵੰਡਣ ਦੀ ਰਸਮ ਸ਼ੁਰੂ ਹੋਈ। ਅਨਾਊਂਸਰ ਨਾਂ ਬੋਲਦਾ। ਮੁੱਕੇਬਾਜ਼ ਆਉਂਦੇ, ਆਪਣੇ ਇਨਾਮ ਲੈ ਕੇ ਚਲੇ ਜਾਂਦੇ। ਰਾਮ ਸਰਨ ਨੂੰ ਦੂਜੇ ਦਰਜੇ ਦਾ ਇਨਾਮ ਲੈਣ ਲਈ ਬੁਲਾਇਆ ਗਿਆ। ਉਹ ਮੰਚ ’ਤੇ ਜੇਤੂ ਦੀ ਤਰ੍ਹਾਂ ਗਿਆ ਪਰ ਸਪੀਕਰ ਅੱਗੇ ਜਾ ਕੇ ਰੁਕ ਗਿਆ ਤੇ ਕਹਿਣ ਲੱਗਿਆ, ਮੇਰੇ ਨਾਲ ਬੇਇਨਸਾਫ਼ੀ ਹੋਈ ਹੈ। ਮੈਂ ਸਰੂਪ ਨਾਲ ਫ਼ਿਰ ਮੁਕਾਬਲਾ ਲੜਨ ਦਾ ਚੈਲਿੰਜ ਕਰਦਾ ਹਾਂ। ਜੇ ਉਹ ਵਾਕਿਆ ਈ ਜੇਤੂ ਹੈ ਤਾਂ ਮੇਰੇ ਨਾਲ ਮੁਕਾਬਲਾ ਫ਼ਿਰ ਲੜੇ...ਫ਼ੈਸਲਾ ਤਿੰਨ ਰਾਊਂਡ ਦੀ ਥਾਂ ’ਤੇ ਪੰਜ ਰਾਊਂਡ ’ਤੇ ਹੋਵੇਗਾ। ਤੇ ਹਰ ਰਾਊਂਡ ਤਿੰਨ ਮਿੰਟ ਦੀ ਥਾਂ ’ਤੇ ਪੰਜ ਮਿੰਟ ਦਾ...ਹੈ ਮਨਜ਼ੂਰ? ਕਿੱਥੇ ਹੈ ਸਰੂਪ...।

ਅਸ਼ਕੇ ਓਏ ਜੁਆਨਾ ਤੇਰੇ ਹੌਂਸਲੇ ਦੇ...ਸ਼ਹਿਰ ਦੀਆਂ ਬੀਹੀਆਂ ਨੀਵੀਆਂ ਕਰ ਦਿੱਤੀਆਂ ਇਨ੍ਹੇ ਕੋਟ ’ਤੇ ਬਿਲਾ ਜਾ ਲਾ ਕੇ। ਬੁੱਢਾ ਕਹਿ ਰਿਹਾ ਸੀ। ਨਿਕਲ ਹੁਣ ਪਤੰਦਰ ਮੂਹਰੇ...। ਹੁਣ ਬੁੱਢੇ ਦੀ ਗੱਲ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਸੀ।

ਪੰਡਾਲ ਵਿੱਚ ਫ਼ਿਰ ਸ਼ੋਰ ਮਚ ਗਿਆ ਸੀ। ਪ੍ਰਬੰਧਕ ਮੰਚ ’ਤੇ ਜਾ ਕੇ ਰਾਮ ਸਰਨ ਨੂੰ ਸਮਝਾਉਣ ਲੱਗ ਪਏ ਸਨ ਪਰ ਉਹ ਉਸੇ ਤਰ੍ਹਾਂ ਡਟਿਆ ਖੜ੍ਹਾ ਸੀ। ਪ੍ਰਬੰਧਕ ਰਾਮ ਸਰਨ ਦੇ ਹੱਥ ਧੱਕੇ ਨਾਲ ਇਨਾਮ ਫ਼ੜਾ ਰਹੇ ਸਨ ਪਰ ਉਸ ਨੇ ਇਹ ਕਹਿ ਕੇ ਇਨਾਮ ਠੁਕਰਾ ਦਿੱਤਾ ਕਿ ਜੇ ਇਸ ਸ਼ਹਿਰ ਦੇ ਕਿਸੇ ਹੋਰ ਬੌਕਸਰ ਨੂੰ ਕੋਈ ਪ੍ਰਾਈਜ਼ ਨਹੀਂ ਮਿਲਿਆ ਤਾਂ ਇਹ ਪ੍ਰਾਈਜ਼ ਵੀ ਉਸ ਨੂੰ ਦੇ ਦਿੱਤਾ ਜਾਵੇ। ਫ਼ਿਰ ਉਸ ਨੂੰ ਪਰ੍ਹੇ ਖੜ੍ਹਾ ਸਰੂਪ ਦਿਖਾਈ ਦੇ ਗਿਆ ਸੀ। ਉਹ ਉਵੇਂ ਹੀ ਗੁੱਸੇ ਦਾ ਭਰਿਆ ਪੀਤਾ ਉਸ ’ਤੇ ਵਰ੍ਹ ਪਿਆ ਸੀ। ਸਰੂਪ, ਤੂੰ ਮੇਰੀ ਘਰ ਬੁਲਾ ਕੇ ਚੰਗੀ ਬੇਇੱਜ਼ਤੀ ਕਰਵਾਈ ਹੈ। ਇੱਥੇ ਤੇਰੇ ਜੱਜ ਸਨ, ਮੈਨੂੰ ਹਰਾ ਦਿੱਤਾ, ਪਰ ਮਿੱਤਰਾ ਨੈਸ਼ਨਲ ਵਿੱਚ ਸਰਵਸਿਜ਼ ਰਾਹੀਂ ਆ ਕੇ ਤੈਨੂੰ ਫ਼ਿਰ ਦੇਖੂੰਗਾ ਇੱਕ ਵਾਰ...ਤਿਆਰੀ ਕਰ ਲਈਂ।

## ਮਿੰਨੀ ਕਹਾਣੀ — ਜ਼ਿੰਦਗੀ ਦਾ ਤਜਰਬਾ

ਕੁਲਬੀਰ ਸਿੰਘ ਸੂਰੀ

ਗਰਮੀ ਕੁਝ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਅਜੇ ਮਈ ਦਾ ਅੱਧ ਹੀ ਹੋਇਆ ਸੀ ਕਿ ਦੁਪਹਿਰ ਵੇਲੇ ਕਾਂ-ਅੱਖ ਨਿਕਲਦੀ। ਅੱਡੇ ’ਤੇ ਬਸ ਰੁਕੀ ਤਾਂ ਉੱਤਰ ਰਹੀਆਂ ਸਵਾਰੀਆਂ ਵਿੱਚ ਇੱਕ ਬਜ਼ੁਰਗ ਮਾਤਾ ਜੀ ਸਨ। ਉਨ੍ਹਾਂ ਨੇ ਆਪਣੀ ਵੱਡੀ ਸਾਰੀ ਗੱਠੜੀ ਸਿਰ ’ਤੇ ਚੁੱਕੀ ਤੇ ਆਪਣੇ ਪਿੰਡ ਵੱਲ ਜਾਣ ਲਈ ਕੋਈ ਟਾਂਗਾ ਜਾਂ ਰਿਕਸ਼ਾ ਵੇਖਣ ਲੱਗੇ। ਸਖ਼ਤ ਗਰਮੀਆਂ ਦੀ ਦੁਪਹਿਰ ਹੋਣ ਕਰਕੇ ਉੱਥੇ ਕੋਈ ਸਵਾਰੀ ਵੀ ਨਹੀਂ ਸੀ, ਜਿਸ ਕਰਕੇ ਉਹ ਪੈਦਲ ਹੀ ਆਪਣੇ ਪਿੰਡ ਵੱਲ ਤੁਰ ਪਏ। ਉਨ੍ਹਾਂ ਦਾ ਪਿੰਡ ਅੱਡੇ ਤੋਂ ਤਕਰੀਬਨ ਚਾਰ ਕੁ ਕਿਲੋਮੀਟਰ ਦੂਰ ਸੀ।

ਇੱਕ ਗਰਮੀ ਅਤੇ ਦੂਜਾ ਗੱਠੜੀ ਦਾ ਭਾਰ। ਮਾਤਾ ਜੀ ਅਜੇ ਇੱਕ ਕਿਲੋਮੀਟਰ ਹੀ ਤੁਰੇ ਹੋਣੇ ਹਨ ਕਿ ਉਹ ਥੱਕ ਗਏ ਅਤੇ ਇੱਕ ਦਰੱਖਤ ਦੀ ਥੋੜ੍ਹੀ ਜਿਹੀ ਛਾਂ ਥੱਲੇ ਬੈਠ ਗਏ। ਉਨ੍ਹਾਂ ਨੂੰ ਬੈਠਿਆਂ ਅਜੇ ਥੋੜ੍ਹੀ ਦੇਰ ਹੀ ਹੋਈ ਸੀ ਕਿ ਉੱਥੋਂ ਇੱਕ ਅੱਧਖੜ ਉਮਰ ਦਾ ਆਦਮੀ ਘੋੜੇ ’ਤੇ ਲੰਘ ਰਿਹਾ ਸੀ। ਮਾਤਾ ਜੀ ਨੇ ਉਸ ਨੂੰ ਪੁੱਛਿਆ, “ਭਰਾਵਾ, ਕਿਹੜੇ ਪਿੰਡ ਜਾ ਰਿਹਾ ਹੈਂ?”

“ਬੀਬੀ ਮੈਂ ਚੂਚਕਵਾਲ ਜਾ ਰਿਹਾ ਹਾਂ,” ਘੋੜਸਵਾਰ ਨੇ ਤੁਰਦੇ-ਤੁਰਦੇ ਹੀ ਜਵਾਬ ਦਿੱਤਾ। “ਜਿਉਂਦਾ ਰਹੇਂ ਵੀਰਾ, ਮੇਰਾ ਇੱਕ ਛੋਟਾ ਜਿਹਾ ਕੰਮ ਕਰ। ਐਹ ਮੇਰੀ ਗੱਠੜੀ ਲੈਂਦਾ ਜਾ ਅਤੇ ਤੇਰੇ ਰਸਤੇ ਵਿੱਚ ਹੀ ਭੀਲੋਵਾਲ ਕੱਚਾ ਪਿੰਡ ਆਉਣਾ ਹੈ, ਉੱਥੇ ਅੱਡੇ ਉਤੇ ਹੀ ਇੱਕ ਚਾਹ ਵਾਲੇ ਦੀ ਦੁਕਾਨ ਹੈ, ਤੂੰ ਗੱਠੜੀ ਉੱਥੇ ਰੱਖ ਦੇਈਂ ਅਤੇ ਉਸ ਨੂੰ ਕਹਿ ਦੇਈਂ ਕਿ ਤੇਰੀ ਭੂਆ ਵੀਰੋ ਦੀ ਗੱਠੜੀ ਹੈ ਅਤੇ ਉਹ ਮਗਰ ਤੁਰੀ ਆ ਰਹੀ ਹੈ,” ਮਾਤਾ ਜੀ ਨੇ ਉਸ ਨੂੰ ਅਸੀਸਾਂ ਦਿੰਦਿਆਂ ਕਿਹਾ।

ਘੋੜਸਵਾਰ ਨੇ ਹੋਰ ਆਕੜ ਕੇ ਬੈਠਦਿਆਂ ਕਿਹਾ, “ਨਾ ਬੀਬੀ ਨਾ, ਅਸੀਂ ਇਹੋ ਜਿਹਾ ਕੰਮ ਨਹੀਂ ਕਰਦੇ।” ਘੋੜਸਵਾਰ ਅੱਗੇ ਨਿਕਲ ਗਿਆ। ਮਾਤਾ ਜੀ ਥੋੜ੍ਹਾ ਸਾਹ ਲੈ ਕੇ ਉੱਠੇ ਅਤੇ ਗੱਠੜੀ ਸਿਰ ’ਤੇ ਚੁੱਕ ਕੇ ਫੇਰ ਹੌਲੀ-ਹੌਲੀ ਤੁਰ ਪਏ। ਘੋੜਸਵਾਰ ਜਦੋਂ ਥੋੜ੍ਹਾ ਅੱਗੇ ਗਿਆ ਤਾਂ ਉਸ ਨੂੰ ਖਿਆਲ ਆਇਆ ਕਿ ‘ਮਾਤਾ ਦੀ ਗੱਠੜੀ ਜੇ ਮੈਂ ਲੈ ਆਉਂਦਾ ਤਾਂ ਮੌਜਾਂ ਹੋ ਜਾਣੀਆਂ ਸਨ। ਹੋ ਸਕਦਾ ਹੈ ਗੱਠੜੀ ਵਿੱਚ ਕੋਈ ਕੀਮਤੀ ਸਾਮਾਨ ਹੋਵੇ। ਮੈਂ ਉਸ ਚਾਹ ਵਾਲੇ ਨੂੰ ਗੱਠੜੀ ਦੇਣ ਦੀ ਬਜਾਏ ਸਿੱਧਾ ਆਪਣੇ ਨਾਲ ਲੈ ਜਾਂਦਾ। ਉਸ ਬੁੱਢੀ ਜ਼ਨਾਨੀ ਨੇ ਮੈਨੂੰ ਕਿੱਥੋਂ ਲੱਭਣਾ ਸੀ ਕਿਉਂਕਿ ਮੈਂ ਉਸ ਨੂੰ ਪਿੰਡ ਦਾ ਨਾਂ ਵੀ ਗਲਤ ਦੱਸਿਆ ਹੈ, ਮੈਂ ਤਾਂ ਚੂਚਕਵਾਲ ਤੋਂ ਕਾਫ਼ੀ ਅੱਗੇ ਜਾਣਾ ਹੈ।”

ਇਹ ਸੋਚ ਕੇ ਉਸ ਘੋੜਾ ਵਾਪਸ ਮੋੜ ਲਿਆ। ਉਸ ਨੇ ਵੇਖਿਆ ਕਿ ਬਜ਼ੁਰਗ ਮਾਤਾ ਸਿਰ ’ਤੇ ਗੱਠੜੀ ਚੁੱਕੀ ਤੁਰੀ ਆ ਰਹੀ ਹੈ। ਉਹ ਮਾਤਾ ਜੀ ਕੋਲ ਪਹੁੰਚ ਕੇ ਘੋੜੇ ਤੋਂ ਉਤਰਿਆ ਅਤੇ ਬੜੀ ਨਿਮਰਤਾ ਨਾਲ ਕਹਿਣ ਲੱਗਾ, “ਲਿਆ ਮਾਤਾ ਇਹ ਗੱਠੜੀ ਮੈਨੂੰ ਦੇ ਦੇ ਮੈਂ ਰਸਤੇ ਵਿੱਚ ਚਾਹ ਵਾਲੇ ਨੂੰ ਦਿੰਦਾ ਜਾਵਾਂਗਾ। ਮੈਨੂੰ ਇਸ ਨਾਲ ਕੀ ਫ਼ਰਕ ਪੈਣਾ ਹੈ, ਤੂੰ ਐਵੇਂ ਗਰਮੀ ਵਿੱਚ ਥੱਕ ਜਾਏਂਗੀ।” ਬਜ਼ੁਰਗ ਮਾਤਾ ਜੀ ਨੇ ਵੀ ਦੁਨੀਆਂ ਵੇਖੀ ਹੋਈ ਸੀ। ਉਨ੍ਹਾਂ ਨੂੰ ਘੋੜਸਵਾਰ ਦੀ ਨੀਅਤ ਉਪਰ ਸ਼ੱਕ ਹੋਇਆ ਅਤੇ ਕਹਿਣ ਲੱਗੇ, “ਨਹੀਂ ਭਰਾਵਾ, ਉਹ ਵੇਲਾ ਲੰਘ ਗਿਆ ਅਤੇ ਲੰਘਿਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ। ਮੈਂ ਆਪੇ ਔਖੀ-ਸੌਖੀ ਹੋ ਕੇ ਹੌਲੀ-ਹੌਲੀ ਲੈ ਜਾਵਾਂਗੀ। ਨਾਲੇ ਇਸ ਵਿੱਚ ਕੀਮਤੀ ਚੀਜ਼ ਤਾਂ ਕੋਈ ਹੈ ਨਹੀਂ, ਬਸ ਬੱਚਿਆਂ ਦੀਆਂ ਮੈਲੀਆਂ-ਕੁਚੈਲੀਆਂ ਚਾਰ ਲੀਰਾਂ ਹੀ ਹਨ। ਜਾ ਤੂੰ ਆਪਣਾ ਸਮਾਂ ਖੋਟਾ ਨਾ ਕਰ।” ਬਜ਼ੁਰਗ ਮਾਤਾ ਜੀ ਦੀ ਗੱਲ ਸੁਣ ਕੇ ਘੋੜਸਵਾਰ ਬੜਾ ਸ਼ਰਮਿੰਦਾ ਹੋਇਆ। ਉਹ ਫਟਾਫਟ ਪਲਾਕੀ ਮਾਰ ਕੇ ਘੋੜੇ ਉਤੇ ਬੈਠਾ ਅਤੇ ਘੋੜੇ ਨੂੰ ਤੇਜ਼ ਦੁੜਾ ਕੇ ਅੱਖੋਂ ਓਹਲੇ ਹੋ ਗਿਆ।

# ਮੇਰੀ ਕਲਮ

## ਸਰਦਾਰ

**ਸਿਮਰਤ ਗਗਨ**



ਮੈਂ ਕਦੀ ਅਪਣੇ ਪਿਓ ਦੀ ਪੱਗ ਦੇ
ਬੋਝ ਹੇਠਾਂ ਨਹੀਂ ਰਹੀ।
ਅਸਲ 'ਚ,
ਉਸਨੇ
ਰਹਿਣ ਹੀ ਨਹੀਂ ਦਿੱਤਾ।
ਉਸ ਉੱਡਣ ਦਾ ਵਲ਼ ਦਸਿਆ
ਤੇ ਚਿੜੀ ਨੇ ਅਪਣਾ
ਆਸਮਾਨ ਲੱਭ ਲਿਆ
ਉਸ ਕਿਹਾ
ਕੁਝ ਵੀ ਕਰਨ ਲਈ
ਤੈਨੂੰ ਮੁੰਡਾ ਹੋਣ ਦੀ ਲੋੜ ਨਹੀਂ
ਤੂੰ ਜੋ ਹੈ
ਓਹ ਹੀ ਰਹੀਂ

ਤੇਰੇ ਅਪਣੇ
ਕਨੂੰਨ ਤੇ ਅਸੂਲ ਹੋਣਗੇ
ਤੇਰੇ ਸਾਰੇ ਫ਼ੈਸਲੇ
ਮੈਨੂੰ ਕਬੂਲ ਹੋਣਗੇ।
ਪਰ,
ਉਸ ਅੱਖ 'ਚ ਅੱਖ ਪਾ ਕੇ ਕਿਹਾ ਸੀ
ਤੇਰਾ ਹੱਕ ਹੈ ਤੇਰੀ ਅਜ਼ਾਦੀ
ਬਸ ਜ਼ਿੰਮੇਵਾਰੀ ਨਾਲ ਸਾਂਭੀਂ।
ਬੜੀ ਬੇਬਾਕੀ ਨਾਲ
ਉਸ ਮੇਰਾ
ਕਿਰਦਾਰ ਸਜਾਇਆ
ਤੇ ਧੀ ਨੂੰ
ਸਰਦਾਰ ਬਣਾਇਆ ...

## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ

**ਆਗ਼ਾ ਨਿਸਾਰ**

ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ ।

ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਂਸਲਾ ਹੋਵੇ ਨਾ ਜੇ ਇਨਸਾਨ ਵਿੱਚ ।

ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ ।

ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ ।

ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ ।

ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ ।

ਜਦ ਕਸ਼ਿਸ਼ 'ਆਗ਼ਾ' ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ ।

## ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ

**ਸੁਰਜੀਤ ਪਾਤਰ**





ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ,
ਪਰ ਕੋਈ 'ਚਾ ਵੀ ਤਾਂ ਦੇ ਨੱਚਨ ਲਈ!
ਆਏ ਸਭ ਲਿਸ਼ਕਨ ਅਤੇ ਗਰਜਨ ਲਈ,
ਕੋਈ ਇਥੇ ਆਇਆ ਨਾ ਬਰਸਣ ਲਈ!
ਕੀ ਹੈ ਤੇਰਾ ਸ਼ਹਿਰ ਇਥੇ ਫੁਲ ਵੀ,
ਮੰਗਦੇ ਨੇ ਆਗਿਆ ਮਹਿਕਣ ਲਈ!
ਚੰਦ ਨਾ ਸੂਰਜ ਨਾ ਤਾਰੇ ਨਾ ਚਿਰਾਗ,
ਸਿਰਫ ਖੰਜਰ ਰਹਿ ਗਿਆ ਲਿਸ਼ਕਨ ਲਈ!
ਕਿਓਂ ਜਗਾਵਾਂ ਸੁੱਤਿਆਂ ਲਫ਼ਜ਼ਾਂ ਨੂੰ ਮੈਂ,
ਦਿਲ 'ਚ ਜਦ ਕੁਝ ਨਹੀਂ ਆਖਣ ਲਈ!
ਰੁੱਸ ਕੇ ਜਾਂਦੇ ਸੱਜਣਾਂ ਦੀ ਸ਼ਾਨ ਵੱਲ,
ਅੱਖੀਓ, ਦਿਲ ਚਾਹੀਦਾ ਦੇਖਣ ਲਈ!
ਸਾਂਭ ਕੇ ਰੱਖ ਦਰਦ ਦੀ ਇਸ ਲਾਟ ਨੂੰ,
ਚੇਤਿਆਂ ਵਿੱਚ ਯਾਰ ਨੂੰ ਦੇਖਣ ਲਈ!
ਤਾਰਿਆਂ ਤੋਂ ਰੇਤ ਵੀ ਬਣਿਆਂ ਹਾਂ ਮੈਂ,
ਤੈਨੂ ਹਰ ਇੱਕ ਕੋਣ ਤੋਂ ਦੇਖਣ ਲਈ!
ਉਸਦੀ ਅੱਗ ਵਿੱਚ ਸੁਲਗਣਾ ਸੀ ਲਾਜ਼ਮੀ,
ਓਸ ਨੂ ਪੂਰੀ ਤਰਾਂ ਸਮਝਣ ਲਈ!
ਵਿਛੜਨਾ ਚਾਹੁੰਦਾ ਹਾਂ ਤੈਥੋਂ ਹੁਣ,
ਅਰਥ ਆਪਣੀ ਹੋਂਦ ਦੇ ਜਾਨਣ ਲਈ!

## ਦਿਨ ਰਾਤ ਜਿੰਨ੍ਹਾਂ ਦੇ ਸਿਜਦੇ ਵਿੱਚ, ਇਹ ਕੱਚੀਆਂ ਕੰਧਾਂ ਖੜ੍ਹੀਆਂ ਨੇ

**ਸੁਰਜੀਤ ਸਖੀ**

ਦਿਨ ਰਾਤ ਜਿੰਨ੍ਹਾਂ ਦੇ ਸਿਜਦੇ ਵਿੱਚ, ਇਹ ਕੱਚੀਆਂ ਕੰਧਾਂ ਖੜ੍ਹੀਆਂ ਨੇ।
ਉਹ ਰਿਸ਼ਮਾਂ ਪਹਿਲੇ ਪਹਿਰ ਦੀਆਂ, ਕਿਸ ਨੂਰ ਮਹਿਲ ਤੇ ਅੜੀਆਂ ਨੇ।
ਨਿੱਤ ਆਲ੍ਹਣਿਆਂ ਵਿੱਚ ਖ਼ੁਸ਼ ਰਹਿਣਾ, ਹੁਣ ਚਿੜੀਆਂ ਦੀ ਤਕਦੀਰ ਨਹੀਂ,
ਜੇ ਬਿਜਲੀ ਕੋਲੋਂ ਬਚੀਆਂ ਤਾਂ, ਸ਼ਿਕਰੇ ਦੀ ਨਜ਼ਰੇ ਚੜ੍ਹੀਆਂ ਨੇ।
ਇਹ ਰਸਤਾ ਬੀਆਬਾਨ ਜਿਹਾ, ਫਿਰ ਲੁੱਕਣਮੀਟੀ ਮੰਜ਼ਲ ਦੀ,
ਕੁਝ ਹੋਈਆਂ ਸਾਡੇ ਰਹਿਬਰ ਤੋਂ, ਅੱਜ ਬੇਪਰਵਾਹੀਆਂ ਬੜੀਆਂ ਨੇ।
ਦਿਨ ਰਾਤ ਅਨਾਹਦ ਨਾਦ ਵਜੇ, ਹਰ ਪਲ ਤੱਯਾਰੀ ਮਹਿਫ਼ਲ ਦੀ,
ਅੰਬਰ ਦਾ ਸਾਏਬਾਨ ਫੜੀ, ਹਰ ਵਕਤ ਦਿਸ਼ਾਵਾਂ ਖੜ੍ਹੀਆਂ ਨੇ।
ਪਾਬੰਦ ਫ਼ਿਜ਼ਾ ਵਿੱਚ ਸਾਡੇ ਤੋਂ, ਪਾਬੰਦ ਇਬਾਦਤ ਨਾ ਹੋਈ,
ਬਿਨ ਈਦ ਨਿਭਾਏ ਨੇ ਰੋਜ਼ੇ, ਬੇਵਕਤ ਨਮਾਜ਼ਾਂ ਪੜ੍ਹੀਆਂ ਨੇ।

## ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ

**ਅਮਰਦੀਪ ਸੰਧਾਵਾਲੀਆ**

ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ ਘਰ ਵੀ ਹੁੰਦੇ ਨੇ
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ
ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ
ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ
ਅਸਾਨੂੰ ਵੀ ਪਤਾ ਹੈ ਕਿ ਸਮੁੰਦਰ 'ਚੋਂ ਮਿਲਣ ਮੋਤੀ
ਕਈ ਪ੍ਰਕਾਰ ਦੇ ਪਰ ਮਨ 'ਚ ਬੈਠੇ ਡਰ ਵੀ ਹੁੰਦੇ ਨੇ
ਮੇਰੇ ਨੈਣਾਂ 'ਚ ਉਸਨੇ ਵੇਖਿਆ ਤੇ ਆਖਿਆ ਮੈਨੂੰ
ਸਵਾਲਾਂ ਵਿੱਚ ਕਈ ਵਾਰੀ ਪਏ ਉੱਤਰ ਵੀ ਹੁੰਦੇ ਨੇ
ਲਿਖੇ ਜਾਂਦੇ ਨੇ ਜੋ ਆਕਾਸ਼ ਤੇ ਹੀ ਰਾਤ ਅੱਧੀ ਨੂੰ
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ
ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ
'ਅਮਰ' ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ ਨੇ

## ਸੁਪਨੇ

**ਅੰਮ੍ਰਿਤਾ ਪ੍ਰੀਤਮ**



ਜਿਉਂ ਕੋਈ ਨਿੱਕਾ ਪੰਛੀ ਜਾ ਕੇ
ਡੂੰਘੀ ਸੰਘਣੀ ਰੱਖ ਦੇ ਅੰਦਰ
ਇੱਕ ਆਲ੍ਹਣਾ ਪਾਏ
ਸੱਜਾ ਹੱਥ ਮੇਰਾ ਨਸ਼ਿਆਇਆ
ਉਹਦੀਆਂ ਦੋ ਤਲੀਆਂ ਵਿੱਚ ਬੈਠਾ
ਸੁਪਨੇ ਕਈ ਬਣਾਏ
ਇੱਕ ਦਿਨ ਰੱਜ ਖੇਡੀਆਂ ਉਂਗਲਾਂ
ਤਲੀਆਂ ਦੀ ਉਸ ਧਰਤੀ ਉੱਤੇ
ਕਿਤਨੇ ਘਰ ਘਰ ਪਾਏ
ਫੇਰ ਜਿਵੇ ਕੋਈ ਅਲਤਾ ਖੇਡੇ,
ਮੁੱਠਾਂ ਦੇ ਵਿੱਚ ਭਰ ਕੇ ਸੁਪਨੇ
ਅੱਖਾਂ ਨੂੰ ਉਸ ਲਾਏ
ਵਰ੍ਹਿਆਂ ਉੱਤੇ ਵਰ੍ਹੇ ਬੀਤ ਗਏ,
ਰੰਗ ਕੋਈ ਨਾ ਖੁਰੇ ਇਨ੍ਹਾਂ ਦਾ
ਲੱਖਾਂ ਅੱਥਰੂ ਆਏ
ਚਿੱਟਾ ਚਾਨਣ ਢੋਈ ਨਾ ਦੇਵੇ ,
ਅੱਖਾਂ ਵਿਚ ਖਲੋਤੇ ਸੁਪਨੇ
ਰਾਤ ਬੀਤਦੀ ਜਾਏ

## ਜੀਵਨ ਦੀ ਤੋਰ

**ਉੱਤਮਵੀਰ ਸਿੰਘ ਦਾਊਂ**



ਇਹ ਜਿੰਨਾ ਸੌਖਾ ਲਗਦਾ ਏ
ਹੱਥੀਂ ਖ਼ੁਦ ਦਾ ਚਿਹਰਾ ਧੋਣਾ
ਓਨਾ ਹੀ ਮੁਸ਼ਕਿਲ ਹੁੰਦਾ ਏ
ਖ਼ੁਦ 'ਚੋਂ ਖ਼ੁਦ ਹੀ ਮਨਫ਼ੀ ਹੋਣਾ।

ਰੁੱਸਣ ਨੂੰ ਤਾਂ ਜੱਗ ਰੁੱਸ ਜਾਂਦਾ
ਸ਼ਿਕਵਿਆਂ ਦੇ ਖੰਜਰ ਨੂੰ ਫੜ ਕੇ
ਸੱਚ ਨੂੰ ਲੋੜ ਨਹੀਂ ਪਰਦੇ ਦੀ
ਝੂਠ ਕਰੂ ਕੀ ਸਾਹਵੇਂ ਅੜ ਕੇ।

ਫੁੱਲ ਹਰੇਕ ਹੀ ਖ਼ੁਸ਼ ਹੋ ਸੁੰਘਦਾ
ਕੌਣ ਕੰਡਿਆਂ ਦਾ ਦਰਦ ਪਛਾਣੇ
ਉਹ ਤਾਂ ਫੁੱਲ ਦੀ ਰਾਖੀ ਕਰਦੇ
ਫੇਰ ਵੀ ਸਭ ਲਈ ਉਹ ਨਿਤਾਣੇ।

ਇੱਕ ਕ੍ਰਿਸ਼ਮਾ ਅੱਖ ਪਈ ਲੋਚੇ
ਥਲ ਨੂੰ ਸਾਗਰ ਗਲ ਨਾਲ ਲਾਏ
ਵਣ ਤ੍ਰਿਣ ਮੌਲੇ ਪੌਣ ਰੁਮਕਦੀ
ਬੱਸ ਇੱਕ ਵਾਰ ਤੂੰ ਦਿਸ ਪਾ ਵਾਏ।

ਸੂਰਜ ਵੱਡਾ ਜਾਂ ਚੰਨ ਹੈ ਛੋਟਾ
ਇਹ ਵੀ ਦੱਸਣ ਦੀ ਲੋੜ ਹੈ ਕੀ
ਅੱਖ ਦੀ ਪੁਤਲੀ ਸਭ ਪਛਾਣੇ
ਕਿਰਨ, ਰਿਸ਼ਮ ਦੀ ਤੋਰ ਹੈ ਕੀ।

## ਕੀ ਪੁੱਛਦਿਓਂ ਹਾਲ ਫ਼ਕੀਰਾਂ ਦਾ

**ਸ਼ਿਵ ਕੁਮਾਰ ਬਟਾਲਵੀ**



ਕੀ ਪੁੱਛਦਿਉ ਹਾਲ ਫ਼ਕੀਰਾਂ ਦਾ
ਸਾਡਾ ਨਦੀਓਂ ਵਿਛੜੇ ਨੀਰਾਂ ਦਾ
ਸਾਡਾ ਹੰਝ ਦੀ ਜੂਨੇ ਆਇਆਂ ਦਾ
ਸਾਡਾ ਦਿਲ ਜਲਿਆਂ ਦਿਲਗੀਰਾਂ ਦਾ
ਇਹ ਜਾਣਦਿਆਂ ਕੁਝ ਸ਼ੋਖ਼ ਜਹੇ
ਰੰਗਾਂ ਦਾ ਹੀ ਨਾਂ ਤਸਵੀਰਾਂ ਹੈ
ਜਦ ਹੱਟ ਗਏ ਅਸੀਂ ਇਸ਼ਕੇ ਦੀ
ਮੁੱਲ ਕਰ ਬੈਠੇ ਤਸਵੀਰਾਂ ਦਾ
ਸਾਨੂੰ ਲੱਖਾਂ ਦਾ ਤਨ ਲੱਭ ਗਿਆ
ਪਰ ਇਕ ਦਾ ਮਨ ਵੀ ਨਾ ਮਿਲਿਆ
ਕਿਆ ਲਿਖਿਆ ਕਿਸੇ ਮੁਕੱਦਰ ਸੀ
ਹੱਥਾਂ ਦੀਆਂ ਚਾਰ ਲਕੀਰਾਂ ਦਾ
ਤਕਦੀਰ ਤਾਂ ਆਪਣੀ ਸੌਂਕਣ ਸੀ
ਤਦਬੀਰਾਂ ਸਾਥੋਂ ਨਾ ਹੋਈਆਂ
ਨਾ ਝੰਗ ਛੁੱਟਿਆ ਨਾ ਕੰਨ ਪਾਟੇ
ਝੁੰਡ ਲੰਘ ਗਿਆ ਇੰਜ ਹੀਰਾਂ ਦਾ
ਮੇਰੇ ਗੀਤ ਵੀ ਲੋਕ ਸੁਣੀਂਦੇ ਨੇ
ਨਾਲੇ ਕਾਫ਼ਰ ਆਖ ਸਦੀਂਦੇ ਨੇ
ਮੈਂ ਦਰਦ ਨੂੰ ਕਾਅਬਾ ਕਹਿ ਬੈਠਾ
ਰੱਬ ਨਾਂ ਰੱਖ ਬੈਠਾ ਪੀੜਾਂ ਦਾ
ਮੈਂ ਦਾਨਸ਼ਵਰਾਂ ਸੁਣੀਂਦਿਆਂ ਸੰਗ
ਕਈ ਵਾਰ ਉੱਚੀ ਬੋਲ ਪਿਆ
ਕੁਝ ਮਾਣ ਸੀ ਸਾਨੂੰ ਇਸ਼ਕੇ ਦਾ
ਕੁਝ ਦਾਅਵਾ ਵੀ ਸੀ ਪੀੜਾਂ ਦਾ
ਤੂੰ ਖ਼ੁਦ ਨੂੰ ਆਕਲ ਕਹਿੰਦਾ ਹੈਂ
ਮੈਂ ਖ਼ੁਦ ਨੂੰ ਆਸ਼ਕ ਦੱਸਦਾ ਹਾਂ
ਇਹ ਲੋਕਾਂ 'ਤੇ ਛੱਡ ਦੇਈਏ
ਕਿਨੂੰ ਮਾਣ ਨੇ ਦੇਂਦੇ ਪੀਰਾਂ ਦਾ ।

## ਕਵਿਤਾ ਦੀ ਰੁੱਤ

**ਡਾ. ਅਮਰਜੀਤ ਕੌਂਕੇ**

ਜਦੋਂ ਵੀ
ਕਵਿਤਾ ਦੀ ਰੁੱਤ ਆਈ
ਤੇਰੀਆਂ ਯਾਦਾਂ ਦੇ ਕਿੰਨੇ ਮੌਸਮ
ਆਪਣੇ ਨਾਲ ਲਿਆਈ
ਮੈਂ ਕਵਿਤਾ ਨਹੀਂ
ਜਿਵੇਂ ਤੈਨੂੰ ਹੀ ਲਿਖਦਾ ਹਾਂ
ਮੇਰੇ ਪੋਟਿਆਂ
ਮੇਰੇ ਨੈਣਾਂ
ਮੇਰੇ ਲਹੂ ਵਿੱਚ
ਤੇਰਾ ਅਜਬ ਜਿਹਾ ਸਰੂਰ ਤੁਰਦਾ ਹੈ
ਅਜੀਬ ਜਿਹਾ ਖ਼ਿਆਲ
ਹੈਰਾਨ ਕਰਨ ਵਾਲਾ
ਪਤਾ ਨਹੀਂ ਕਿੱਥੋਂ ਫੁਰਦਾ ਹੈ
ਤੂੰ ਅਛੋਪਲੇ ਜਿਹੇ
ਮੇਰੇ ਕੋਲ ਆ ਬਹਿੰਦੀ
ਤੇਰੀ ਨਜ਼ਰ
ਮੇਰੀ ਕਵਿਤਾ ਦਾ
ਇਕੱਲਾ-ਇਕੱਲਾ ਸ਼ਬਦ
ਕਿਸੇ ਪਾਰਖੂ ਵਾਂਗ
ਟੁਣਕਾ ਕੇ ਵੇਖਦੀ
ਮੇਰੇ ਨੈਣਾਂ 'ਚ
ਤੇਰਾ ਮੁਸਕਰਾਉਂਦਾ ਚਿਹਰਾ ਆਉਂਦਾ
ਮੇਰੇ ਦੁਆਲੇ ਸ਼ਬਦਾਂ ਦਾ
ਮੀਂਹ ਵਰ੍ਹਦਾ
ਤੇ ਮੈਂ ਕਿਸੇ ਬੱਚੇ ਵਾਂਗ
ਸ਼ਬਦਾਂ ਨੂੰ ਚੁੱਕ ਚੁੱਕ
ਉਹਨਾਂ ਨੂੰ
ਕਤਾਰਾਂ 'ਚ ਸਜਾਉਂਦਾ
ਕਿਤੇ ਵੀ ਹੋਵੇਂ ਭਾਵੇਂ
ਕਿੰਨੀ ਵੀ ਦੂਰ
ਅਸੀਮ ਅਨੰਤ ਦੂਰੀ 'ਤੇ
ਪਰ ਕਵਿਤਾ ਦੀ ਰੁੱਤ ਵਿੱਚ
ਤੂੰ ਸਦਾ
ਮੇਰੇ ਕੋਲ ਕੋਲ ਹੁੰਦੀ...।

# ਖੇਡਾਂ ਦੀਆਂ ਸਿਰਤਾਜ ਬਣੀਆਂ ਕੁਝ ਖਿਡਾਰਨਾਂ

ਮਹਿਲਾਵਾਂ ਨੇ ਸਮੇਂ ਨਾਲ ਤਾਲਮੇਲ ਰੱਖਣਾ ਸਿੱਖ ਲਿਆ ਹੈ। ਇਸੇ ਕਰਕੇ ਹੁਣ ਹਰ ਖੇਤਰ ਵਿੱਚ ਔਰਤਾਂ ਦਾ ਦਬਦਬਾ ਸਾਫ਼ ਨਜ਼ਰ ਆ ਰਿਹਾ ਹੈ। ਫਿਰ ਮਹਿਲਾਵਾਂ ਖੇਡਾਂ ਦੀ ਦੁਨੀਆਂ ਵਿੱਚ ਕਿਵੇਂ ਪਿੱਛੇ ਰਹਿ ਸਕਦੀਆਂ ਹਨ ? ਹਰ ਖੇਤਰ ਦੀ ਤਰ੍ਹਾਂ ਇਸ ਵਿੱਚ ਵੀ ਔਰਤ ਦੀ ਸ਼ਕਤੀ ਦੇਖੀ ਜਾ ਸਕਦੀ ਹੈ। ਅਜਿਹੀ ਹੀ ਕਹਾਣੀ ਕੁਝ ਮਹਿਲਾ ਖਿਡਾਰਨਾਂ ਦੀ ਜਿਨ੍ਹਾਂ ਨੇ ਖੇਡਾਂ ਦੇ ਦਮ 'ਤੇ ਕਾਮਯਾਬੀ ਹਾਸਲ ਕੀਤੀ। ਆਓ ਜਾਣਦੇ ਹਾਂ ਕੁਝ ਅਜਿਹੀਆਂ ਹੋਣਹਾਰ ਧੀਆਂ ਦੀ ਕਾਮਯਾਬੀ ਦੀਆਂ ਕਹਾਣੀਆਂ...




ਖੇਡਾਂ ਦੀ ਦੁਨੀਆਂ 'ਚ ਆਪਣੀ ਪਛਾਣ ਬਣਾਉਣ ਵਾਲੀ ਜਿਮਨਾਸਟ ਸਵਾਤੀ ਦੀ ਕਹਾਣੀ ਅਜਿਹੀਆਂ ਹੀ ਹੋਣਹਾਰ ਬੇਟੀਆਂ 'ਚੋਂ ਇੱਕ ਹੈ। ਜਿਸ ਨੇ ਕਾਸ਼ੀ ਦੇ ਜਿਮਨੇਜ਼ੀਅਮ ਤੋਂ ਵੇਟਲਿਫਟਿੰਗ ਤੱਕ ਦਾ ਸਫਰ ਤੈਅ ਕੀਤਾ। ਸਵਾਤੀ ਕਾਸ਼ੀ ਦੇ ਜਿਮਨੇਜ਼ੀਅਮ ਵਿੱਚ ਜਿਮਨਾਸਟਿਕ ਦਾ ਅਭਿਆਸ ਕਰਦੀ ਸੀ, ਪਰ ਕਦੇ ਵੀ ਨੈਸ਼ਨਲ ਵਿੱਚ ਖੇਡਣ ਨੂੰ ਨਹੀਂ ਮਿਲੀ। ਇਸ ਦੌਰਾਨ ਅਹਿਸਾਸ ਹੋਇਆ ਕਿ ਉਸ ਨੂੰ ਵੇਟ ਲਿਫਟਿੰਗ ਪਸੰਦ ਹੈ। ਉਸ ਨੇ ਆਪਣੀ ਪਸੰਦ ਨੂੰ ਮਹੱਤਵ ਦਿੱਤਾ ਅਤੇ ਸਵਾਤੀ ਸਿੰਘ ਨੇ ਵੇਟ ਲਿਫਟਿੰਗ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਪਿੱਛੇ ਮੁੜ ਕੇ ਨਹੀਂ ਦੇਖਿਆ। 2006 ਤੋਂ 2008 ਤੱਕ ਆਲ ਇੰਡੀਆ ਯੂਨੀਵਰਸਿਟੀ ਚੈਂਪੀਅਨ ਰਹੀ। ਉਸ ਨੇ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਦੱਖਣੀ ਅਫਰੀਕਾ 2004 ਵਿੱਚ ਚਾਂਦੀ ਦਾ ਤਗਮਾ ਜਿੱਤਿਆ।

ਰਾਸ਼ਟਰਮੰਡਲ ਖੇਡਾਂ 2010 ਵਿੱਚ ਭਾਗ ਲਿਆ। ਕੋਸ਼ਿਸ਼ ਜਾਰੀ ਰਹੀ ਅਤੇ 2014 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਉਸੇ ਸਾਲ ਕਜ਼ਾਕਿਸਤਾਨ ਵਿੱਚ ਉਲੰਪਿਕ ਕੁਆਲੀਫਾਇੰਗ ਈਵੈਂਟ ਵਿੱਚ ਹਿੱਸਾ ਲਿਆ। ਇਸ ਤੋਂ ਬਾਅਦ ਪਰਿਵਾਰਕ ਕਾਰਨਾਂ ਕਰਕੇ ਛੁੱਟੀ ਲੈ ਲਈ। ਫਿਰ ਜ਼ਿੰਦਗੀ 'ਚ ਅਜਿਹਾ ਮੋੜ ਆਇਆ ਕਿ ਉਸ ਨੇ ਵੇਟ ਲਿਫਟਿੰਗ 'ਚ ਫਿਰ ਤੋਂ ਖੁਦ ਨੂੰ ਸਾਬਤ ਕਰਨ ਦਾ ਫੈਸਲਾ ਕੀਤਾ।

ਪਰਿਵਾਰਕ ਜੀਵਨ 'ਚ ਕੁਝ ਦਿੱਕਤਾਂ ਤੋਂ ਬਾਅਦ ਸਵਾਤੀ ਇੱਕ ਵਾਰ ਫਿਰ ਖੇਡਾਂ 'ਚ ਵਾਪਸੀ ਕੀਤੀ। ਉਹ ਇਸ ਸਮੇਂ ਰੇਲਵੇ ਵਿੱਚ ਹੈੱਡ ਟਿਕਟ ਐਗਜ਼ਾਮੀਨਰ ਹੈ।

ਵਿਭਾ ਸਿੰਘ ਦੀ ਸਫ਼ਲਤਾ ਦੀ ਕਹਾਣੀ ਵੀ ਕੋਈ ਵੱਖਰੀ ਨਹੀਂ ਹੈ। ਬਨਾਰਸ ਦੇ ਉਂਚਗਾਓਂ ਦੀ ਵਸਨੀਕ ਵਿਭਾ ਪਿੰਡ ਵਿੱਚ ਕੁੜੀਆਂ ਨੂੰ ਜ਼ਿਆਦਾ ਪੜ੍ਹਾਉਣ ਬਾਰੇ ਕੋਈ ਸੋਚਿਆ ਨਹੀਂ ਸੀ। ਹਾਲਾਂਕਿ, ਵਿਭਾ ਨੇ ਖੇਡ ਦਾ ਮੈਦਾਨ ਚੁਣਿਆ। ਉਹ ਸਕੂਲ ਵਿੱਚ ਲੁਕ-ਛਿਪ ਕੇ ਖੇਡਦੀ ਸੀ ਪਰ ਕਿਸੇ ਨੂੰ ਨਹੀਂ ਦੱਸਦੀ ਸੀ। ਜਦੋਂ ਉਸ ਨੇ ਰਾਜ ਪੱਧਰ 'ਤੇ ਮੈਡਲ ਹਾਸਲ ਕੀਤਾ ਤਾਂ ਮੇਰੇ ਘਰ ਅਤੇ ਪਿੰਡ ਦੇ ਲੋਕਾਂ ਦੀ ਸੋਚ ਬਦਲ ਗਈ। ਪਰਿਵਾਰਕ ਮੈਂਬਰਾਂ ਦਾ ਖੇਡਾਂ ਨਾਲ ਕੋਈ ਸਬੰਧ ਨਹੀਂ ਸੀ। ਅਜਿਹੇ 'ਚ ਖੇਡਾਂ ਦੀ ਦੁਨੀਆਂ 'ਚ ਆਪਣੀ ਪਛਾਣ ਬਣਾਉਣਾ ਆਸਾਨ ਨਹੀਂ ਸੀ।

ਪਰ ਮਾਂ ਨੇ ਉਸ ਨੂੰ ਬਰਾਬਰ ਹੌਸਲਾ ਦਿੱਤਾ। ਇਨ੍ਹਾਂ ਕੋਸ਼ਿਸ਼ਾਂ ਦੇ ਵਿਚਕਾਰ, ਉਹ ਸਾਈਂ ਹੋਸਟਲ ਪਹੁੰਚੀ ਅਤੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਬਹੁਤ ਸਾਰੇ ਰਾਸ਼ਟਰੀ ਮੁਕਾਬਲੇ ਖੇਡੇ, ਆਲ ਇੰਡੀਆ ਯੂਨੀਵਰਸਿਟੀਆਂ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ। ਇਨ੍ਹਾਂ ਪ੍ਰਾਪਤੀਆਂ ਦਾ ਹੀ ਨਤੀਜਾ ਸੀ ਕਿ ਉਸ ਨੂੰ ਯੂਪੀ ਅਥਲੈਟਿਕਸ ਟੀਮ ਦਾ ਕੋਚ ਬਣਾਇਆ ਗਿਆ।

ਵਿਭਾ ਕਹਿੰਦੀ ਹੈ, ਪਿੰਡ ਦੀਆਂ ਪਗਡੰਡੀਆਂ ਤੋਂ ਬਾਹਰ ਆਉਣਾ ਬਹੁਤ ਔਖਾ ਸੀ।

ਪ੍ਰਿਅੰਕਾ ਸ਼ੈਲੀ ਅਕਸਰ ਗੋਰਖਪੁਰ ਦੀਆਂ ਗਲੀਆਂ 'ਚ ਆਪਣੇ ਚਚੇਰੇ ਭਰਾਵਾਂ ਨਾਲ ਪਲਾਸਟਿਕ ਦੀਆਂ ਗੇਂਦਾਂ ਨਾਲ ਚੌਕੇ-ਛੱਕੇ ਮਾਰਦੀ ਸੀ। ਇੱਥੋਂ ਤੱਕ ਕਿ ਮੰਮੀ-ਡੈਡੀ ਨੇ ਵੀ ਉਸ ਨੂੰ ਕਦੇ ਨਹੀਂ ਰੋਕਿਆ। ਪੜ੍ਹਾਈ ਦੇ ਨਾਲ-ਨਾਲ ਉਸ ਨੇ ਹਾਕੀ ਖੇਡਣਾ ਸ਼ੁਰੂ ਕਰ ਦਿੱਤਾ। 91-92 ਤੱਕ ਕਾਲਜੀਏਟ ਹਾਕੀ ਵਿੱਚ ਬਹੁਤ ਰੌਣਕ ਰਹੀ। ਇਸੇ ਦੌਰਾਨ ਉਸ ਨੂੰ ਆਪਣੇ ਦੋਸਤਾਂ ਤੋਂ ਪਤਾ ਲੱਗਾ ਕਿ ਲਖਨਊ ਵਿੱਚ ਕ੍ਰਿਕਟ ਟਰਾਇਲ ਹੋ ਰਹੇ ਹਨ। ਆਪਣੀ ਕਿਸਮਤ ਅਜ਼ਮਾਉਣ ਆਈ ਅਤੇ ਚੁਣੀ ਗਈ। ਉਦੋਂ ਤੋਂ ਹੀ ਕ੍ਰਿਕਟ ਨਾਲ ਰਿਸ਼ਤਾ ਸੀ, ਜੋ ਅੱਜ ਤੱਕ ਕਾਇਮ ਹੈ।

# ਮੋਬਾਇਲ ਗੇਮਾਂ ਦੀ ਥਾਂ ਖੇਡੋ ਅਸਲੀ ਖੇਡਾਂ

## ਬੋਰਿੰਗ ਜੀਵਨ ਨੂੰ ਦਿਲਚਸਪ ਬਣਾਉਂਦੀਆਂ ਹਨ ਖੇਡਾਂ



ਅੱਜ ਦੇ ਮਾਹੌਲ ਅਤੇ ਜੀਵਨ ਸ਼ੈਲੀ ਦਾ ਇੱਕ ਨਕਾਰਾਤਮਕ ਪਹਿਲੂ ਇਹ ਵੀ ਹੈ ਕਿ ਚਾਹੇ ਬੱਚੇ ਹੋਣ ਜਾਂ ਨੌਜਵਾਨ, ਲਗਾਤਾਰ ਮੋਬਾਈਲ 'ਤੇ ਗੇਮਾਂ ਖੇਡਣਾ ਉਨ੍ਹਾਂ ਦੀ ਆਦਤ ਬਣਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਉਣ ਲਈ ਮਾਪਿਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।




ਖੇਡਾਂ ਵਿੱਚ ਜਿੱਤ ਅਤੇ ਹਾਰ ਸਾਨੂੰ ਜੀਵਨ ਵਿੱਚ ਸਫਲਤਾ ਅਤੇ ਅਸਫਲਤਾ ਨੂੰ ਸੰਤੁਲਿਤ ਕਰਨ ਲਈ ਪ੍ਰੇਰਿਤ ਕਰਦੀ ਹੈ। ਖੇਡਾਂ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਦਾ ਵੀ ਜੀਵਨ ਵਿੱਚ ਆਪਣਾ ਮਹੱਤਵ ਹੈ। ਖੇਡਾਂ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ। ਉਹ ਸਾਡੇ ਅੰਦਰ ਅਨੁਸ਼ਾਸਨ ਅਤੇ ਸਖ਼ਤ ਮਿਹਨਤ ਅਤੇ ਸਮਾਜਕਤਾ ਅਤੇ ਦੇਸ਼ ਭਗਤੀ ਦੀ ਭਾਵਨਾ ਵਰਗੇ ਗੁਣ ਪੈਦਾ ਕਰਦੇ ਹਨ। ਇਨ੍ਹਾਂ ਵਿਚਲੀਆਂ ਜਿੱਤਾਂ ਅਤੇ ਹਾਰਾਂ ਸਾਨੂੰ ਜੀਵਨ ਵਿੱਚ ਸਫਲਤਾ ਅਤੇ ਅਸਫਲਤਾ ਦੌਰਾਨ ਸੰਤੁਲਨ ਬਣਾਈ ਰੱਖਣ ਲਈ ਪ੍ਰੇਰਿਤ ਕਰਦੀਆਂ ਹਨ। ਖੇਡਾਂ ਸੰਜਮ, ਦ੍ਰਿੜ੍ਹਤਾ, ਸੰਜੀਦਗੀ ਅਤੇ ਸਹਿਯੋਗ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਖੇਡਾਂ ਬੋਰਿੰਗ ਜੀਵਨ ਨੂੰ ਦਿਲਚਸਪ ਬਣਾਉਂਦੀਆਂ ਹਨ। ਦਿਮਾਗ ਅਤੇ ਸਰੀਰ ਅਤੇ ਸਰੀਰ ਅਤੇ ਖੇਡਾਂ ਦੇ ਆਪਸੀ ਸਬੰਧਾਂ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਖੇਡਾਂ ਮਨੁੱਖ ਦੇ ਬਹੁਪੱਖੀ ਵਿਕਾਸ ਲਈ ਜ਼ਰੂਰੀ ਹਨ। ਖੇਡਾਂ ਦੀ ਮਹੱਤਤਾ ਨੈਪੋਲੀਅਨ ਨੂੰ ਹਰਾਉਣ ਵਾਲੇ ਐਡਵਰਡ ਨੈਲਸਨ ਦੇ ਕਥਨ ਤੋਂ ਰੇਖਾਂਕਿਤ ਹੁੰਦੀ ਹੈ ਕਿ 'ਮੈਂ ਈਟਨ ਦੇ ਮੈਦਾਨ 'ਤੇ ਵਾਟਰਲੂ ਦੀ ਲੜਾਈ ਵਿੱਚ ਪ੍ਰਾਪਤ ਕੀਤੀ ਸਫਲਤਾ ਲਈ ਸਿਖਲਾਈ ਪ੍ਰਾਪਤ ਕੀਤੀ ਸੀ।

ਇੱਕ ਸਵਾਲ ਜੋ ਅਕਸਰ ਬੱਚਿਆਂ ਦੇ ਮਨ ਵਿੱਚ ਆਉਂਦਾ ਹੈ ਕਿ ਕੀ ਪੜ੍ਹਾਈ ਅਤੇ ਖੇਡਾਂ ਇਕੱਠੇ ਚੱਲ ਸਕਦੇ ਹਨ ? ਜਵਾਬ ਹਾਂ ਹੈ। ਖੇਡਾਂ ਵਿੱਚ ਸਰਗਰਮ ਹੋਣ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਆਪਣੀ ਪੜ੍ਹਾਈ ਛੱਡ ਦਿਓ ਅਤੇ ਪੜ੍ਹਾਈ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਖੇਡਣਾ ਛੱਡ ਦਿਓ। ਲਗਾਤਾਰ ਪੜ੍ਹਾਈ ਦੌਰਾਨ ਕਈ ਵਾਰ ਤਣਾਅ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਖੇਡਾਂ ਤਣਾਅ ਦੇ ਪੱਧਰ ਨੂੰ ਘਟਾਉਂਦੀਆਂ ਹਨ। ਜਿਹੜੇ ਲੋਕ ਰੋਜ਼ਾਨਾ ਦੇ ਆਧਾਰ 'ਤੇ ਖੇਡਾਂ ਵਿੱਚ ਹਿੱਸਾ ਲੈਂਦੇ ਹਨ, ਉਨ੍ਹਾਂ ਦੀ ਇਕਾਗਰਤਾ ਅਤੇ ਸੂਝ ਬਹੁਤ ਜ਼ਿਆਦਾ ਹੁੰਦੀ ਹੈ। ਖੇਡਾਂ ਰਚਨਾਤਮਕਤਾ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ।

ਅਮਰੀਕੀ ਬਾਸਕਟਬਾਲ ਖਿਡਾਰੀ ਕੋਬੇ ਬ੍ਰਾਇਨਟ ਦਾ ਕਹਿਣਾ ਹੈ ਕਿ 'ਖੇਡ ਇੱਕ ਮਹਾਨ ਅਧਿਆਪਕ ਹੈ।' ਅੱਜ ਦੇ ਮਾਹੌਲ ਅਤੇ ਜੀਵਨ ਸ਼ੈਲੀ ਦਾ ਇੱਕ ਨਕਾਰਾਤਮਕ ਪਹਿਲੂ, ਚਾਹੇ ਬੱਚੇ ਹੋਣ ਜਾਂ ਨੌਜਵਾਨ, ਮੋਬਾਈਲ 'ਤੇ ਗੇਮਾਂ ਦੀ ਲਗਾਤਾਰ ਵਰਤੋਂ ਕਰਨਾ ਉਸਦੀ ਆਦਤ ਬਣ ਰਿਹਾ ਹੈ। ਅਜਿਹੀ ਸਥਿਤੀ ਵਿੱਚ ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਉਣ ਲਈ ਮਾਪਿਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।



# ਵਿਸ਼ਵ ਪੱਧਰੀ ਹਾਕੀ ਟੂਰਨਾਮੈਂਟ ਆਯੋਜਿਤ ਕਿਉਂ ਨਹੀਂ ਹੁੰਦੇ ?

ਪ੍ਰੋਫੈਸਰ ਪਰਮਜੀਤ ਸਿੰਘ

ਭਾਰਤੀ ਕੌਮੀ ਹਾਕੀ ਟੀਮ ਵਿੱਚ ਜ਼ਿਆਦਾਤਰ ਪੰਜਾਬੀ ਖਿਡਾਰੀਆਂ ਦੀ ਭਾਗੀਦਾਰੀ ਰਹੀ ਹੈ, ਇਸ ਦੇ ਬਾਵਜੂਦ ਦਹਾਕਿਆਂ ਤੋਂ ਕੋਈ ਅੰਤਰਰਾਸ਼ਟਰੀ ਟੂਰਨਾਮੈਂਟ ਪੰਜਾਬ ਵਿੱਚ ਆਯੋਜਿਤ ਨਹੀਂ ਹੋਇਆ ਹੈ। ਪੰਜਾਬ 'ਚ ਸਰਕਾਰਾਂ ਬਦਲਦੀਆਂ ਰਹੀਆਂ, ਪਰ ਕਿਸੇ ਵੀ ਸਿਆਸੀ ਲੀਡਰ ਨੇ ਇਸ ਗੱਲ ਦਾ ਦੁੱਖ ਪ੍ਰਗਟ ਨਹੀਂ ਕੀਤਾ ਕਿ ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਪੰਜਾਬ ਨੂੰ ਕਦੇ ਕਿਉਂ ਨਹੀਂ ਮਿਲੀ ? ਕਿਉਂ ਪੰਜਾਬ ਦੀ ਧਰਤੀ 'ਤੇ ਹਾਲੈਂਡ, ਆਸਟ੍ਰੇਲੀਆ, ਟੋਕੀਓ, ਜਰਮਨੀ ਵਰਗੇ ਕੌਮਾਂਤਰੀ ਪੱਧਰ ਦੇ ਐਸਟਰੋਟਰਫ਼ ਹਾਕੀ ਸਟੇਡੀਅਮ ਨਹੀਂ ਉਸਾਰੇ ਜਾ ਰਹੇ ਤਾਂ ਕਿ ਪੰਜਾਬ 'ਚ ਵਿਸ਼ਵ ਪੱਧਰ ਹਾਕੀ ਟੂਰਨਾਮੈਂਟਾਂ ਦਾ ਆਯੋਜਨ ਹੋ ਸਕੇ। ਦੂਜੇ ਪਾਸੇ ਓਡੀਸ਼ਾ ਸਰਕਾਰ ਪ੍ਰਸੰਸਾ ਦੀ ਹੱਕਦਾਰ ਰਹੀ, ਜਿੱਥੇ ਨਿਰੰਤਰ ਵਿਸ਼ਵ ਪੱਧਰੀ ਹਾਕੀ ਟੂਰਨਾਮੈਂਟ ਆਯੋਜਿਤ ਹੁੰਦੇ ਰਹੇ ਹਨ।



ਕਿਉਂ ਪੰਜਾਬ ਦੇ ਹਾਕੀ ਪ੍ਰੇਮੀਆਂ, ਹਾਕੀ ਸੰਸਥਾਵਾਂ ਅਤੇ ਪੰਜਾਬ ਦੇ ਰਾਜਨੀਤਕ ਲੀਡਰਾਂ, ਪੰਜਾਬ ਦੇ ਇਲੈਕਟ੍ਰੋਨਿਕ ਮੀਡੀਆ ਅਤੇ ਅਖ਼ਬਾਰਾਂ ਨੇ ਇਸ ਗੱਲ ਦੀ ਆਵਾਜ਼ ਨਹੀਂ ਚੁੱਕੀ। ਮੌਜੂਦਾ ਸਰਕਾਰਾਂ ਦੀ ਨਿਖੇਧੀ ਕਿਉਂ ਨਹੀਂ ਕੀਤੀ। ਜੇ ਡੂੰਘੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਹਾਕੀ ਅਤੇ ਕ੍ਰਿਕਟ ਪੰਜਾਬ ਦੀ ਧਰਤੀ 'ਤੇ ਖੇਡੀਆਂ ਜਾਣ ਵਾਲੀਆਂ ਹਰਮਨਪਿਆਰੀਆਂ ਖੇਡਾਂ ਹਨ, ਇਨ੍ਹਾਂ ਦੇ ਕੌਮਾਂਤਰੀ ਪੱਧਰ ਦੇ ਟੂਰਨਾਮੈਂਟ ਦੇ ਆਯੋਜਨ ਪੰਜਾਬੀਆਂ ਨੂੰ ਵੀ ਮਿਲਣੇ ਚਾਹੀਦੇ ਨੇ।

ਕ੍ਰਿਕਟ ਤਾਂ ਉਲੰਪਿਕ ਖੇਡ ਨਹੀਂ, ਹਾਕੀ ਦਾ ਰੁਤਬਾ ਇਸ ਲਿਹਾਜ਼ ਨਾਲ ਕ੍ਰਿਕਟ ਤੋਂ ਵੀ ਜ਼ਿਆਦਾ ਹੈ। ਮੌਜੂਦਾ ਭਗਵੰਤ ਮਾਨ ਸਰਕਾਰ ਹੁਣ ਇਸ ਗੱਲ ਨੂੰ ਸੰਜੀਦਗੀ ਨਾਲ ਲਵੇ ਕਿ ਆਪਣੇ ਕਾਰਜਕਾਲ ਵਿੱਚ ਪੰਜਾਬ ਦੇ ਸਿਰਮੌਰ ਸ਼ਹਿਰਾਂ, ਮੁਹਾਲੀ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ ਆਦਿ ਵਿਖੇ ਕੌਮਾਂਤਰੀ ਪੱਧਰ ਦੇ ਹਾਕੀ ਸਟੇਡੀਅਮ ਬਣਾਏ ਤਾਂ ਹੀ ਵਿਸ਼ਵ ਪੱਧਰੀ ਹਾਕੀ ਟੂਰਨਾਮੈਂਟਾਂ ਦੀ ਮੇਜ਼ਬਾਨੀ ਪੰਜਾਬ ਨੂੰ ਮਿਲੇਗੀ। ਸਰਕਾਰਾਂ ਸੰਜੀਦਾ ਹੋਣ ਕਿਉਂਕਿ ਪੰਜਾਬ ਵਿੱਚ ਇਕੱਲੇ ਕ੍ਰਿਕਟ ਪ੍ਰੇਮੀ ਹੀ ਨਹੀਂ, ਸਗੋਂ ਹਾਕੀ ਪ੍ਰੇਮੀ ਵੀ ਨੇ।

# ਪੰਕਜ ਕਰ ਗਏ ਉਦਾਸ...



# ਗ਼ਜ਼ਲ ਗਾਇਕ ਪੰਕਜ ਉਧਾਸ ਦਾ ਦੇਹਾਂਤ

## 72 ਸਾਲ ਦੀ ਉਮਰ 'ਚ ਦੁਨੀਆਂ ਨੂੰ ਕਿਹਾ ਅਲਵਿਦਾ



ਮਸ਼ਹੂਰ ਗਜ਼ਲ ਗਾਇਕ ਪੰਕਜ ਉਧਾਸ ਦਾ 72 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਗਾਇਕ ਪਿਛਲੇ ਕਈ ਦਿਨਾਂ ਤੋਂ ਬੀਮਾਰ ਚੱਲ ਰਹੇ ਸਨ। ਇਸ ਦੀ ਜਾਣਕਾਰੀ ਉਨ੍ਹਾਂ ਦੀ ਬੇਟੀ ਨਾਯਾਬ ਨੇ ਦਿੱਤੀ। ਉਨ੍ਹਾਂ ਨੇ ਮੁੰਬਈ 'ਚ ਆਖਰੀ ਸਾਹ ਲਏ। ਪੰਕਜ ਉਧਾਸ ਨੂੰ 2006 'ਚ ਪਦਮਸ਼੍ਰੀ ਐਵਾਰਡ ਮਿਲਿਆ ਸੀ ।

ਗਜ਼ਲ ਗਾਇਕ ਪਿਛਲੇ ਕਈ ਦਿਨਾਂ ਤੋਂ ਬੀਮਾਰ ਚੱਲ ਰਹੇ ਸਨ। ਉਨ੍ਹਾਂ ਨੂੰ ਵੱਡੀ ਪਛਾਣ ਫੇਮਸ ਗਜ਼ਲ 'ਚਿੱਠੀ ਆਈ ਹੈ' ਤੋਂ ਮਿਲੀ ਸੀ। ਪੰਕਜ ਉਧਾਸ ਦਾ ਜਨਮ 17 ਮਈ 1951 ਨੂੰ ਗੁਜਰਾਤ ਦੇ ਜੇਤਪੁਰ ਵਿੱਚ ਹੋਇਆ ਸੀ। ਉਹ ਆਪਣੇ ਤਿੰਨੋਂ ਭਰਾਵਾਂ ਵਿੱਚ ਸਭ ਤੋਂ ਛੋਟੇ ਸਨ। ਉਨ੍ਹਾਂ ਦਾ ਪਰਿਵਾਰ ਰਾਜਕੋਟ ਕੋਲ ਚਰਖਾੜੀ ਨਾਂ ਦੇ ਕਸਬੇ ਦਾ ਰਹਿਣ ਵਾਲਾ ਸੀ। ਉਨ੍ਹਾਂ ਦੇ ਦਾਦਾ ਜਿਮੀਂਦਾਰ ਸਨ ਅਤੇ ਭਾਵਨਗਰ ਸੂਬੇ ਦੇ ਦੀਵਾਨ ਵੀ ਸਨ। ਉਨ੍ਹਾਂ ਦੇ ਪਿਤਾ ਕੇਸ਼ੂਭਾਈ ਉਧਾਸ ਸਰਕਾਰੀ ਮੁਲਾਜ਼ਮ ਸਨ, ਉਨ੍ਹਾਂ ਨੂੰ ਇਸਰਾਜ ਵਜਾਉਣ ਦਾ ਬਹੁਤ ਸ਼ੌਕ ਸੀ। ਦੂਜੇ ਪਾਸੇ ਉਨ੍ਹਾਂ ਦੀ ਮਾਂ ਜੀਤੂਬੇਨ ਉਧਾਸ ਨੂੰ ਗਾਣਿਆਂ ਦਾ ਬਹੁਤ ਸ਼ੌਕ ਸੀ। ਇਹੀ ਕਾਰਨ ਸੀ ਕਿ ਪੰਕਜ ਉਧਾਸ ਸਣੇ ਉਨ੍ਹਾਂ ਦੇ ਦੋਵੇਂ ਭਰਾਵਾਂ ਦਾ ਰੁਝਾਨ ਸੰਗੀਤ ਵੱਲ ਹਮੇਸ਼ਾ ਤੋਂ ਰਿਹਾ।



ਪੰਕਜ ਨੇ ਕਦੇ ਨਹੀਂ ਸੋਚਿਆ ਸੀ ਕਿ ਉਹ ਆਪਣਾ ਕੈਰੀਅਰ ਗਾਇਕੀ ਵਿੱਚ ਬਣਾਉਣਗੇ। ਉਨ੍ਹੀਂ ਦਿਨੀਂ ਭਾਰਤ ਤੇ ਚੀਨ ਵਿੱਚ ਯੁੱਧ ਚੱਲ ਰਿਹਾ ਸੀ। ਇਸੇ ਦੌਰਾਨ ਲਤਾ ਮੰਗੇਸ਼ਕਰ ਦਾ 'ਏ ਮੇਰੇ ਵਤਨ ਕੇ ਲੋਗੋ' ਗਾਣਾ ਰਿਲੀਜ਼ ਹੋਇਆ ਸੀ। ਪੰਕਜ ਨੂੰ ਇਹ ਗਾਣਾ ਬਹੁਤ ਪਸੰਦ ਆਇਆ। ਉਨ੍ਹਾਂ ਨੇ ਬਿਨਾਂ ਕਿਸੇ ਦੀ ਮਦਦ ਨਾਲ ਇਸ ਗਾਣੇ ਨੂੰ ਉਸੇ ਲੈਅ ਤੇ ਸੁਰ ਨਾਲ ਤਿਆਰ ਕੀਤਾ।

ਇੱਕ ਦਿਨ ਸਕੂਲ ਦੇ ਪ੍ਰਿੰਸੀਪਲ ਨੂੰ ਪਤਾ ਲੱਗਾ ਕਿ ਉਹ ਗਾਇਕੀ ਵਿੱਚ ਬੇਹਤਰ ਹੈ ਜਿਸ ਦੇ ਬਾਅਦ ਉਨ੍ਹਾਂ ਨੂੰ ਸਕੂਲ ਪ੍ਰੇਅਰ ਟੀਮ ਦਾ ਹੈੱਡ ਬਣਾ ਦਿੱਤਾ ਗਿਆ। ਇੱਕ ਦਿਨ ਪੰਕਜ ਦੇ ਸਕੂਲ ਦੇ ਟੀਚਰ ਆਏ ਤੇ ਉਨ੍ਹਾਂ ਨੂੰ ਕਲਚਰਲ ਪ੍ਰੋਗਰਾਮ ਵਿੱਚ ਇੱਕ ਗਾਣੇ ਦੀ ਫਰਮਾਇਸ਼ ਕੀਤੀ। ਪੰਕਜ ਨੇ 'ਏ ਮੇਰੇ ਵਤਨ ਦੇ ਲੋਗੋਂ' ਗਾਣਾ ਗਾਇਆ। ਉਨ੍ਹਾਂ ਦੇ ਇਸ ਗੀਤ ਨਾਲ ਉਥੇ ਬੈਠੇ ਸਾਰੇ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਪੰਕਜ ਦੇ ਦੋਵੇਂ ਭਰਾ ਮਨਹਰ ਤੇ ਨਿਰਜਲ ਉਧਾਸ ਮਿਊਜ਼ਿਕ ਇੰਡਸਟਰੀ ਵਿੱਚ ਜਾਣੇ-ਪਛਾਣੇ ਨਾਂ ਹਨ। ਇਸ ਬਾਰੇ ਜਦੋਂ ਉਧਾਸ ਦੇ ਮਾਤਾ-ਪਿਤਾ ਨੂੰ ਪਤਾ ਲੱਗਾ ਕਿ ਪੰਕਜ ਵੀ ਆਪਣੇ ਭਰਾਵਾਂ ਦੀ ਤਰ੍ਹਾਂ ਮਿਊਜ਼ਿਕ ਫੀਲਡ ਵਿੱਚ ਕੁਝ ਬੇਹਤਰ ਕਰ ਸਕਦੇ ਹਨ ਜਿਸ ਦੇ ਬਾਅਦ ਉਨ੍ਹਾਂ ਦਾ ਐਡਮਿਸ਼ਨ ਰਾਜਕੋਟ ਵਿੱਚ ਸੰਗੀਤ ਅਕੈਡਮੀ ਵਿੱਚ ਕਰਾ ਦਿੱਤਾ। ਉਥੇ ਕੋਰਸ ਪੂਰਾ ਕਰਨ ਦੇ ਬਾਅਦ ਪੰਕਜ ਕਈ ਵੱਡੇ ਸਟੇਜ ਸ਼ੋਅ 'ਤੇ ਪਰਫਾਰਮੈਂਸ ਕਰਦੇ ਸਨ। ਉਨ੍ਹਾਂ ਨੇ 4 ਸਾਲ ਦਾ ਲੰਬਾ ਸੰਘਰਸ਼ ਕੀਤਾ। ਇਸ ਦੌਰਾਨ ਉਨ੍ਹਾਂ ਨੂੰ ਕੋਈ ਵੱਡਾ ਕੰਮ ਨਹੀਂ ਮਿਲਿਆ। ਉਨ੍ਹਾਂ ਨੇ ਫਿਲਮ 'ਕਾਮਨਾ' ਵਿੱਚ ਆਪਣੇ ਇੱਕ ਗਾਣੇ ਨੂੰ ਆਵਾਜ਼ ਦਿੱਤੀ ਪਰ ਉਹ ਫਲਾਪ ਹੋ ਗਈ। ਇਸ ਦੇ ਬਾਅਦ ਪੰਕਜ ਵਿਦੇਸ਼ ਚਲੇ ਗਏ।

ਵਿਦੇਸ਼ ਵਿੱਚ ਪੰਕਜ ਨੂੰ ਗਾਣੇ ਦੀ ਕਲਾ ਨਾਲ ਬਹੁਤ ਪਾਪੂਲੈਰਿਟੀ ਮਿਲੀ। ਇਸ ਦੌਰਾਨ ਐਕਟਰ ਤੇ ਪ੍ਰੋਡਿਊਸਰ ਰਾਜੇਂਦਰ ਕੁਮਾਰ ਨੇ ਉਨ੍ਹਾਂ ਦੇ ਗਾਣਿਆਂ ਨੂੰ ਸੁਣਿਆ ਤੇ ਇੱਕ ਫਿਲਮ ਲਈ ਗੀਤ ਗਾਣ ਲਈ ਕਿਹਾ। ਫਿਰ ਉਨ੍ਹਾਂ ਨੇ ਫ਼ਿਲਮ 'ਨਾਮ' ਵਿੱਚ ਗਜ਼ਲ 'ਚਿੱਠੀ ਆਈ ਹੈ' ਨੂੰ ਆਪਣੀ ਆਵਾਜ਼ ਦਿੱਤੀ।

# ਕਈ ਬਾਲੀਵੁੱਡ ਫ਼ਿਲਮਾਂ ਠੁਕਰਾ ਚੁੱਕੇ ਨੇ ਗਿੱਪੀ ਗਰੇਵਾਲ



ਪੰਜਾਬੀ ਅਦਾਕਾਰ ਗਿੱਪੀ ਗਰੇਵਾਲ ਦੀਆਂ ਫ਼ਿਲਮਾਂ ਸੁਪਰਹਿੱਟ ਸਾਬਤ ਹੋਈਆਂ ਹਨ। ਉਨ੍ਹਾਂ ਦੀਆਂ ਪੰਜਾਬੀ ਫ਼ਿਲਮਾਂ ਨੂੰ ਭਾਰਤ ਦੇ ਨਾਲ 'ਚ ਆਪਣੀ ਵੱਖਰੀ ਪਛਾਣ ਬਣਾਉਣ ਤੋਂ ਬਾਅਦ ਉਨ੍ਹਾਂ ਨੇ ਬਾਲੀਵੁੱਡ 'ਚ ਡੈਬਿਊ ਕੀਤਾ। ਉਸਨੇ 2015 ਦੀ ਫ਼ਿਲਮ ਸੈਕਿੰਡ ਹੈਂਡ ਹਸਬੈਂਡ ਨਾਲ ਬਾਲੀਵੁੱਡ ਵਿੱਚ ਐਂਟਰੀ ਕੀਤੀ। ਇਸ ਤੋਂ ਬਾਅਦ ਉਹ ਫ਼ਰਹਾਨ ਅਖਤਰ ਦੇ ਨਾਲ ਲਖਨਊ ਸੈਂਟਰਲ ਵਿੱਚ ਸਪੋਰਟਿੰਗ ਰੋਲ ਵਿੱਚ ਨਜ਼ਰ ਆਏ। ਜਿਸ ਨੇ ਬਾਕਸ ਆਫ਼ਿਸ 'ਤੇ ਬੁਰਾ ਪ੍ਰਦਰਸ਼ਨ ਕੀਤਾ ਸੀ। ਗਿੱਪੀ ਨੇ ਪਿਛਲੇ ਕੁਝ ਸਾਲਾਂ 'ਚ ਕਈ ਪੰਜਾਬੀ ਫ਼ਿਲਮਾਂ ਦਿੱਤੀਆਂ ਹਨ ਜੋ ਸੁਪਰਹਿੱਟ ਸਾਬਤ ਹੋਈਆਂ ਹਨ। ਹੁਣ ਉਨ੍ਹਾਂ ਨੇ ਬਾਲੀਵੁੱਡ ਫ਼ਿਲਮਾਂ ਤੋਂ ਦੂਰੀ ਬਣਾ ਲਈ ਹੈ।

ਗੱਲਬਾਤ ਦੌਰਾਨ ਗਿੱਪੀ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਬਾਲੀਵੁੱਡ ਤੋਂ ਦੂਰੀ ਕਿਉਂ ਬਣਾਈ ਰੱਖੀ ਹੈ। ਦੂਜੇ ਪਾਸੇ ਉਹ ਇੱਕ ਤੋਂ ਬਾਅਦ ਇੱਕ ਹਿੱਟ ਪੰਜਾਬੀ ਫ਼ਿਲਮਾਂ ਦੇ ਰਿਹਾ ਹੈ। ਗਿੱਪੀ ਨੇ ਕਿਹਾ ਕਿ ਮੇਰੀਆਂ ਹਿੰਦੀ ਫ਼ਿਲਮਾਂ ਬਾਕਸ ਆਫ਼ਿਸ 'ਤੇ ਨਹੀਂ ਚੱਲਦੀਆਂ। ਗਿੱਪੀ ਨੇ ਅੱਗੇ ਕਿਹਾ- ਮੈਂ ਕਾਫ਼ੀ ਸਮਾਂ ਪਹਿਲਾਂ ਇੱਕ ਫ਼ਿਲਮ ਕੀਤੀ ਸੀ ਪਰ ਉਹ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀ। ਇਸ ਤੋਂ ਬਾਅਦ ਮੈਂ ਫ਼ੈਸਲਾ ਕੀਤਾ ਕਿ ਮੈਂ ਬਾਲੀਵੁੱਡ ਫ਼ਿਲਮਾਂ ਉਦੋਂ ਹੀ ਕਰਾਂਗਾ ਜਦੋਂ ਉਸ ਕੋਲ ਬਹੁਤ ਚੰਗੀ ਟੀਮ ਹੋਵੇਗੀ। ਇਸ ਲਈ, ਮੈਂ ਫ਼ਰਹਾਨ ਨਾਲ ਲਖਨਊ ਸੈਂਟਰਲ ਵਿੱਚ ਕੰਮ ਕੀਤਾ।

ਗਿੱਪੀ ਨੇ ਅੱਗੇ ਕਿਹਾ ਕਿ ਮੈਂ ਆਪਣੀਆਂ ਪੰਜਾਬੀ ਫ਼ਿਲਮਾਂ ਅਤੇ ਸੰਗੀਤ ਵਿੱਚ ਬਹੁਤ ਵਿਅਸਤ ਹਾਂ। ਜੇਕਰ ਤੁਸੀਂ ਹਿੰਦੀ ਫ਼ਿਲਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਮੁੰਬਈ 'ਚ ਜ਼ਿਆਦਾ ਸਮਾਂ ਬਿਤਾਉਣਾ ਹੋਵੇਗਾ। ਸਿਰਫ਼ ਸ਼ੂਟ ਲਈ ਹੀ ਨਹੀਂ ਸਗੋਂ ਪ੍ਰੀ-ਪ੍ਰੋਡਕਸ਼ਨ ਅਤੇ ਤਿਆਰੀ ਲਈ ਵੀ।

ਗਿੱਪੀ ਨੇ ਅੱਗੇ ਕਿਹਾ ਕਿ ਲਖਨਊ ਸੈਂਟਰਲ ਤੋਂ ਬਾਅਦ ਮੈਨੂੰ ਕਈ ਹਿੰਦੀ ਫ਼ਿਲਮਾਂ ਦੀ ਪੇਸ਼ਕਸ਼ ਹੋਈ। ਮੈਂ ਕਈ ਸਕ੍ਰਿਪਟਾਂ ਵੀ ਸੁਣੀਆਂ। ਮੈਂ ਉਨ੍ਹਾਂ ਵਿੱਚੋਂ ਕੁਝ 'ਤੇ ਧਿਆਨ ਕੇਂਦਰਿਤ ਕੀਤਾ ਅਤੇ ਉਨ੍ਹਾਂ 'ਤੇ ਸਮਾਂ ਵੀ ਬਿਤਾਇਆ। ਇੰਨਾ ਹੀ ਨਹੀਂ, ਮੈਂ ਉਨ੍ਹਾਂ ਨੂੰ ਵਾਰ-ਵਾਰ ਸੁਣਿਆ। ਕਈ ਵਾਰ 10 ਤੋਂ ਵੱਧ ਵਾਰ ਪਰ ਅੰਤ ਵਿੱਚ ਮੈਂ ਉਨ੍ਹਾਂ ਨੂੰ ਨਾ ਕਰਨ ਦਾ ਫ਼ੈਸਲਾ ਕੀਤਾ ਕਿਉਂਕਿ ਉਨ੍ਹਾਂ ਦਾ ਮੇਰੇ 'ਤੇ ਕੋਈ ਪ੍ਰਭਾਵ ਨਹੀਂ ਸੀ।

# ਮੈਂ ਹਿੰਦੀ ਫ਼ਿਲਮਾਂ ਦੇਖਣੀਆਂ ਬੰਦ ਕਰ ਦਿੱਤੀਆਂ ਹਨ : ਨਸੀਰੂਦੀਨ ਸ਼ਾਹ



ਦਿੱਗਜ ਅਦਾਕਾਰ ਨਸੀਰੂਦੀਨ ਸ਼ਾਹ ਦਾ ਕਹਿਣਾ ਹੈ ਕਿ ਬਾਲੀਵੁੱਡ 'ਚ ਫਿਲਮ ਨਿਰਮਾਤਾ ਪਿਛਲੀ ਸਦੀ ਤੋਂ ਇਸੇ ਤਰ੍ਹਾਂ ਦੀਆਂ ਫਿਲਮਾਂ ਬਣਾ ਰਹੇ ਹਨ। ਅਦਾਕਾਰ ਨੇ ਕਿਹਾ ਕਿ ਉਸ ਨੇ ਹਿੰਦੀ ਸਿਨੇਮਾ ਦੇਖਣਾ ਛੱਡ ਦਿੱਤਾ ਹੈ। ਨਸੀਰੂਦੀਨ ਨੇ ਆਪਣੀ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਹਿੰਦੀ ਸਿਨੇਮਾ ਲਈ ਇੱਕੋ ਇੱਕ ਉਮੀਦ ਬਚੀ ਹੈ ਕਿ ਫ਼ਿਲਮ ਨਿਰਮਾਤਾ ਪੈਸੇ ਛਾਪਣ ਬਾਰੇ ਸੋਚੇ ਬਿਨਾਂ ਫ਼ਿਲਮਾਂ ਬਣਾਉਣਾ ਸ਼ੁਰੂ ਕਰ ਦੇਣ।

ਨਸੀਰੂਦੀਨ ਸ਼ਾਹ ਜਲਦੀ ਹੀ ਡਿਜ਼ਨੀ ਪਲੱਸ ਹੌਟਸਟਾਰ ਦੀ ਸੀਰੀਜ਼ ਸ਼ੋਅਟਾਈਮ 'ਚ ਨਜ਼ਰ ਆਉਣਗੇ। ਸਮਾਗਮ ਦੌਰਾਨ ਨਸੀਰੂਦੀਨ ਸ਼ਾਹ ਨੇ ਕਿਹਾ ਕਿ ਉਨ੍ਹਾਂ ਨੇ ਫਿਲਮਾਂ ਦੇਖਣੀਆਂ ਬੰਦ ਕਰ ਦਿੱਤੀਆਂ ਹਨ ਅਤੇ ਜਿਸ ਤਰ੍ਹਾਂ ਦੀਆਂ ਫਿਲਮਾਂ ਬਣ ਰਹੀਆਂ ਹਨ, ਉਨ੍ਹਾਂ ਨੂੰ ਪਸੰਦ ਨਹੀਂ ਹਨ। ਅਭਿਨੇਤਾ ਨੇ ਕਿਹਾ ਕਿ ਉਹ ਇਹ ਦੇਖ ਕੇ ਬਹੁਤ ਨਿਰਾਸ਼ ਹਨ ਕਿ ਜਦੋਂ ਹਿੰਦੀ ਸਿਨੇਮਾ 100 ਸਾਲ ਪੂਰੇ ਕਰਦਾ ਹੈ ਤਾਂ ਲੋਕ ਕਿਸ ਤਰ੍ਹਾਂ ਮਾਣ ਮਹਿਸੂਸ ਕਰਦੇ ਹਨ। ਇਹ ਕਹਿੰਦਿਆਂ ਕਿ ਫਿਲਮਾਂ 'ਚ ਕੁਝ ਖਾਸ ਨਹੀਂ ਹੁੰਦਾ। ਨਸੀਰੂਦੀਨ ਨੇ ਕਿਹਾ ਕਿ ਬਹੁਤ ਜਲਦੀ ਲੋਕ ਉਹੀ ਚੀਜ਼ਾਂ ਦੇਖ ਕੇ ਬੋਰ ਹੋ ਜਾਣਗੇ।

ਉਸ ਨੇ ਕਿਹਾ ਕਿ ਇਹ ਸੱਚਮੁੱਚ ਨਿਰਾਸ਼ਾਜਨਕ ਹੈ ਕਿ ਅਸੀਂ ਹਿੰਦੀ ਸਿਨੇਮਾ ਦੇ 100 ਸਾਲ ਪੂਰੇ ਕਰਨ 'ਤੇ ਮਾਣ ਮਹਿਸੂਸ ਕਰਦੇ ਹਾਂ, ਪਰ ਅਸਲ ਵਿੱਚ ਅਸੀਂ ਉਸੇ ਤਰ੍ਹਾਂ ਦੀਆਂ ਫਿਲਮਾਂ ਬਣਾਉਂਦੇ ਰਹਿੰਦੇ ਹਾਂ। ਮੈਂ ਹਿੰਦੀ ਫਿਲਮਾਂ ਦੇਖਣੀਆਂ ਬੰਦ ਕਰ ਦਿੱਤੀਆਂ ਹਨ। ਮੈਨੂੰ ਹੁਣ ਉਹ ਬਿਲਕੁਲ ਵੀ ਪਸੰਦ ਨਹੀਂ ਹਨ। ਨਸੀਰੂਦੀਨ ਸ਼ਾਹ ਨੇ ਕਿਹਾ ਕਿ ਜੇਕਰ ਲੋਕ ਅਜਿਹੀਆਂ ਫਿਲਮਾਂ ਦੇਖਦੇ ਰਹਿਣਗੇ ਤਾਂ ਕੋਈ ਹੱਲ ਨਹੀਂ ਹੋਵੇਗਾ। ਉਨ੍ਹਾਂ ਨੇ ਗੰਭੀਰ ਫਿਲਮਾਂ ਬਣਾਉਣ ਵਾਲੇ ਨਿਰਮਾਤਾਵਾਂ ਨੂੰ ਅੱਜ ਦੀ ਹਕੀਕਤ ਦਿਖਾਉਣ ਦੀ ਕੋਸ਼ਿਸ਼ ਕਰਨ ਦੀ ਸਲਾਹ ਦਿੱਤੀ। ਨਸੀਰੂਦੀਨ ਸ਼ਾਹ ਨੇ ਕਿਹਾ ਕਿ ਇਹ ਉਨ੍ਹਾਂ ਦੀ (ਗੰਭੀਰ ਫਿਲਮ ਨਿਰਮਾਤਾਵਾਂ ਦੀ) ਜ਼ਿੰਮੇਵਾਰੀ ਹੈ ਕਿ ਉਹ ਅੱਜ ਦੀ ਅਸਲੀਅਤ ਨੂੰ ਇਸ ਤਰ੍ਹਾਂ ਦਿਖਾਉਣ ਕਿ ਉਨ੍ਹਾਂ ਦੇ ਖਿਲਾਫ ਕੋਈ ਫਤਵਾ ਜਾਰੀ ਨਾ ਹੋਵੇ, ਜਾਂ ਈਡੀ ਉਨ੍ਹਾਂ ਦੇ ਦਰਵਾਜ਼ੇ 'ਤੇ ਦਸਤਕ ਨਾ ਦੇਵੇ। ਵਰਕ ਫਰੰਟ ਦੀ ਗੱਲ ਕਰੀਏ ਤਾਂ ਸਾਲ 2023 'ਚ ਨਸੀਰੂਦੀਨ ਸ਼ਾਹ ਨੇ ਤਾਜ, ਸਾਸ ਬਹੂ ਔਰ ਫਲੇਮਿੰਗੋ ਵਰਗੇ ਪ੍ਰੋਜੈਕਟ ਦਿੱਤੇ ਹਨ ਅਤੇ ਹੁਣ ਦਰਸ਼ਕ ਉਨ੍ਹਾਂ ਦੀ ਆਉਣ ਵਾਲੀ ਵੈੱਬ ਸੀਰੀਜ਼ 'ਤੇ ਨਜ਼ਰ ਰੱਖ ਰਹੇ ਹਨ, ਜਿਸ 'ਚ ਸਾਨੂੰ ਫਿਲਮ ਇੰਡਸਟਰੀ ਦੀ ਸੱਚਾਈ ਦੀ ਝਲਕ ਦੇਖਣ ਨੂੰ ਮਿਲੇਗੀ।

## ਭਾਰਤ ਤੋਂ ਇਲਾਵਾ ਦੁਨੀਆਂ ਦੇ ਕਈ ਹੋਰ

**ਅਮਰੀਕਾ ਦੀ ਸਥਿਤੀ**

ਸੰਯੁਕਤ ਰਾਜ ਵਿੱਚ ਕਿਸਾਨ ਦਲੀਲ ਦਿੰਦੇ ਹਨ ਕਿ ਵੱਡੀਆਂ ਕਾਰਪੋਰੇਸ਼ਨਾਂ ਉਨ੍ਹਾਂ ਦੀਆਂ ਫਸਲਾਂ ਦੀ ਕੀਮਤ ਨਿਰਧਾਰਤ ਕਰ ਰਹੀਆਂ ਹਨ। 2023 ਵਿੱਚ ਉਤਪਾਦਨ ਲਾਗਤ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਅਜਿਹੇ ਵਿੱਚ ਅਮਰੀਕੀ ਕਿਸਾਨਾਂ 'ਤੇ ਖੇਤੀ ਦਾ ਕੰਮ ਜਾਰੀ ਰੱਖਣ ਲਈ ਵਿੱਤੀ ਦਬਾਅ ਅਰਥਾਤ ਖਰਚਾ ਵਧ ਗਿਆ ਹੈ।

**ਨੀਦਰਲੈਂਡ ਦੇ ਹਾਲਾਤ**

ਡੱਚ ਕਿਸਾਨਾਂ ਨੇ ਦੇਸ਼ ਦੇ ਵੱਡੇ ਪੱਧਰ 'ਤੇ ਪਸ਼ੂ ਪਾਲਣ ਪ੍ਰਣਾਲੀ ਤੋਂ ਨਾਈਟਰਸ ਆਕਸਾਈਡ ਪ੍ਰਦੂਸ਼ਣ ਨੂੰ ਰੋਕਣ ਦੀਆਂ ਯੋਜਨਾਵਾਂ 'ਤੇ ਗੁੱਸਾ ਜ਼ਾਹਰ ਕੀਤਾ ਹੈ। ਪਿਛਲੇ ਜੂਨ ਵਿੱਚ, ਨੀਦਰਲੈਂਡ ਨੇ 2030 ਤੱਕ ਨਾਈਟ੍ਰੋਜਨ ਨਾਲ ਸਬੰਧਤ ਗੈਸਾਂ ਦੇ ਨਿਕਾਸ ਨੂੰ ਅੱਧਾ ਕਰਨ ਦਾ ਟੀਚਾ ਘੋਸ਼ਿਤ ਕੀਤਾ ਸੀ। ਕਿਸਾਨ ਦਲੀਲ ਦਿੰਦੇ ਹਨ ਕਿ ਵਿਮਾਨ ਸੇਵਾਵਾਂ ਵਰਗੀਆਂ ਹੋਰ ਬਹੁਤ ਜ਼ਿਆਦਾ ਪ੍ਰਦੂਸ਼ਣ ਕਰਨ ਵਾਲੀਆਂ ਸਨਅਤਾਂ, ਅਜਿਹੀਆਂ ਸਖ਼ਤ ਪਾਬੰਦੀਆਂ ਦੇ ਅਧੀਨ ਕਿਉਂ ਨਹੀਂ ਹਨ।

**ਗ੍ਰੀਸ ਵਿੱਚ ਵੀ ਨਾਰਾਜ਼ਗੀ**

ਗ੍ਰੀਸ ਵਿੱਚ ਕਿਸਾਨ ਸੰਗਠਨਾਂ ਨੇ ਉੱਚ ਉਤਪਾਦਨ ਲਾਗਤ ਦੇ ਵਿਰੋਧ ਵਿੱਚ ਦੇਸ਼ ਭਰ ਵਿੱਚ ਸੜਕਾਂ ਜਾਮ ਕਰਨ ਦੀ ਧਮਕੀ ਦਿੱਤੀ ਹੈ। ਜਿਸ 'ਤੇ ਯੂਨਾਨ ਸਰਕਾਰ ਦਾ ਕਹਿਣਾ ਹੈ ਕਿ ਉਹ ਇਸ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੇਗੀ।

ਕੁੱਲ ਮਿਲਾ ਕੇ ਦੁਨੀਆਂ ਦੇ ਸਾਰੇ ਦੇਸ਼ਾਂ ਦੇ ਕਿਸਾਨ ਦਲੀਲ ਦਿੰਦੇ ਹਨ ਕਿ ਸਰਕਾਰੀ ਨੀਤੀਆਂ ਕਾਰਨ ਅਸੀਂ ਬਿਜਲੀ, ਖਾਦ ਅਤੇ ਟਰਾਂਸਪੋਰਟ ਦੀਆਂ ਵਧਦੀਆਂ ਕੀਮਤਾਂ ਕਾਰਣ ਖੇਤੀ ਦਾ ਘਾਟਾ ਪੂਰਾ ਕਰਨ ਤੋਂ ਅਸਮਰੱਥ ਹਾਂ। ਵਿਸ਼ਵ ਭਰ ਦੇ ਕਿਸਾਨ ਇੱਕ ਵਿਆਪਕ ਊਰਜਾ ਪਰਿਵਰਤਨ ਨੀਤੀ ਦੇ ਹਿੱਸੇ ਵਜੋਂ, ਡੀਜ਼ਲ ਈਂਧਨ 'ਤੇ ਕਿਸਾਨਾਂ ਲਈ ਟੈਕਸ ਬਰੇਕਾਂ ਨੂੰ ਪੜਾਅਵਾਰ ਖਤਮ ਕਰਨ ਦੀਆਂ ਸਰਕਾਰੀ ਯੋਜਨਾਵਾਂ ਤੋਂ ਵੀ ਨਾਰਾਜ਼ ਹਨ। ਜਦੋਂ ਉਸ ਨੂੰ ਆਪਣੀ ਫ਼ਸਲ ਦਾ ਵਾਜਬ ਮੁੱਲ ਨਹੀਂ ਮਿਲਦਾ ਤਾਂ ਬਾਕੀ ਖਰਚੇ ਲਈ ਪੈਸੇ ਕਿੱਥੋਂ ਮਿਲਣਗੇ।

****

## ਰੂਸ, ਅਮਰੀਕਾ, ਉੱਤਰੀ ਕੋਰੀਆ ਤੇ ਚੀਨ

ਮਿਜ਼ਾਈਲ ਹੈ। ਇਸ ਨੂੰ ਡੋਂਗਫੇਂਗ-41 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਡੀਐਫ-41 ਦੀ ਰੇਂਜ 12,000-15,000 ਕਿਲੋਮੀਟਰ ਮੰਨੀ ਜਾਂਦੀ ਹੈ। ਇਹ ਧਰਤੀ ਦੇ ਕਿਸੇ ਵੀ ਕੋਨੇ 'ਤੇ ਹਮਲਾ ਕਰਨ ਦੇ ਸਮਰੱਥ ਹੈ।

**ਟਰਾਈਡੈਂਟ ਡੀ5 ਮਿਜ਼ਾਈਲ**

ਟ੍ਰਾਈਡੈਂਟ ਡੀ5 ਇੱਕ ਅਮਰੀਕੀ ਪਣਡੁੱਬੀ ਦੁਆਰਾ ਲਾਂਚ ਕੀਤੀ ਗਈ ਮਿਜ਼ਾਈਲ ਹੈ। ਇਸ ਨੂੰ ਅਮਰੀਕੀ ਜਲ ਸੈਨਾ ਦੀ ਓਹੀਓ ਸ਼੍ਰੇਣੀ ਦੀਆਂ ਪਣਡੁੱਬੀਆਂ ਤੋਂ ਦਾਗਿਆ ਜਾ ਸਕਦਾ ਹੈ। ਟ੍ਰਾਈਡੈਂਟ ਡੀ5 ਮਿਜ਼ਾਈਲ ਦੀ ਰੇਂਜ 12,000 ਕਿਲੋਮੀਟਰ ਹੈ।

***

## 'ਸਿਟ' ਵੱਲੋਂ ਅਦਾਲਤ 'ਚ

25 ਅਪ੍ਰੈਲ ਨੂੰ ਪਹਿਲਾਂ ਸਪਲੀਮੈਂਟਰੀ ਚਾਲਾਨ ਪੇਸ਼ ਕੀਤਾ ਸੀ ਫਿਰ 28 ਅਗਸਤ ਨੂੰ ਦੂਜਾ , 15 ਸਤੰਬਰ ਨੂੰ ਤੀਜਾ ਅਤੇ 16 ਸਤੰਬਰ ਨੂੰ ਚੌਥਾ ਸਪਲੀਮੈਂਟਰੀ ਚਲਾਨ ਦਾਇਰ ਕੀਤਾ ਗਿਆ ਸੀ। ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ 2 ਐਫ.ਆਈ.ਆਰ. 129/18 ਅਤੇ 192/15 ਦਰਜ ਹੈ। ਮਾਮਲੇ ਵਿੱਚ ਏ.ਡੀ.ਜੀ.ਪੀ. ਐਲ. ਕੇ. ਯਾਦਵ ਅਤੇ ਐਸ. ਐਸ. ਪੀ. ਬਠਿੰਡਾ ਗੁਲਨੀਤ ਸਿੰਘ ਖੁਰਾਨਾ ਦੀ ਅਗਵਾਈ ਵਾਲੀ ਸਿਟ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਤੋਂ ਇੱਕ ਦਿਨ ਪਹਿਲਾਂ 2400 ਪੇਜਾਂ ਦਾ ਸਪਲੀਮੈਂਟਰੀ ਚਾਲਾਨ ਪੇਸ਼ ਕੀਤਾ ਸੀ । ਇਸ ਤੋਂ ਪਹਿਲਾਂ 24 ਫਰਵਰੀ 2023 ਨੂੰ ਫਰੀਦਕੋਟ ਅਦਾਲਤ ਵਿੱਚ 7 ਹਜ਼ਾਰ ਪੇਜ ਦੀ ਚਾਰਜਸ਼ੀਟ ਦਾਇਰ ਕੀਤੀ ਗਈ ਸੀ

ਅਦਾਲਤ ਨੇ ਚਲਾਨ ਦੀਆਂ ਫਾਈਲਾਂ ਪ੍ਰਾਪਤ ਕਰਨ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ ਪਹਿਲੀ ਮਾਰਚ ਨਿਰਧਾਰਿਤ ਕੀਤੀ ਹੈ। ਅਦਾਲਤ ਨੇ ਮੁਲਜ਼ਮਾਂ ਨੂੰ ਨੋਟਿਸ ਜਾਰੀ ਕਰਕੇ ਪਹਿਲੀ ਮਾਰਚ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਦੀ ਹਦਾਇਤ ਕੀਤੀ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਉਸੇ ਦਿਨ ਹੀ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿੱਚ ਬਹਬਿਲ ਗੋਲੀ ਕਾਂਡ ਦੀ ਵੀ ਸੁਣਵਾਈ ਹੋਣੀ ਹੈ।

***

## ਭਾਰਤੀ ਵਿਦਿਆਰਥੀ ਦੀ ਮੌਤ

ਮਿਲਿਆ ਸੀ। ਧਵਨ ਦੇ ਮਾਪਿਆਂ ਇਸ਼ ਤੇ ਗੀਤੂ ਧਵਨ ਨੇ ਇੱਕ ਖੁੱਲ੍ਹਾ ਪੱਤਰ ਲਿਖ ਕੇ ਯੂਨੀਵਰਸਿਟੀ ਅਧਿਕਾਰੀਆਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਧਵਨ ਦੇ ਲਾਪਤਾ ਹੋਣ ਉਪਰੰਤ ਤੁਰੰਤ ਕਾਰਵਾਈ ਨਹੀਂ ਕੀਤੀ। ਪੱਤਰ ਵਿੱਚ ਕਿਹਾ ਗਿਆ ਹੈ ਕਿ ਜੇਕਰ ਤੁਰੰਤ ਕਾਰਵਾਈ ਕੀਤੀ ਜਾਂਦੀ ਤਾਂ ਧਵਨ ਬਚ ਸਕਦਾ ਸੀ ਕਿਉਂਕਿ ਜਿਸ ਜਗਾ ਤੋਂ ਉਹ ਗਾਇਬ ਹੋਇਆ ਸੀ ਉਸ ਤੋਂ 200 ਫ਼ੁੱਟ ਦੂਰ ਹੀ ਉਹ ਡਿੱਗਾ ਪਿਆ ਮਿਲਿਆ ਸੀ।

****

## ਐਨ.ਆਈ.ਏ. ਵੱਲੋਂ ਪੰਜਾਬ 'ਚ

ਕੀਤੇ ਸਨ। ਐੱਨਆਈਏ ਨੇ ਜਿਨ੍ਹਾਂ ਤਿੰਨ ਮਾਮਲਿਆਂ 'ਤੇ ਕਾਰਵਾਈ ਕੀਤੀ ਹੈ, ਉਹ ਪਾਬੰਦੀਸ਼ੁਦਾ ਸੰਗਠਨ ਅਤੇ ਦੇਸ਼ 'ਚ ਚੱਲ ਰਹੇ ਖਾੜਕੂ-ਗੈਂਗਸਟਰ ਨੈੱਟਵਰਕ ਵੱਲੋਂ ਕੀਤੀਆਂ ਜਾ ਰਹੀਆਂ ਹਿੰਸਕ ਗਤੀਵਿਧੀਆਂ ਨਾਲ ਸਬੰਧਿਤ ਹਨ। ਅਜਿਹੀਆਂ ਗਤੀਵਿਧੀਆਂ ਵਿੱਚ ਸਰਹੱਦ ਪਾਰੋਂ ਹਥਿਆਰ ਅਤੇ ਗੋਲਾ ਬਾਰੂਦ, ਵਿਸਫੋਟਕ, ਆਈਈਡੀ ਆਦਿ ਦੀ ਤਸਕਰੀ ਕਰਨਾ ਸ਼ਾਮਲ ਹੈ। ਟੀਮਾਂ ਨੇ ਕਈ ਥਾਵਾਂ 'ਤੇ ਇਤਰਾਜ਼ਯੋਗ ਸਮੱਗਰੀ ਵੀ ਬਰਾਮਦ ਕੀਤੀ ਹੈ। ਦਰਜਨ ਦੇ ਕਰੀਬ ਵਿਅਕਤੀਆਂ ਤੋਂ ਪੁੱਛ ਪੜਤਾਲ ਕੀਤੀ ਗਈ ਹੈ।

ਐੱਨ. ਆਈ. ਏ. ਦੀ 'ਆਪ' ਦੇ ਬਲਾਕ ਪ੍ਰਧਾਨ ਦੇ ਘਰ 'ਤੇ ਛਾਪੇਮਾਰੀ

ਐੱਨ. ਆਈ. ਏ. ਦੀ ਟੀਮ ਨੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਦੇ ਘਰ ਸਮੇਤ ਜ਼ਿਲ੍ਹੇ ਵਿੱਚ ਪੰਜ ਥਾਵਾਂ 'ਤੇ ਛਾਪੇਮਾਰੀ ਕੀਤੀ। ਕਰੀਬ ਦੋ ਤੋਂ ਤਿੰਨ ਘੰਟੇ ਤੱਕ ਚੱਲੀ ਇਸ ਛਾਪੇਮਾਰੀ ਦੌਰਾਨ ਐੱਨ.ਆਈ.ਏ. ਦੀ ਟੀਮ ਨੇ ਉਕਤ ਵਿਅਕਤੀਆਂ ਦੇ ਘਰੋਂ ਕੁਝ ਦਸਤਾਵੇਜ਼ ਜ਼ਬਤ ਕੀਤੇ ਅਤੇ ਉਨ੍ਹਾਂ ਨੂੰ 5 ਮਾਰਚ ਨੂੰ ਐੱਨ.ਆਈ.ਏ. ਦਫ਼ਤਰ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ। ਐੱਨ. ਆਈ. ਏ. ਦੀ ਟੀਮ ਨੇ ਜ਼ਿਲ੍ਹੇ ਦੇ ਬਾਲਿਆਂਵਾਲੀ, ਰਾਮਪੁਰਾ ਪਿੰਡਾਂ ਅਤੇ ਸੰਗਤ ਮੰਡੀ ਦੇ ਡੂਮਵਾਲੀ ਅਤੇ ਪਥਰਾਲਾ ਪਿੰਡਾਂ ਦਾ ਦੌਰਾ ਕੀਤਾ। ਜਾਣਕਾਰੀ ਅਨੁਸਾਰ ਐੱਨ.ਆਈ.ਏ. ਦੀ ਟੀਮ ਨੇ 'ਆਪ' ਦੇ ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਨੀਟਾ ਵਾਸੀ ਡੂਮਵਾਲੀ ਥਾਣਾ ਸੰਗਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਸੰਗਤ ਮੰਡੀ ਦੇ ਘਰ ਛਾਪਾ ਮਾਰਿਆ। ਇਹ ਕਾਰਵਾਈ ਕਰੀਬ ਤਿੰਨ ਘੰਟੇ ਚੱਲੀ। ਹਾਲਾਂਕਿ ਐੱਨ.ਆਈ.ਏ. ਦੀ ਟੀਮ ਨੂੰ ਨੀਟਾ ਦੇ ਘਰ ਤੋਂ ਕੁਝ ਨਹੀਂ ਮਿਲਿਆ ਹੈ ਪਰ ਟੀਮ ਕੁਝ ਦਸਤਾਵੇਜ਼ ਆਪਣੇ ਨਾਲ ਲੈ ਗਈ ਹੈ। ਇਸ ਤੋਂ ਬਾਅਦ ਐੱਨ.ਆਈ.ਏ. ਦੀ ਟੀਮ ਨੇ ਪਿੰਡ ਸੰਗਤ ਮੰਡੀ ਦੇ ਪਿੰਡ ਪਥਰਾਲਾ ਥਾਣਾ ਸੰਗਤ ਜ਼ਿਲ੍ਹਾ ਬਠਿੰਡਾ ਦੇ ਵਾਸੀ ਸੋਨੂੰ ਕੁਮਾਰ ਦੇ ਘਰ ਦਾ ਦੌਰਾ ਕੀਤਾ। ਐੱਨ. ਆਈ. ਏ. ਦੀ ਟੀਮ ਨੇ ਪਥਰਾਲਾ ਪਿੰਡ ਵਿੱਚ ਸੋਨੂੰ ਸ਼ਰਮਾ ਦੇ ਘਰ ਵੀ ਛਾਪਾ ਮਾਰਿਆ। ਉਨ੍ਹਾਂ ਨੂੰ 5 ਮਾਰਚ ਨੂੰ ਦਿੱਲੀ ਬੁਲਾਇਆ ਗਿਆ ਹੈ। ਸੋਨੂੰ ਸ਼ਰਮਾ ਦਾ ਕਹਿਣਾ ਹੈ ਕਿ ਉਹ ਛੋਟਾ ਕਿਸਾਨ ਹੈ। ਉਸ ਨੂੰ ਨਹੀਂ ਪਤਾ ਕਿ ਐੱਨ. ਆਈ. ਏ. ਨੇ ਉਸ ਦੇ ਘਰ ਛਾਪਾ ਕਿਉਂ ਮਾਰਿਆ। ਐੱਨ. ਆਈ. ਏ. ਦੀ ਟੀਮ ਨੇ ਘਰ ਵਿੱਚ ਮੌਜੂਦ ਲੋਕਾਂ ਅਤੇ ਔਰਤਾਂ ਤੋਂ ਪੁੱਛਿਆ ਕਿ ਕੀ ਉਨ੍ਹਾਂ ਦਾ ਪੁੱਤਰ ਕਿਸਾਨ ਅੰਦੋਲਨ ਵਿਚ ਜਾ ਰਿਹਾ ਹੈ। ਇਸ ਲਈ ਅਸੀਂ ਕਿਹਾ ਕਿ ਅਸੀਂ ਜਾ ਰਹੇ ਹਾਂ ਕਿਉਂਕਿ ਅਸੀਂ ਮੱਧ ਵਰਗ ਦੇ ਕਿਸਾਨ ਹਾਂ ਅਤੇ ਅਸੀਂ ਵੀ ਕਿਸਾਨਾਂ ਦੀਆਂ ਮੰਗਾਂ ਲਈ ਜਾ ਰਹੇ ਹਾਂ ਅਤੇ ਅਸੀਂ ਕਿਸਾਨ ਅੰਦੋਲਨ ਵਿੱਚ ਜਾਂਦੇ ਰਹਾਂਗੇ ਪਰ ਉਨ੍ਹਾਂ ਨੇ ਹੋਰ ਕੁਝ ਨਹੀਂ ਕਿਹਾ ਅਤੇ ਆਉਣ ਦੇ ਆਦੇਸ਼ ਦਿੱਤੇ ਗਏ। ਇਸੇ ਤਰ੍ਹਾਂ ਤੀਸਰੀ ਛਾਪੇਮਾਰੀ ਇਕਬਾਲ ਸਿੰਘ ਵਾਸੀ ਫਰੀਦ ਨਗਰ ਮੰਡੀ, ਰਾਮਪੁਰ ਥਾਣਾ ਸਿਟੀ, ਜ਼ਿਲ੍ਹਾ ਰਾਮਪੁਰ ਦੇ ਘਰ ਹੋਈ। ਕਰੀਬ ਦੋ ਘੰਟੇ ਤੱਕ ਚੱਲੀ ਇਸ ਛਾਪੇਮਾਰੀ ਦੌਰਾਨ ਟੀਮ ਵੱਲੋਂ ਘਰ ਦੀ ਤਲਾਸ਼ੀ ਲਈ ਗਈ। ਹਾਲਾਂਕਿ ਟੀਮ ਨੇ ਛਾਪੇਮਾਰੀ ਨਾਲ ਜੁੜੀ ਕੋਈ ਵੀ ਜਾਣਕਾਰੀ ਮੀਡੀਆ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ।

ਰਵਾਨਾ ਹੋਣ ਸਮੇਂ ਟੀਮ ਅਧਿਕਾਰੀਆਂ ਨੇ ਇਕਬਾਲ ਸਿੰਘ ਦੇ ਨਾਂ 'ਤੇ ਪਰਿਵਾਰ ਨੂੰ ਇਕ ਨੋਟਿਸ ਦਿੱਤਾ, ਜਿਸ 'ਚ ਉਨ੍ਹਾਂ ਨੂੰ ਅਪਰਾਧਿਕ ਮਾਮਲੇ ਦੀ ਜਾਂਚ ਲਈ 5 ਮਾਰਚ ਨੂੰ ਦਿੱਲੀ ਸਥਿਤ ਐੱਨ. ਆਈ. ਏ. ਹੈੱਡਕੁਆਰਟਰ 'ਚ ਪਹੁੰਚਣ ਦਾ ਹੁਕਮ ਦਿੱਤਾ ਗਿਆ ਸੀ। ਜਦਕਿ ਚੌਥਾ ਛਾਪਾ ਸ਼ੇਰ ਬਲਵੰਤ ਸਿੰਘ ਵਾਸੀ ਪਿੰਡ ਬਾਲਿਆਂਵਾਲੀ ਥਾਣਾ ਬਾਲਿਆਂਵਾਲੀ ਜ਼ਿਲ੍ਹਾ ਬਠਿੰਡਾ, ਪੰਜਵਾਂ ਛਾਪਾ ਜੱਗੀ ਖਾਨ ਵਾਸੀ ਪਿੰਡ ਕੋਟੜਾ ਕੌੜਾ ਥਾਣਾ ਬਾਲਿਆਂਵਾਲੀ ਜ਼ਿਲ੍ਹਾ ਬਠਿੰਡਾ ਦੇ ਮਾਰਿਆ ਗਿਆ। ਕਰੀਬ ਤਿੰਨ ਘੰਟੇ ਤੱਕ ਚੱਲੀ ਇਸ ਛਾਪੇਮਾਰੀ ਤੋਂ ਬਾਅਦ ਐੱਨ.ਆਈ.ਏ. ਦੀ ਟੀਮ ਜੱਗੀ ਖਾਨ ਦੇ ਭਰਾ ਸੋਨੀ ਖਾਨ ਨੂੰ ਆਪਣੇ ਨਾਲ ਲੈ ਗਈ।

ਉਧਰ, ਐੱਨ.ਆਈ.ਏ. ਵੱਲੋਂ ਬਰਨਾਲਾ ਦੇ ਪਿੰਡ ਹਮੀਦੀ ਵਿੱਚ ਰੇਸ਼ਮ ਸਿੰਘ ਦੇ ਘਰ ਛਾਪਾ ਮਾਰਿਆ ਗਿਆ। ਜ਼ਿਕਰਯੋਗ ਹੈ ਕਿ ਕਰੀਬ ਡੇਢ ਸਾਲ ਪਹਿਲਾਂ ਸੰਗਰੂਰ ਪੁਲਿਸ ਵੱਲੋਂ ਰੇਸ਼ਮ ਸਿੰਘ ਨੂੰ ਖ਼ਾਲਿਸਤਾਨੀ ਨਾਅਰੇ ਲਿਖਣ ਦੇ ਕਥਿਤ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਕਾਰਵਾਈ ਨੂੰ ਇਸੇ ਸੰਦਰਭ ਵਿੱਚ ਵੇਖਿਆ ਜਾ ਰਿਹਾ ਹੈ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਮਹਿਲ ਕਲਾਂ ਨਾਥ ਸਿੰਘ ਹਮੀਦੀ ਨੇ ਮੌਕੇ 'ਤੇ ਪੁੱਜ ਕੇ ਕੇਂਦਰੀ ਜਾਂਚ ਏਜੰਸੀ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਰੇਸ਼ਮ ਸਿੰਘ ਪਿਛਲੇ ਦੋ ਸਾਲ ਤੋਂ ਜੇਲ ਵਿੱਚ ਬੰਦ ਹੈ ਪਰ ਕੇਂਦਰ ਦੀ ਸਰਕਾਰ ਕਿਸਾਨੀ ਸੰਘਰਸ਼ ਨੂੰ ਦਬਾਉਣ ਲਈ ਆਪਣੀਆਂ ਏਜੰਸੀਆਂ ਰਾਹੀਂ ਪੰਜਾਬ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਦੀਆਂ ਅਜਿਹੀਆਂ ਕਾਰਵਾਈਆਂ ਨਾਲ ਜਿੱਥੇ ਕਿਸਾਨੀ ਸੰਘਰਸ਼ ਨੂੰ ਢਾਹ ਲੱਗੇਗੀ ਉਥੇ ਹੀ ਕੌਮੀ ਘਰ ਦੀ ਪ੍ਰਾਪਤੀ ਲਈ ਯਤਨਸ਼ੀਲ ਨੌਜਵਾਨਾਂ ਦੇ ਯਤਨਾਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪਰਿਵਾਰ ਮਿਹਨਤ ਮਜ਼ਦੂਰੀ ਵਾਲਾ ਪਰਿਵਾਰ ਹੈ ਜਿਸ ਨੂੰ ਏਜੰਸੀਆਂ ਵੱਲੋਂ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਇਸ ਗੱਲ ਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ । ਇਸ ਮੌਕੇ ਕੇਂਦਰੀ ਜਾਂਚ ਏਜੰਸੀ ਦੇ ਡੀ.ਐੱਸ.ਪੀ. ਇਸਾਨ ਮਹਿਰਾ ਸਮੇਤ ਦੋ ਟੀਮ ਮੈਂਬਰ, ਥਾਣਾ ਠੁੱਲ੍ਹੀਵਾਲ ਮੁਖੀ ਬਲਦੇਵ ਸਿੰਘ ਮਾਨ, ਜਗਜੀਤ ਸਿੰਘ ਜੇਈ ਪੰਚਾਇਤੀ ਰਾਜ, ਕੀਰਤੀ ਜਿੰਦਲ ਜੇਈ ਪਾਵਰਕਾਮ ਪੁਲਿਸ ਪਾਰਟੀ ਤੋਂ ਇਲਾਵਾ ਪੰਚ ਅਮਰ ਸਿੰਘ, ਭੁਪਿੰਦਰ ਸਿੰਘ ਢੀਂਡਸਾ, ਬੰਤ ਸਿੰਘ, ਮਗਰ ਸਿੰਘ ਅਮਰ ਸਿੰਘ ਪੱਪੂ ਸਿੰਘ ਪਿੰਡ ਵਾਸੀਆਂ ਤੋਂ ਇਲਾਵਾ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949



## ਸਿੱਖ ਨਸਲਕੁਸ਼ੀ ਦੀ ਜੜ੍ਹ

ਬੇਨਤੀ ਇਹ ਹੈ ਕਿ ਜੇ ਤੁਸੀਂ ਪੰਜਾਬ ਅਤੇ ਪੰਥ ਲਈ ਫ਼ਿਕਰਮੰਦ ਹੋ ਅਤੇ ਕੁਝ ਕਰਨਾ ਚਾਹੁੰਦੇ ਹੋ ਤਾਂ ਆਪਣੀ ਕੋਈ ਦਿਸ਼ਾ ਬਣਾਓ ਅਤੇ ਫਿਰ ਉਸੇ ਦਿਸ਼ਾ ਵਿੱਚ ਆਪਣੇ ਅੰਦਰ ਕਲਾ ਪੈਦਾ ਕਰਨ ਲਈ ਸਾਰਾ ਕੁਝ ਝੋਕ ਦਿਓ। ਜੋ ਵੀ ਕੰਮ ਕਰੋ ਸਿਰੇ ਦਾ ਹੀ ਕਰੋ। ਕੰਮ ਸਾਰੇ ਹੀ ਇੱਕੋ ਜਿਹੇ ਹਨ, ਕੋਈ ਊਚ ਨੀਚ ਨਹੀਂ। ਪਰ ਸਾਰੇ ਪਾਸੇ ਨਾ ਭੱਜੋ। ਆਪਣੀ ਦਿਸ਼ਾ ਨਿਰਧਾਰਤ ਕਰੋ।
ਜੇ ਤੁਹਾਨੂੰ ਫ਼ਿਲਮਾਂ ਬਣਾਉਣ ਦਾ ਸ਼ੌਕ ਹੈ ਤਾਂ ਫ਼ਿਲਮ ਬਣਾਉਣ ਤੋਂ ਪਹਿਲਾਂ ਘੱਟੋ ਘੱਟ ਪੰਜ ਦਸ ਸਾਲ ਉਸ ਕੰਮ ਨੂੰ ਸਿੱਖਣ ਵਿੱਚ ਲਾਓ। ਫੇਰ ਅਜਿਹੀ ਫਿਲਮ ਬਣਾਓ ਕਿ ਵੇਖਣ ਵਾਲੇ ਦੇ ਤਾਰ ਅੰਦਰੋਂ ਬਾਹਰੋਂ ਹਿੱਲ ਜਾਣ। ਜੇ ਕਿਤਾਬਾਂ ਲਿਖਣ ਦਾ ਸ਼ੌਕ ਹੈ ਤਾਂ ਪਹਿਲਾਂ ਨਿੱਠ ਕੇ ਪੜ੍ਹੋ। ਜੇ ਗਾਉਣ ਦਾ ਸ਼ੌਕ ਹੈ ਤਾਂ ਗਾਉਣਾ ਸਿੱਖੋ। ਜੇ ਪੱਤਰਕਾਰੀ ਕਰਨੀ ਹੈ ਤਾਂ ਪੱਤਰਕਾਰੀ ਦੀ ਕਲਾ ਸਿੱਖੋ।
ਮੀਡੀਏ ਵਿੱਚ ਸਿੱਖ ਵਿਰੋਧੀ ਬਿਰਤਾਂਤ ਦਹਾਕਿਆਂ ਤੋਂ ਆ ਰਹੇ ਹਨ ਅਤੇ ਹੋਰ ਵੀ ਆਉਣੇ ਹਨ। ਇਹਨਾਂ ਦਾ ਵਿਰੋਧ ਕਰਨਾ ਬਹੁਤ ਵਧੀਆ ਗੱਲ ਹੈ। ਵੱਧ ਤੋਂ ਵੱਧ ਕਰਨਾ ਚਾਹੀਦਾ ਹੈ। ਪਰ ਇਕੱਲੇ ਵਿਰੋਧ ਨਾਲ ਗੱਲ ਨਹੀਂ ਬਣਨੀ। ਸਾਨੂੰ ਆਪਣਾ ਬਿਰਤਾਂਤ ਵੀ ਸਿਰਜਣਾ ਪੈਣਾ ਹੈ, ਪਰ ਤੁਹਾਡੇ ਚਰਨਾਂ ਵਿੱਚ ਬੇਨਤੀ ਹੈ ਕਿ ਕੱਚੇ ਪਿੱਲੇ ਬਿਰਤਾਂਤ ਨਾ ਸਿਰਜੋ। ਜੇ ਕੋਈ ਕੰਮ ਕਰਨਾ ਹੈ ਤਾਂ ਸਿਰੇ ਦਾ ਕਰੋ। ਉਸਨੂੰ ਪਹਿਲਾਂ ਸਿੱਖੋ। ਇਸ ਕੰਮ ਵਿੱਚ ਸਭ ਤੋਂ ਵੱਡਾ ਅੜਿੱਕਾ ਇਹ ਹੁੰਦੈ ਕਿ ਬੰਦੇ ਨੂੰ ਆਪਣੀ ਆਰਥਿਕ ਸੁਰੱਖਿਆ ਦਾਅ 'ਤੇ ਲਾਉਣੀ ਪੈਂਦੀ ਹੈ ਪਰ ਜੇ ਤੁਸੀਂ ਕੋਈ ਨਿੱਗਰ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ ਏਨਾ ਕੁ ਤਾਂ ਕਰਨਾ ਹੀ ਪੈਣਾ ਹੈ।

***

## ਪੰਜਾਬ ਨੂੰ ਆਰਥਿਕ ਤੇ

ਪੰਜਾਬੀਆਂ ਲਈ ਫ਼ਖ਼ਰ ਦੀ ਇਕ ਹੋਰ ਗੱਲ ਇਹ ਵੀ ਹੈ ਕਿ ਬੀਤੀ 30 ਜੂਨ ਨੂੰ ਪੰਜਾਬੀ ਮੂਲ ਦੇ ਸ. ਬਲਤੇਜ ਸਿੰਘ ਢਿੱਲੋਂ ਨੂੰ ਵੱਕਾਰੀ ਸੰਸਥਾ 'ਵਰਕਸੇਫ਼ ਬੋਰਡ ਆਫ਼ ਡਾਇਰੈਕਟਰਜ਼' ਦਾ ਤਿੰਨ ਵਰ੍ਹਿਆਂ ਲਈ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸ. ਬਲਤੇਜ ਸਿੰਘ ਨੂੰ ਜਿੱਥੇ 'ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ' ਦੇ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਹੋਣ ਦਾ ਸ਼ਰਫ਼ ਹਾਸਿਲ ਹੈ ਉੱਥੇ ਹੀ ਇਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਦੇ ਫ਼ਲਸਰੂਪ ਇਨ੍ਹਾਂ ਨੂੰ ਮਹਾਰਾਣੀ ਐਲਿਜ਼ਾਬੈਥ-2 ਵੱਲੋਂ 'ਗੋਲਡਨ ਅਤੇ ਡਾਇਮੰਡ ਜੁਬਲੀ ਮੈਡਲਾਂ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।
ਇਥੇ ਇਹ ਦਿਲਚਸਪ ਤੱਥ ਵੀ ਦੱਸਣਾ ਬਣਦਾ ਹੈ ਕਿ ਵਰਤਮਾਨ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਕੈਨੇਡਾ ਗਏ 2,26,450 ਭਾਰਤੀ ਵਿਦਿਆਰਥੀਆਂ ਵਿਚੋਂ 70 ਹਜ਼ਾਰ ਵਿਦਿਆਰਥੀ ਪੰਜਾਬ ਤੋਂ ਸਨ, ਜੋ ਕਿ 20 ਫ਼ੀਸਦੀ ਦੇ ਕਰੀਬ ਬਣਦਾ ਹੈ। ਆਰਥਿਕ ਮਾਹਿਰਾਂ ਵਲੋਂ ਦਿੱਤੇ ਗਏ ਇੱਕ ਅੰਦਾਜ਼ੇ ਮੁਤਾਬਿਕ ਹਰ ਸਾਲ ਪੰਜਾਬ ਦਾ 27 ਹਜ਼ਾਰ ਕਰੋੜ ਰੁਪਿਆ ਕੈਨੇਡਾ ਪੁੱਜ ਰਿਹਾ ਹੈ ਤੇ ਹਰ ਬੀਤਦੇ ਸਾਲ ਨਾਲ ਇਹ ਰਕਮ ਵਧਦੀ ਜਾ ਰਹੀ ਹੈ। ਇਹ ਅੰਕੜੇ ਭਾਰਤ ਸਰਕਾਰ ਅਤੇ ਖ਼ਾਸ ਕਰਕੇ ਪੰਜਾਬ ਸਰਕਾਰ ਲਈ ਚਿੰਤਾ ਦਾ ਵਿਸ਼ਾ ਹੋਣੇ ਚਾਹੀਦੇ ਹਨ ਕਿ ਅਸੀਂ ਪਰਵਾਸ ਦੇ ਮਾਰਗ ਰਾਹੀਂ ਕੇਵਲ ਆਪਣੇ ਦੇਸ਼ ਦੇ ਹੋਣਹਾਰ ਨੌਜਵਾਨਾਂ ਨੂੰ ਹੀ ਬੇਗਾਨੇ ਮੁਲਕਾਂ 'ਚ ਨਹੀਂ ਭੇਜ ਰਹੇ ਹਾਂ, ਸਗੋਂ ਉਹ ਵੱਡਾ ਵਿੱਤੀ ਸਰਮਾਇਆ ਵੀ ਕੈਨੇਡਾ ਦੀ ਝੋਲੀ ਪਾ ਰਹੇ ਹਾਂ, ਜੋ ਸਾਡੇ ਦੇਸ਼ ਜਾਂ ਸਾਡੇ ਸੂਬੇ ਦੇ ਵਿਕਾਸ 'ਚ ਕੰਮ ਆ ਸਕਦਾ ਸੀ। ਪੰਜਾਬੀਆਂ ਦੀ ਕੈਨੇਡਾ ਜਾਂ ਹੋਰ ਵਿਦੇਸ਼ੀ ਮੁਲਕਾਂ 'ਚ ਜਾ ਕੇ ਵਸਣ ਦੀ ਜੋ ਹੋੜ ਲੱਗੀ ਹੋਈ ਹੈ, ਉਹ ਪੰਜਾਬ ਨੂੰ ਆਰਥਿਕ ਤੇ ਬੌਧਿਕ ਕੰਗਾਲੀ ਦੇ ਨਾਲ-ਨਾਲ ਵੱਡੀ ਤਬਾਹੀ ਵੱਲ ਵੀ ਧੱਕ ਰਹੀ ਹੈ।

***

## ਚੋਣਾਂ ਦੇ ਸਮਿਆਂ 'ਚ,

ਅੰਤਰਰਾਸ਼ਟਰੀ ਪੱਧਰ 'ਤੇ ਇਸਦਾ ਸਥਾਨ 85ਵਾਂ ਹੈ। ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਅੰਤਰਰਾਸ਼ਟਰੀ ਦ੍ਰਿਸ਼ 'ਚ ਬਦਨਾਮੀ ਖੱਟ ਚੁੱਕਾ ਹੈ। ਦੇਸ਼ ਬੁਰੀ ਤਰ੍ਹਾਂ ਕਰਜ਼ਾਈ ਹੈ। ਇਸ ਸਿਰ 205 ਲੱਖ ਕਰੋੜ ਕਰਜ਼ਾ ਹੈ।
ਚੋਣ ਵੇਲਿਆਂ 'ਚ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਭ੍ਰਿਸ਼ਟਾਚਾਰ, ਸਿਹਤ, ਸਿੱਖਿਆ, ਵਾਤਾਵਰਨ, ਮੁੱਖ ਮੁੱਦੇ ਹੋਣੇ ਚਾਹੀਦੇ ਹਨ। ਲੋਕਾਂ ਕੋਲ ਰੋਟੀ, ਕੱਪੜਾ, ਮਕਾਨ ਹੈ ਜਾਂ ਨਹੀਂ, ਇਹ ਮੁੱਦਾ ਗੰਭੀਰ ਹੈ।
ਮੁੱਦੇ ਤਾਂ ਇਹ ਵੀ ਚੁਕਣੇ ਬਣਦੇ ਹਨ ਕਿ ਕੀ ਧਰਮ ਦੇ ਨਾਂਅ ਉਤੇ ਸਿਆਸਤ ਜਾਇਜ਼ ਹੈ? ਕੀ ਦੇਸ਼ ਵਿੱਚ ਸੰਘੀ ਢਾਂਚੇ ਦੀ ਸੰਘੀ ਘੁੱਟਕੇ ਲੋਕਤੰਤਰ ਦਾ ਘਾਣ ਨਹੀਂ ਕੀਤਾ ਜਾ ਰਿਹਾ? ਕੀ ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜਨ ਲਈ ਦਲ ਬਦਲੀ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ?
ਕੀ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬੇਖੌਫ ਹੋ ਕੇ ਜੀਊਣ ਦਾ ਹੱਕ ਖੋਹਿਆ ਜਾਣਾ ਠੀਕ ਹੈ? ਕੀ ਦੇਸ਼ 'ਚ ਇੱਕ ਦੇਸ਼, ਇੱਕ ਕੌਮ, ਇੱਕ ਬੋਲੀ, ਇੱਕ ਚੋਣ ਦੀ ਰਾਜਨੀਤੀ ਨੂੰ ਲਾਗੂ ਕਰਨਾ ਡਿਕਟੇਟਰਾਨਾ ਸੋਚ ਵੱਲ ਦੇਸ਼ ਨੂੰ ਵਧਾਉਣਾ ਨਹੀਂ? ਜੋ ਸਾਡੇ ਅਨੁਸਾਰ ਨਹੀਂ ਸੋਚਦਾ, ਜੋ ਸਾਡੇ ਅਨੁਸਾਰ ਨਹੀਂ ਬੋਲਦਾ, ਉਸ ਉਤੇ ਦੇਸ਼ ਧ੍ਰੋਹੀ ਦਾ ਫੱਟਾ ਲਾਉਣਾ ਕੀ ਦੇਸ਼ ਦਾ ਜਮਹੂਰੀ ਖਾਸਾ ਬਦਲਣਾ ਨਹੀਂ?
ਬਿਨ੍ਹਾਂ ਸ਼ੱਕ ਦੇਸ਼ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਹਨਾਂ ਮੁੱਦਿਆਂ ਸਬੰਧੀ ਚੋਣ ਮੈਨੀਫੈਸਟੋ ਜਾਰੀ ਕਰਨਗੀਆਂ। ਸਰਕਾਰ ਆਪਣੀਆਂ ਪ੍ਰਾਪਤੀਆਂ ਨੂੰ ਗਿਣਾਏਗੀ। ਆਪਣੇ ਵਿਰੋਧੀ ਭ੍ਰਿਸ਼ਟ ਨੇਤਾਵਾਂ, ਪਰਿਵਾਰਵਾਦ ਦੇ ਚਿੱਠੇ ਫਰੋਲੇਗੀ। ਪਰ ਉਹ ਆਪਣੇ ਭ੍ਰਿਸ਼ਟ ਨੇਤਾਵਾਂ ਜਾਂ ਆਪਣੀ ਪਾਰਟੀ 'ਚ ਚੋਣਾਂ ਵੇਲੇ ਸ਼ਾਮਲ ਲੋਕਾਂ ਦਾ ਨੰਗ ਢੱਕ ਲਵੇਗੀ। ਵਿਰੋਧੀ ਧਿਰਾਂ ਵੀ ਸਰਕਾਰ ਦੇ ਪਾਜ ਖੋਹਲਣ ਲਈ ਯਤਨਸ਼ੀਲ ਹੋਣਗੀਆਂ। ਪਰ ਕੀ ਉਹ ਆਮ ਲੋਕਾਂ ਦੀਆਂ ਮੁੱਖ ਲੋੜਾਂ ਅਤੇ ਲੋਕਾਂ ਦੀ ਅਸਲ ਸਥਿਤੀ, ਆਪਣੇ ਲੋਕਾਂ ਦੀ ਕਚਿਹਰੀ 'ਚ ਪੇਸ਼ ਕਰਨ ਲਈ ਕਾਮਯਾਬ ਹੋ ਸਕਣਗੀਆਂ?
ਆਉਣ ਵਾਲੀ ਤਿਮਾਹੀ ਦੇਸ਼ ਲਈ ਅਹਿਮ ਹੈ। ਆਮ ਲੋਕਾਂ ਨੂੰ ਉਹਨਾਂ "ਪ੍ਰਮੁੱਖ ਲੋਕਾਂ" ਦੇ ਧੱਕੇ ਧੌਂਸ, ਰੌਲੇ, ਰੱਪੇ ਨੂੰ ਸੁਨਣਾ ਪਵੇਗਾ, ਜਿਹਨਾਂ ਨੂੰ ਉਹ ਕਈ ਹਾਲਤਾਂ 'ਚ ਮਨੋਂ ਪਸੰਦ ਨਹੀਂ ਕਰਦੇ। ਅਸਲ 'ਚ ਲੋਕਾਂ ਲਈ, ਇਹ ਨੇਤਾ ਉਹਨਾਂ ਦੀ ਮਜ਼ਬੂਰੀ ਬਣ ਚੁੱਕੇ ਹਨ, ਕਿਉਂਕਿ ਇਹਨਾਂ ਨੇਤਾਵਾਂ ਨੇ ਲੋਕਾਂ ਨੂੰ ਕੁਝ ਹੱਦ ਤੱਕ ਇੰਨਾ ਬੇਵੱਸ ਕਰ ਦਿੱਤਾ ਹੋਇਆ ਹੈ ਕਿ ਉਹ ਬੋਲਦੇ ਹੀ ਨਹੀਂ ਹਨ, ਧੱਕਾ ਸਹੀ ਜਾਂਦੇ ਹਨ ਅਤੇ ਸਿਰਫ਼ ਉਹਨਾਂ ਦੀ ਵੋਟ ਬੈਂਕ ਬਣਕੇ ਰਹਿ ਗਏ ਹਨ ਜਾਂ ਉਹਨਾਂ ਵੱਲੋਂ ਮਧੁਰ ਧਰਮੀ ਬਾਣੀ 'ਚ ਕੀਲੇ ਕਿਸੇ ਸਾਰਥਕ ਸੋਚ ਤੋਂ ਸੱਖਣੇ, ਰੋਟੀ, ਪਾਣੀ ਦਾ ਆਹਾਰ ਕਰਨ ਤੱਕ ਸੀਮਤ ਕਰ ਦਿੱਤੇ ਗਏ ਹਨ।
ਲੋਕਾਂ ਦੀ ਸਾਣ 'ਤੇ ਲੱਗੀ ਸੋਚ, ਇਸ ਸੋਚ ਨੂੰ ਕਦੇ ਖ਼ਤਮ ਕਰਨ ਦੇ ਸਮਰੱਥ ਹੋਏਗੀ ਕਿ ਚੋਣ ਦੇ ਸਮਿਆਂ 'ਚ ਸੱਭੋ ਕੁਝ ਜਾਇਜ਼ ਹੈ ਜਾਂ ਨਹੀਂ। ਇਹ ਤਾਂ ਆਉਣ ਵਾਲੀਆਂ ਚੋਣਾਂ ਦੱਸਣਗੀਆਂ ਜਾਂ ਫਿਰ ਭਵਿੱਖ!

***

## ਕਈ ਮਸਲਿਆਂ ਦਾ ਹੱਲ ਹੈ

ਨਾਲ ਹੀ ਇਸ ਨਾਲ ਸਾਡੇ ਸਥਾਨਕ ਉਦਯੋਗਾਂ ਦਾ ਨਿਰਮਾਣ ਵੀ ਹੋਵੇਗਾ। ਹਾਈਡ੍ਰੋਜਨ ਈਂਧਨ ਦੀ ਇਸ ਵਿਗਿਆਨਕ ਕ੍ਰਾਂਤੀ ਨਾਲ ਬਹੁਤ ਸਾਰੀਆਂ ਨੌਕਰੀਆਂ ਪੈਦਾ ਹੋ ਸਕਦੀਆਂ ਹਨ ਅਤੇ ਸਾਨੂੰ ਇਨ੍ਹਾਂ ਦੇਸ਼ਾਂ 'ਤੇ ਨਿਰਭਰ ਵੀ ਨਹੀਂ ਹੋਣਾ ਪਵੇਗਾ। ਤੇਲ ਨਾਲ ਖ਼ੁਸ਼ਹਾਲ ਕੁਝ ਦੇਸ਼ਾਂ ਦੀਆਂ ਨੀਤੀਆਂ ਵੀ ਸਾਡੇ ਅਨੁਕੂਲ ਨਹੀਂ। ਭਾਰਤ ਦਾ ਗਰੀਨ ਹਾਈਡ੍ਰੋਜਨ ਮਿਸ਼ਨ ਬਿਹਤਰ ਅਤੇ ਸ਼ਤ ਪ੍ਰਤੀਸ਼ਤ ਸਵੱਛ ਹੈ ਪਰ ਕਿਸੇ ਵੀ ਮਹੱਤਵਪੂਰਨ ਮਿਸ਼ਨ ਦੀ ਤਰ੍ਹਾਂ ਇਸ ਵਿਚ ਵੀ ਚੁਣੌਤੀਆਂ ਹਨ। ਪਹਿਲਾ ਹੈ, ਕੁਸ਼ਲ ਇੰਜਨ ਦਾ ਨਿਰਮਾਣ ਅਤੇ ਕਿਫ਼ਾਇਤੀ ਵਾਹਨ ਵਿਕਸਤ ਕਰਨਾ ਜੋ ਇਸ ਨਵੇਂ ਈਂਧਨ 'ਤੇ ਚੱਲ ਸਕਣ। ਸਾਡੇ ਘਰੇਲੂ ਉਦਯੋਗ ਇੰਨੇ ਮਜ਼ਬੂਤ ਹਨ ਅਤੇ ਸਾਡਾ ਬਾਜ਼ਾਰ ਇੰਨਾ ਵੱਡਾ ਹੈ ਕਿ ਨਵੇਂ ਇੰਜਨ ਦਾ ਉਤਪਾਦਨ ਤੇਜ਼ ਗਤੀ ਨਾਲ ਹੋ ਸਕਦਾ ਹੈ। ਦੂਜਾ, ਅਜਿਹੇ ਇੰਜਨਾਂ ਵਿਚ ਸੁਰੱਖਿਆ ਸਹੂਲਤਾਂ ਯਕੀਨੀ ਬਣਾਉਣੀਆਂ ਹੋਣਗੀਆਂ ਕਿਉਂਕਿ ਹਾਈਡ੍ਰੋਜਨ ਪੈਟਰੋਲ ਜਾਂ ਕਿਸੇ ਹੋਰ ਰਵਾਇਤੀ ਈਂਧਨ ਦੀ ਤੁਲਨਾ ਵਿਚ ਜ਼ਿਆਦਾ ਵਿਸਫੋਟਕ ਹੈ। ਤੀਜਾ ਮੁੱਦਾ ਇਹ ਹੈ ਕਿ ਗਰੀਨ ਹਾਈਡ੍ਰੋਜਨ ਦੇ ਉਤਪਾਦਨ ਵਿਚ ਸੂਰਜੀ ਅਤੇ ਪੌਣ ਊਰਜਾ ਵਿਚ ਨਿਵੇਸ਼ ਦੀ ਜ਼ਰੂਰਤ ਹੋਵੇਗੀ।
ਇਹ ਸਭ ਇਕ ਬਿਹਤਰ ਭਵਿੱਖ ਦੀ ਉਮੀਦ ਜਗਾਉਂਦਾ ਹੈ ਜਿੱਥੇ ਅਸੀਂ ਨਾ ਸਿਰਫ਼ ਸਾਫ਼ ਹਵਾ ਯਕੀਨੀ ਬਣਾਉਣ ਵਿੱਚ ਕਾਮਯਾਬ ਹੋਵਾਂਗੇ ਬਲਕਿ ਤੇਲ ਦੀ ਖ਼ਰੀਦ ਦੇ ਖ਼ਰਚੇ ਨੂੰ ਬਚਾ ਕੇ ਅਰਥਚਾਰੇ ਨੂੰ ਵੀ ਇਕ ਵੱਡਾ ਸਹਾਰਾ ਦੇਵਾਂਗੇ ਭਾਰਤ 'ਚ ਹਾਈਡ੍ਰੋਜਨ ਨਾਲ ਚੱਲਣ ਵਾਲੇ ਵਾਹਨਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਸਾਲ 2022 ਦੌਰਾਨ ਦੇਸ਼ ਦੀਆਂ ਸੜਕਾਂ 'ਤੇ ਇਸ ਊਰਜਾ ਨਾਲ 72 ਹਜ਼ਾਰ ਵਾਹਨ ਦੌੜ ਰਹੇ ਸਨ ਜੋ 2021 ਨਾਲੋਂ 40% ਵੱਧ ਸਨ। ਇਨ੍ਹਾਂ ਵਾਹਨਾਂ ਦਾ ਇਕ ਕੌੜਾ ਤੱਥ ਇਹ ਵੀ ਹੈ ਕਿ ਹਾਈਡ੍ਰੋਜਨ ਈਂਧਨ ਸੈੱਲ ਤਕਨਾਲੋਜੀ ਦਾ ਨਿਰਮਾਣ ਕਰਨਾ ਤੇ ਉਸ ਦਾ ਰੱਖ-ਰਖਾਅ ਬਹੁਤ ਮਹਿੰਗਾ ਹੈ ਜਿਸ ਕਾਰਨ ਇਸ ਊਰਜਾ ਨਾਲ ਚੱਲਣ ਵਾਲੇ ਵਾਹਨ ਵੀ ਕਾਫ਼ੀ ਮਹਿੰਗੇ ਹੋ ਜਾਂਦੇ ਹਨ। ਇਨ੍ਹਾਂ ਦੇ ਮੁਕਾਬਲੇ ਇਲੈਕਟ੍ਰਿਕ ਵਾਹਨ ਕਾਫ਼ੀ ਸਸਤੇ ਹੁੰਦੇ ਹਨ। ਉਂਜ ਸਸਤੇ ਹਾਈਡ੍ਰੋਜਨ ਵਾਹਨ ਤਿਆਰ ਕਰਨ ਲਈ ਵੱਖੋ-ਵੱਖਰੀਆਂ ਤਕਨਾਲੋਜੀਆਂ ਵਿਕਸਤ ਕੀਤੀਆਂ ਜਾ ਰਹੀਆਂ ਹਨ।

***

## ਦੇਸ਼ ਪੰਜਾਬ ਲਈ ਪੰਜਾਬੀਆਂ

ਮਸਲਾ ਫਿਰ ਓਹੀਓ ਹੀ ਹੈ ਕਿ ਏਦਾਂ ਕਿਉਂ? ਸਵਾਲਾਂ ਦੀਆਂ ਪਰਤਾਂ ਮਜ਼ਬੂਤੀ ਨਾਲ ਵਧੀ ਜਾ ਰਹੀਆਂ ਹਨ। ਪੰਜਾਬ ਦੇ ਜਾਏ ਧੌਣਾਂ ਸੁੱਟੀ ਪਤਾ ਨਹੀਂ ਕਿਹੜੀ ਗੈਬੀ ਸ਼ਕਤੀ ਦੀ ਉਡੀਕ ਕਰ ਰਹੇ ਹਨ। ਸੰਸਾਰ ਵਿੱਚ ਕੌਣ ਹੈ ਜੋ ਪੰਜਾਬ ਨੂੰ ਪੰਜਾਬ ਰੱਖਣ ਲਈ ਸੱਚੇ ਦਿਲੋਂ ਕੰਮ ਕਰੇਗਾ। ਐਸਾ ਹਮਦਰਦ ਸਾਰੇ ਸੰਸਾਰ ਵਿਚੋਂ ਲੱਭਿਆਂ ਵੀ ਨਹੀਂ ਲੱਭਣਾ! ਹਾਲਾਤ ਇਹ ਬਣਾ ਲਏ ਅਗਲਿਆਂ ਨੇ। ਆਪਣੇ ਘਰ ਨੂੰ ਅੱਗ ਲੱਗ ਗਈ ਘਰ ਦੇ ਚਿਰਾਗ਼ ਤੋਂ
ਇੱਥੇ ਫਿਰ ਹੋ ਕੀ ਸਕਦਾ ਹੈ?
ਧੰਨ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਨੇ ਸਾਡਾ ਪੰਜਾਬੀਓ ਹੱਥ ਫੜਨਾ ਤੇ ਮਾਰਗ ਦਰਸ਼ਨ ਕਰਨਾ ਹੈ। ' ਆਪਨ ਹਥੀ ਆਪਨਾ ਆਪੇ ਹੀ ਕਾਜ ਸਵਾਰੀਐ॥'
ਕਦੋਂ ਉਠਣਾ ਆਪਾਂ ? ਕਿਸ ਦਾ ਇੰਤਜ਼ਾਰ ਹੈ? ਪੰਜਾਬੀਓ ਹੋ ਅੱਜ ਵੀ ਸਭ ਕੁਝ ਸਕਦਾ ਹੈ। ਰਤਾ ਵੀ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਪੰਜਾਬ ਨੂੰ ਆਪਣਾ ਕਹਿਣ ਤੇ ਮੰਨਣ ਦੀ ਸੱਚੇ ਦਿਲੋਂ ਲੋੜ ਹੈ। 'ਨਹ ਬਿਲੰਬ ਧਰਮੰ ਬਿਲੰਬ ਪਾਪੰ ॥'
ਆਓ ਜੀ ਪੰਜਾਬੀਓ ਉਠੀਏ! ਬਿਨਾ ਦੇਰ ਉੱਠੀਏ!!
ਉੱਠ ਪੰਜਾਬੀਆ ਉੱਠ ਬੈਠ! ਨਹੀਂ ਜੱਗ ਵਿੱਚ ਕੋਈ ਸਾਨੀ ਤੇਰਾ।
ਤੇਰੇ ਸੁੱਤੇ ਹੋਣ ਕਰਕੇ ਹੀ ਹੈ ਪੰਜਾਬੀਆ! ਤੇਰੇ ਚਾਰੇ ਤਰਫ ਅੰਧੇਰਾ।
ਆਓ ਮਨਾਂ ਦੀ ਮੈਲ ਧੋ ਲਈਏ! ਮੰਨ ਲਈਏ ਪੰਜਾਬ ਸਾਡਾ ਹੈ। ਮੈਂ ਪੰਜਾਬੀ ਹਾਂ, ਮੇਰੀ ਮਾਂ ਬੋਲੀ ਪੰਜਾਬੀ ਸੀ, ਹੈ ਤੇ ਰਹੇਗੀ।
ਜੋੜੀਏ ਸਿਰ ਪੰਜਾਬ ਦੇ ਜਾਏ।
ਭਾਵੇਂ ਪਹਿਲਾਂ ਥੋੜੇ ਹੀ ਉੱਠਣ। ਦਰ- ਦਰ ਸਭ ਕੋਲ ਜਾ ਪੰਜਾਬ ਦੀ ਸਹੀ ਸਲਾਮਤੀ ਲਈ ਸੰਗ ਸ਼ਰਮ ਛੱਡ ਝੋਲੀ ਅੱਡ ਖੈਰ ਮੰਗਣ।

***

## ਹਰਿਆਣਾ ਪੁਲਿਸ ਵੱਲੋਂ ਕਿਸਾਨ ਮੋਰਚੇ

ਇਸ ਦੌਰਾਨ ਉਸ ਦੇ ਨੇੜੇ ਅੱਥਰੂ ਗੈਸ ਦਾ ਇੱਕ ਗੋਲਾ ਡਿੱਗਿਆ। ਇਸ ਕਾਰਨ ਉਸ ਨੂੰ ਕੁਝ ਨਹੀਂ ਦਿਸਿਆ। ਇਸ ਮਗਰੋਂ ਪੁਲਿਸ ਮੁਲਾਜ਼ਮਾਂ ਨੇ ਪ੍ਰਿਤਪਾਲ 'ਤੇ ਡਾਂਗਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੌਰਾਨ ਪੁਲਿਸ ਵਾਲੇ ਉਸ ਨੂੰ ਘੜੀਸ ਕੇ ਲੈ ਗਏ।
ਪ੍ਰਿਤਪਾਲ ਸਿੰਘ ਦੇ ਭਰਾ ਗੁਰਜੀਤ ਸਿੰਘ ਨੇ ਦੱਸਿਆ ਕਿ ਪ੍ਰਿਤਪਾਲ ਨੂੰ ਅਗਵਾ ਕਰਨ ਵਾਲੇ ਵਿਅਕਤੀ ਹਰਿਆਣਾ ਪੁਲਿਸ ਦੇ ਮੁਲਾਜ਼ਮ ਸਨ ਜਿਨ੍ਹਾਂ ਨੇ ਵਰਦੀ ਨਹੀਂ ਪਹਿਨੀ ਹੋਈ ਸੀ ਸਗੋਂ ਆਮ ਕੱਪੜੇ ਪਾਏ ਹੋਏ ਸਨ। ਗੁਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਉਸ ਨੂੰ ਬੋਰੀ ਵਿੱਚ ਪਾਇਆ, ਡੰਡਿਆਂ ਨਾਲ ਬਹੁਤ ਕੁੱਟਿਆ ਅਤੇ ਅੱਧ ਮਰਿਆ ਕਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਨੇ ਪਰਿਵਾਰ ਵਾਲਿਆਂ ਨਾਲ ਪ੍ਰਿਤਪਾਲ ਦੀ ਗੱਲ ਕਰਵਾਈ ਅਤੇ ਉਸ ਨੂੰ ਰੋਹਤਕ ਦੇ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ। ਉਨ੍ਹਾਂ ਅੱਗੇ ਦੱਸਿਆ, ਜਦੋਂ ਅਸੀਂ ਪ੍ਰਿਤਪਾਲ ਨੂੰ ਮਿਲੇ ਤਾਂ ਉਸ ਦਾ ਜਬਾੜਾ ਟੁੱਟਿਆ ਹੋਇਆ ਸੀ, ਦੋਵੇਂ ਲੱਤਾਂ ਵਿੱਚ ਤਿੰਨ ਫ਼ਰੈਕਚਰ ਸਨ ਅਤੇ ਸਿਰ ਵਿੱਚ ਕਈ ਥਾਂਵਾਂ ਉੱਤੇ ਟਾਂਕੇ ਲੱਗੇ ਹੋਏ ਹਨ।
ਪ੍ਰਿਤਪਾਲ ਸਿੰਘ ਦੇ ਪਿੰਡ ਨਵਾਂ ਗਾਓਂ ਦੇ ਸਰਪੰਚ ਕੁਲਵੰਤ ਸਿੰਘ ਦੱਸਦੇ ਹਨ ਕਿ ਪ੍ਰਿਤਪਾਲ ਸਿੰਘ ਦਾ ਪਿੰਡ ਖਨੌਰੀ ਬਾਰਡਰ ਦੇ ਨੇੜੇ ਹੀ ਪੈਂਦਾ ਹੈ ਅਤੇ ਉਹ ਢਾਈ ਏਕੜ ਜ਼ਮੀਨ ਦਾ ਮਾਲਕ ਹੈ। ਉਨ੍ਹਾਂ ਦੱਸਿਆ ਕਿ ਪ੍ਰਿਤਪਾਲ ਸਿੰਘ ਨੇ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਉਹ ਕਿਸਾਨ ਅੰਦੋਲਨ ਵਿੱਚ ਹਿੱਸਾ ਲੈਣ ਲਈ ਆਇਆ ਸੀ। ਉਨ੍ਹਾਂ ਇਹ ਇਲਜ਼ਾਮ ਲਗਾਇਆ ਕਿ ਪ੍ਰਿਤਪਾਲ ਉੱਤੇ ਹੋਇਆ ਤਸ਼ੱਦਦ ਖਾੜਕੂਵਾਦ ਅਤੇ 1984 ਦੀ ਯਾਦ ਦਿਵਾਉਂਦਾ ਹੈ। ਉਹ ਕਹਿੰਦੇ ਹਨ ਕਿ ਪ੍ਰਿਤਪਾਲ ਸਿੰਘ ਦੀ ਸਰੀਰਕ ਹਾਲਤ ਬੇਹੱਦ ਮਾੜੀ ਹੈ।

***

## ਸੜਕ ਹਾਦਸੇ ਰੋਕਣ ਲਈ

ਮੁਤਾਬਿਕ ਸਿਰਫ਼ 47.9-ਫ਼ੀਸਦੀ ਕਾਰਨਾਂ ਕਰਕੇ ਦੋਸ਼ੀਆਂ ਵਿਰੁੱਧ ਅਪਰਾਧ ਸਾਬਤ ਹੋਏ ਹਨ। ਸੜਕ ਹਾਦਸਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ 50-ਫ਼ੀਸਦੀ ਤੱਕ ਰਹਿੰਦੀ ਹੈ। ਭਾਵ 50 ਫ਼ੀਸਦੀ ਟੱਕਰ ਮਾਰਨ ਵਾਲੇ ਦੋਸ਼ੀ ਚਾਲਕ ਆਸਾਨੀ ਨਾਲ ਬਰੀ ਹੋ ਜਾਂਦੇ ਹਨ।
ਇੱਕ ਵਿਡੰਵਨਾ ਇਹ ਵੀ ਹੈ ਕਿ ਸੜਕ ਹਾਦਸਿਆਂ ਦੀ ਪੁਲਿਸ ਰਿਪੋਰਟ ਵਿੱਚ ਘਟਨਾ ਵਾਲੀ ਸੜਕ ਦੀ ਹਾਲਤ, ਹਾਦਸੇ ਵਿੱਚ ਸ਼ਾਮਲ ਗੱਡੀ ਦੀ ਫਿਟਨੈਸ ਤੇ ਸਪੀਡ ਕਿੰਨੀ ਸੀ, ਦੀ ਕੋਈ ਵੀ ਜਾਣਕਾਰੀ ਜਾਂ ਹਵਾਲਾ ਹੀ ਨਹੀਂ ਦਿੱਤਾ ਜਾਂਦਾ ਹੈ। ਜਦ ਕਿ ਮਾਣਯੋਗ ਸੁਪਰੀਮ ਕੋਰਟ ਨੂੰ ਹਰ ਵਾਰੀ ਪੁਲਿਸ ਦੀਆਂ ਇੰਨ੍ਹਾਂ ਰਿਪੋਰਟਾਂ ਵਿੱਚ ਉਪਰੋਕਤ ਜਾਣਕਾਰੀ ਦੇਣ ਲਈ ਕਿਹਾ ਗਿਆ ਹੈ। "ਹਿੱਟ ਐਂਡ ਰਨ" ਦੇ ਮਾਮਲੇ ਵਿੱਚ ਗੰਭੀਰ ਰੂਪ ਵਿੱਚ ਜ਼ਖਮੀ ਦੇ ਕੋਲ ਮੁਫ਼ਤ ਇਲਾਜ਼ ਵਾਲਾ "ਆਯੂਸ਼ਮਾਨ ਕਾਰਡ ਜਾਂ ਚਕਿਸਤਾ ਬੀਮਾ" ਨਹੀਂ ਹੈ, ਤਾਂ ਇਲਾਜ਼ ਦਾ ਸਾਰਾ ਖਰਚਾ ਜ਼ਖਮੀ ਨੂੰ ਆਪਣੇ ਕੋਲੋਂ ਹੀ ਖਰਚ ਕਰਨਾ ਪੈਂਦਾ ਹੈ। ਜ਼ਖਮੀ ਦੀ ਮੌਤ ਹੋ ਜਾਣ ਦੀ ਸਥਿਤੀ ਵਿੱਚ ਵੀ ਪਰਿਵਾਰ ਨੂੰ ਕੋਈ ਆਰਥਿਕ ਮਦਦ ਨਹੀਂ ਦਿੱਤੀ ਜਾਂਦੀ ਤੇ ਨਾ ਹੀ ਮਿਲਦੀ ਹੈ। ਸਰਕਾਰੀ ਬੇਰੁਖੀ ਕਿੰਨੀ ਹੈ? ਦੇਸ਼ ਭਰ ਵਿੱਚ ਸੜਕ ਹਾਦਸਿਆਂ ਵਿੱਚ ਸ਼ਿਕਾਰ ਹੋਣ ਵਾਲੇ 18 ਤੋਂ 45 ਸਾਲ ਦੇ 66.5- ਫ਼ੀਸਦੀ ਨੌਜਵਾਨ ਹਨ। ਜਦ ਕਿ ਇਨ੍ਹਾਂ ਵਿਚੋਂ ਮਰਨ ਵਾਲਿਆਂ ਵਿੱਚ 83.4-ਫ਼ੀਸਦੀ ਲੋਕ ਕੰਮ-ਕਾਜੀ ਵਰਗ ਵਿਚੋਂ ਹੁੰਦੇ ਹਨ। ਇਨ੍ਹਾਂ ਹਾਲਾਤਾਂ ਵਿੱਚ ਮਰਨ ਵਾਲੇ ਵਿਅਕਤੀ ਦਾ ਪਰਿਵਾਰ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਬੱਚਿਆਂ ਦਾ ਭੱਵਿਖ ਵੀ ਬਰਬਾਦ ਹੋ ਜਾਂਦਾ ਹੈ। ਇਸ ਦੇ ਨਾਲ ਹੀ ਕੰਮ-ਕਾਜੀ ਅਤੇ ਨੌਜਵਾਨਾਂ ਦੀ ਇਹੋ ਜਿਹੀ ਮੌਤ ਦੇ ਨਾਲ ਦੇਸ਼ ਦੀ ਜੀ.ਡੀ.ਪੀ. ਵਿੱਚ ਹਰ ਸਾਲ 6-ਫ਼ੀਸਦੀ ਦਾ ਨੁਕਸਾਨ ਹੁੰਦਾ ਹੈ। ਮੋਟਰ ਵਾਹਨ ਹਾਦਸੇ ਦੇ ਨਿਯਮਾਂ ਦੇ ਉੱਪਬੰਧ 104(2) ਵਿੱਚ 'ਹਿੱਟ ਐਂਡ ਰਨ' ਵਿੱਚ ਸ਼ਾਮਲ ਦੋਸ਼ੀ ਚਾਲਕ ਦੀਆਂ ਕੁੱਝ ਮਨੁੱਖਤਾਵਾਦੀ ਜਿੰਮੇਦਾਰੀਆਂ ਤੈਅ ਕਰਨ ਦੇ ਨਾਲ-ਨਾਲ ਦੰਡ(ਸਜ਼ਾ) ਦਾ ਵਿਧਾਨ ਵੀ ਕੀਤਾ ਗਿਆ ਹੈ। ਪ੍ਰੰਤੂ ਇਨ੍ਹਾਂ ਸੜਕੀ ਹਾਦਸਿਆਂ ਵਿੱਚ ਜ਼ਖਮੀ ਅਤੇ ਮੌਤ ਹੋਣ ਤੋਂ ਬਾਅਦ ਪਰਿਵਾਰ ਨੂੰ ਮੁਫ਼ਤ ਇਲਾਜ ਅਤੇ ਗੁਜਾਰੇ ਜੋਗੀ ਆਰਥਿਕ ਮਦਦ ਦੇਣ ਦੀ ਵੀ ਕੋਈ ਵਿਵਸਥਾ ਨਹੀਂ ਹੈ। ਮ੍ਰਿਤਕ ਦੇ ਪਰਿਵਾਰ ਨੂੰ ਦੋ ਲੱਖ ਅਤੇ ਜ਼ਖਮੀ ਹੋਣ ਵਾਲੇ ਨੂੰ ਸਿਰਫ਼ 50,000/- ਰੁਪਏ ਦੀ ਆਰਥਿਕ ਮਦਦ, ਇਸ ਮਹਿੰਗਾਈ ਦੇ ਦੌਰ ਵਿੱਚ ਦੇਣ ਦਾ ਨਾ ਤਾਂ ਕੋਈ ਵਿਧਾਨ ਹੈ, ਤੇ ਨਾ ਹੀ ਉਚਿੱਤ ਸਮਝਿਆ ਗਿਆ ਹੈ। ਸੜਕਾਂ ਦਾ ਗਲਤ ਡੀਜ਼ਾਈਨ, ਧਾਰਮਿਕ ਅਸਥਾਨ ਅਤੇ ਸੜਕਾਂ ਦੇ ਕਿਨਾਰਿਆਂ 'ਤੇ ਖੜੇ ਅਣਗਿਣਤ ਵਾਹਨ (ਗੱਡੀਆਂ) ਨਾਲ ਹੋਣ ਵਾਲੇ ਹਾਦਸਿਆਂ ਵਿੱਚ ਜ਼ਖਮੀ ਤੇ ਪੀੜਤਾਂ ਦੇ ਪਰਿਵਾਰਾਂ ਨੂੰ ਆਰਥਿਕ ਮੁਅਵਜ਼ੇ ਦੇਣ ਵਿੱਚ ਸਰਕਾਰ ਫੇਲ੍ਹ ਰਹੀ ਹੈ। ਦੇਸ਼ ਦੀ ਖੇਤੀ ਪ੍ਰਧਾਨ ਸੂਬੇ (ਰਾਜ) ਪੰਜਾਬ, ਹਰਿਆਣਾ, ਮੱਧ-ਪ੍ਰਦੇਸ਼, ਛੱਤੀਸਗੜ 'ਤੇ ਉੱਤਰ ਪ੍ਰਦੇਸ਼ ਵਿੱਚ ਸੜਕ ਹਾਦਸਿਆਂ ਦਾ ਮੁੱਖ ਕਾਰਨ ਖੇਤੀ-ਬਾੜੀ ਫਸਲ ਦੀ ਢੋਆ-ਢੋਆਈ 'ਚ ਸਿਰਫ਼ ਟਰੈਕਟਰ-ਟਰਾਲੀ ਦਾ ਵਰਤਣਾ ਹੀ ਹੈ। ਕਈ ਵਾਰੀ ਟਰਾਲੀ ਉੱਪਰ ਲਾਲ ਬੱਤੀ ਨਾ ਹੋਣ ਕਾਰਨ ਰਾਤ ਦੇ ਸਮੇਂ ਇਹੋ ਜਿਹੇ ਹਾਦਸੇ ਜ਼ਿਆਦਾ ਵਾਪਰਦੇ ਹਨ ਪਰ ਅਫਸੋਸ ਹੈ, ਕਿ ਪੇਂਡੂ ਖਿੱਤਿਆਂ ਵਿਚੋਂ ਜਾਣ ਵਾਲੇ ਕਿਸਾਨ ਜਦੋਂ ਰਾਸ਼ਟਰੀ ਤੇ ਰਾਜ ਮਾਰਗੀ ਰਸਤਿਆਂ 'ਤੇ ਜਾਂਦੇ ਹਨ ਤਾਂ ਇਹੋ ਜਿਹੇ ਸਮੇਂ 'ਤੇ ਲਗਾਤਾਰ ਹਾਦਸੇ ਹੁੰਦੇ ਹਨ। ਪਰ ਇਹੋ ਜਿਹੇ ਲਗਾਤਾਰ ਹੋਣ ਵਾਲੇ ਹਾਦਸਿਆਂ ਦੇ ਬਾਵਜੂਦ ਵੀ ਸਰਕਾਰ ਵੱਲੋਂ ਇਨ੍ਹਾਂ ਰਾਜ ਮਾਰਗਾਂ ਦੀ ਹਿਫਾਜਤ ਲਈ ਕੋਈ ਉਚੇਚਾ ਕਦਮ ਨਹੀਂ ਚੁੱਕਿਆ ਹੈ ਅਤੇ ਨਾ ਹੀ ਸਰਕਾਰ ਨੇ ਕਦੀ ਇਸ ਪਾਸੇ ਵੱਲ ਧਿਆਨ ਹੀ ਦਿੱਤਾ ਹੈ। ਜਿਸ ਨਾਲ ਹੋ ਰਹੀਆਂ ਸੜਕ ਹਾਦਸਿਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਸਰਕਾਰਾਂ ਵੱਲੋਂ ਉਚੇਚਾ ਧਿਆਨ ਦੇਣਾ ਪਏਗਾ। ਅੱਜ ਦੇਸ਼ ਭਰ ਵਿੱਚ ਸ਼ਰਾਬ ਪੀ ਕੇ ਤੇ ਨਸ਼ੀਲੀਆਂ ਦਵਾਈਆਂ ਖਾ ਕੇ, ਗੱਡੀ ਚਲਾਉਂਦਿਆ, ਵੀ.ਡੀ.ਓ. ਬਣਾਉਣੀ, ਛੋਟੇ-ਛੋਟੇ ਬੱਚਿਆਂ ਵੱਲੋਂ ਕਾਰਾਂ 'ਤੇ ਦੋ ਪਹੀਏ ਵਾਹਨ ਚਲਾਉਣ ਵਾਲੀਆਂ ਗੱਡੀਆਂ ਦੇ ਡਰਾਈਵਰਾਂ ਕਾਰਨ ਹੀ 1.9-ਫ਼ੀਸਦੀ ਦੁਰਘਟਨਾਵਾਂ ਹੁੰਦੀਆਂ ਹਨ ਪਰ ਸੂਬਿਆਂ ਦੀਆਂ ਸਰਕਾਰਾਂ ਦੀ ਪੁਲਿਸ ਇਹੋ ਜਿਹੇ ਲੋਕਾਂ ਨੂੰ ਸਿੱਖਿਅਤ ਕਰਨ ਦੀ ਥਾਂ, ਸਖਤੀ ਨਾਲ ਇਨ੍ਹਾਂ 'ਤੇ ਦਬਾਓ ਪਾ ਕੇ ਇਹੋ ਜਿਹੇ ਅਨਸਰਾਂ ਨੂੰ ਕਾਬੂ ਕਰਨ ਦੇ ਅੰਕੜੇ ਜਾਰੀ ਕਰ ਦਿੰਦੀ ਹੈ। ਭਾਵੇਂ! ਰਾਜ ਮਾਰਗਾਂ 'ਤੇ ਸ਼ਰਾਬ ਦੀ ਹੋ ਰਹੀ ਵਿਕਰੀ 'ਤੇ ਸਰਕਾਰਾਂ ਕਹਿੰਦੀਆਂ ਹਨ ਕਿ ਅਸੀਂ ਰੋਕ ਲਾ ਲਈ ਹੈ, ਪਰ! ਫਿਰ ਵੀ ਚੋਰੀ ਛਿਪੇ ਇਹ ਧੰਦਾ ਜੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਸਗੋਂ ਸੜਕਾਂ 'ਤੇ ਢਾਬਿਆਂ ਅਤੇ ਦੁਕਾਨਾਂ 'ਤੇ ਆਮ ਸ਼ਰਾਬ ਮਿਲ ਰਹੀ ਹੈ। 2021 ਦੀ ਰਿਪੋਰਟ ਮੁਤਾਬਿਕ ਗੱਡੀ ਵਿੱਚ ਸੀਟ ਬੈਲਟ ਨਾ ਲਾਉਣ ਕਾਰਨ 39,231 ਲੋਕ ਇਨ੍ਹਾਂ ਘਟਨਾਵਾਂ ਦਾ ਸ਼ਿਕਾਰ ਹੋਏ ਹਨ। ਜਦ ਕਿ ਬਗੈਰ ਹੈਲਮਿਟ ਦੇ ਕਾਰਨ 93,763 ਲੋਕ ਜ਼ਖਮੀ ਹੋਏ ਹਨ। ਆਪਣੇ ਆਪ ਦੀ ਜਿੰਦਗੀ ਦੀ ਲਾਪਰਵਾਹੀ 'ਤੇ ਪੁਲਿਸ ਪ੍ਰਸ਼ਾਸਨ ਦੀ ਅਣਦੇਖੀ ਕਾਰਨ ਦੇਸ਼ ਵਿੱਚ ਸੜਕ ਸੁਰੱਖਿਆ ਕਾਨੂੰਨ ਨਾਲ ਲਗਾਤਾਰ ਖਿਲਵਾੜ ਹੋ ਰਿਹਾ ਹੈ। ਸੈਲ-ਫੋਨ ਲਾ ਕੇ ਗੱਡੀ ਚਲਾਉਣੀ ਅਪਰਾਧ ਹੈ ਪਰ! ਹਰ ਪਾਸੇ ਇਹ ਵਰਤਾਰਾ ਚੱਲ ਰਿਹਾ ਹੈ, ਜਦ ਕਿ ਜਿੰਮੇਦਾਰ ਨਾਗਰਿਕਾਂ ਵੱਲੋਂ ਤੇ ਸੰਗਠਿਨ ਲੋਕਾਂ ਵੱਲੋਂ ਨਿਆਂਪਾਲਿਕਾਂ ਅਤੇ ਰਾਜਤੰਤਰ ਪਾਸੋਂ ਜਨਹਿਤ ਪਟੀਸ਼ਨਾਂ ਰਾਹੀਂ ਸੜਕੀ ਦੁਰਘਟਨਾਵਾਂ ਰੋਕਣ ਤੇ ਸੜਕੀ ਨਿਯਮਾਂ ਦਾ ਪਾਲਣ ਕਰਾਉਣ ਦੀ ਮੰਗ ਕਰਦੇ ਆ ਰਹੇ ਹਨ, ਪਰ ਅਦਾਲਤੀ ਆਦੇਸ਼ 'ਤੇ ਇੱਕ ਦੋ ਹਫਤਿਆਂ ਬਾਅਦ ਉਸ ਤੋਂ ਪਾਸਾ ਵੱਟ ਲਿਆ ਜਾਂਦਾ ਹੈ। ਭਾਵੇਂ ਹਾਕਮਾਂ ਨੇ "ਹਿੱਟ ਐਂਡ ਰਨ" ਨਾਲ ਜੁੜੇ ਹੋਏ ਸੜਕ ਸੁਰੱਖਿਆ ਪ੍ਰਤੀ ਹੋਣ ਵਾਲੀਆਂ ਦੁਰਘਟਨਾਵਾਂ ਨੂੰ ਇਕਤਰਫਾ ਰੋਕਣ ਲਈ ਭਾਰਤੀ ਦੰਡ, ਵਿਧਾਨ ਨਿਆ ਸਹਿੰਤਾ ਕਾਨੂੰਨ ਜਲਦੀ-ਜਲਦੀ ਬਿਨ੍ਹਾਂ ਚਰਚਾ ਕਰਵਾਏ ਸੰਸਦ ਵਿੱਚ ਕੇਂਦਰ ਸਰਕਾਰ ਨੇ ਪਾਸ ਕਰਵਾ ਲਿਆ ਹੈ। ਜੋ ਚੋਖੀ ਬਹਿਸ ਦਾ ਵਿਸ਼ਾ ਸੀ; ਪਰ ਸੜਕਾਂ ਤੇ ਦੇਸ਼ ਦੀ ਆਰਥਿਕਤਾ ਨੂੰ ਇੱਕ ਥਾਂ ਤੋਂ ਦੂਸਰੀ ਥਾਂ ਪਹੁੰਚਾਉਣ ਵਾਲੀ ਕਿਰਤ ਸ਼ਕਤੀ ਨੂੰ ਵੀ ਬਾਕੀ ਲੋਕ ਵਿਰੋਧੀ ਕਾਨੂੰਨਾਂ ਵਾਂਗ "ਹਿੱਟ ਐਂਡ ਰਨ ਕਾਨੂੰਨ" ਪਾਸ ਕਰਕੇ ਇਸ ਕਿਰਤ ਸ਼ਕਤੀ ਨੂੰ ਵੀ ਨੱਥ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਸੜਕ ਕਿਰਤ ਸ਼ਕਤੀ ਦੀ ਏਕਤਾ ਨੇ ਹਾਕਮਾਂ ਨੂੰ ਕੁਝ ਦਿਨਾਂ ਅੰਦਰ ਹੀ ਆਪਸੀ ਏਕਤਾ ਦੇ ਬਲ-ਬੂਤੇ ਇਸ ਕਿਰਤ ਸ਼ਕਤੀ ਦੇ ਵਿਰੁੱਧ ਬਣੇ ਕਾਨੂੰਨ ਨੂੰ ਰੋਕਣ ਲਈ ਕੇਂਦਰ ਸਰਕਾਰ ਨੂੰ ਮਜਬੂਰ ਕਰ ਦਿੱਤਾ ਅਤੇ ਸਰਕਾਰ ਨੂੰ ਉਨ੍ਹਾਂ ਅੱਗੇ ਝੁਕਣਾ ਪਿਆ। ਕਾਨੂੰਨ ਲੋਕ ਪੱਖੀ ਅਤੇ ਲੋਕ ਸਹਿਮਤੀ ਨਾਲ ਬਣਾਉਣੇ ਚਾਹੀਦੇ ਹਨ ਨਾ ਕੇ ਲੋਕਾਂ ਨੂੰ ਨਰੜ ਕਰਨ ਲਈ। ਚਾਹੀਦਾ ਤਾਂ ਇਹ ਹੈ, ਕਿ ਦੇਸ਼ ਅੰਦਰ ਸੜਕ ਆਵਾਜਾਈ, ਪਰਿਵਹਿਣ, ਰਾਜਤੰਤਰ ਅਤੇ ਸੜਕ ਨਿਯਮ, ਜੋ ਲੋਕ ਅਨੁਕੂਲ ਹੋਣ, ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਵਾਲਾ ਢਾਂਚਾ ਹੋਵੇ ਅਤੇ ਫਿਰ ਸੜਕ ਕਿਰਤ ਸ਼ਕਤੀ ਨਾਲ ਗੱਲਬਾਤ ਕਰਕੇ ਸਰਕਾਰ ਨੂੰ ਅੱਗੇ ਵੱਧਣਾ ਚਾਹੀਦਾ ਸੀ ਪਰ ਸਰਕਾਰ ਵੱਲੋਂ ਇੱਕ ਤਰਫ਼ਾ ਪੁੱਟਿਆ ਕਦਮ ਨਾ ਤਾਂ ਪਹਿਲਾਂ ਹੀ ਤੇ ਨਾ ਹੀ ਹੁਣ ਕੁੱਝ ਹਾਂ ਪੱਖੀ ਨਤੀਜੇ ਕੱਢੇਗਾ? ਇਹ 'ਹਿੱਟ ਐਂਡ ਰਨ' ਸੰਹਿਤਾ ਕਾਨੂੰਨ ਜੋ ਹਾਕਮਾ ਨੇ ਸੰਸਦ ਵਿੱਚ ਪੇਸ਼ ਕੀਤਾ ਹੈ, ਇਹ ਇੱਕ ਤਰਫ਼ਾ ਕਾਨੂੰਨ ਸੀ। ਟਰੱਕ ਮਾਲਕਾਂ, ਕਿਰਤੀਆਂ ਅਤੇ ਇਸ ਕਿੱਤੇ ਵਿੱਚ ਸ਼ਾਮਲ ਲੋਕਾਂ ਨੇ ਬੜੀ ਗੰਭੀਰਤਾ ਅਤੇ ਅਹਿਮੀਅਤ ਨੂੰ ਸਮਝਦੇ ਹੋਏ ਲੋਕਾਂ ਦੇ ਹਿੱਤ 'ਚ ਕਦਮ ਪੁੱਟਿਆ ਹੈ ਪਰ ਹੁਣ ਪਾਲਾ ਹਾਕਮਾਂ ਪਾਸੇ ਹੈ, ਕਿ ਕੀ ਉਹ ਸੜਕ ਹਾਦਸੇ ਰੋਕਣ ਲਈ ਕਿਹੋ ਜਿਹਾ ਲੋਕ ਪੱਖੀ ਕਦਮ ਪੁੱਟਦੇ ਹਨ, ਜੋ ਪੁਰਾਣੇ ਬਸਤੀਵਾਦੀ ਵਿਰੋਧੀ ਅਤੇ ਜਨਪੱਖੀ ਹੋਵੇਗਾ? ਲੋਕ ਰਾਏ ਇਹ ਹੈ ਕਿ ਆਮ ਲੋਕਾਂ ਨੂੰ ਪੇਸ਼ ਹੋ ਰਹੀਆਂ ਪੇਚੀਦਗੀਆਂ ਦਾ ਹੱਲ ਹੋਣਾ ਚਾਹੀਦਾ ਹੈ। ਨਾ ਕਿ 2024 ਲਈ ਰਾਜਨੀਤਕ ਲਾਭ ਲਈ ਇੱਕ ਚਾਲ ਜੋ ਚੋਣਾਂ ਜਿੱਤਣ ਲਈ ਹੋਵੇ। ਇਸ ਪ੍ਰਤੀ ਲੋਕਾਂ ਨੂੰ ਤੇ ਆਮ ਕਿਰਤੀਆਂ ਨੂੰ ਜਾਗਰਿਤ ਕਰਨਾ ਜ਼ਰੂਰੀ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON
jus PUNJABI HD
sling
CREDIBILITY
RELIABILITY
Minute to Minute Coverage of Punjab Elections

Punjabi Super Pack
20 channels for only $25/month on
sling
SCAN ME TO SUBSCRIBE

Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com